Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA


FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 873, 25th Sep. to 01st Oct., 2025, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ ਨੇ 20 ਲੱਖ ਤੋਂ ਵੱਧ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਦਾ ਰਸਤਾ ਦਿਖਾਇਆ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਹੁਦਾ ਸੰਭਾਲਣ ਤੋਂ ਬਾਅਦ ਸੰਯੁਕਤ ਰਾਜ ਅਮਰੀਕਾ ਵਿਚ ਰਹਿ ਰਹੇ 20 ਲੱਖ ਤੋਂ ਵੱਧ ਗੈਰ ਕਾਨੂੰਨੀ ਪ੍ਰਵਾਸੀਆਂ ਨੇ ਸਵੈ-ਇੱਛਾ ਨਾਲ ਦੇਸ਼ ਨਿਕਾਲੇ ਦੀ ਚੋਣ ਕੀਤੀ ਹੈ ਜਾਂ ਉਨ੍ਹਾਂ ਨੂੰ ਇਥੋਂ ਜ਼ਬਰਦਸਤੀ ਹਟਾ ਦਿੱਤਾ ਗਿਆ ਹੈ। ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ ਨੇ ਮੰਗਲਵਾਰ ਸਵੇਰੇ ਐਲਾਨ ਕੀਤਾ ਕਿ ਜਨਵਰੀ ਦੇ ਅਖੀਰ ਤੋਂ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਦੁਆਰਾ 4 ਲੱਖ ਤੋਂ ਵੱਧ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਹੈ। ਗ੍ਰਹਿ ਸੁਰੱਖਿਆ ਵਿਭਾਗ 20 ਜਨਵਰੀ, 2026 ਤੱਕ 6 ਲੱਖ ਹੋਰ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ ਵਿਚੋਂ ਕੱਢੇਗਾ। ਇੱਥੇ ਇਹ ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਟਰੰਪ ਨੇ ਪਹਿਲਾਂ ਹੀ ਕਿਹਾ ਸੀ ਕਿ 1 ਸਾਲ ਵਿਚ 1 ਮਿਲੀਅਨ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ




ਅਮਰੀਕਾ ਵਿਚੋਂ ਕੱਢਿਆ ਜਾਵੇਗਾ। ਇਸ ਤੋਂ ਇਲਾਵਾ ਸਰਕਾਰ ਦੁਆਰਾ ਗ੍ਰਿਫ਼ਤਾਰੀਆਂ, ਨਜ਼ਰਬੰਦੀ ਅਤੇ ਦੇਸ਼ ਨਿਕਾਲੇ ਦਾ ਸਾਹਮਣਾ ਕਰਨ ਦੀ ਬਜਾਏ 16 ਲੱਖ ਲੋਕਾਂ ਨੇ ਖੁਦ ਹੀ ਅਮਰੀਕਾ ਛੱਡਣ ਦੀ ਚੋਣ ਕੀਤੀ ਹੈ।

ਇੰਨੇ ਥੋੜ੍ਹੇ ਸਮੇਂ ਵਿਚ ਰਾਸ਼ਟਰਪਤੀ ਟਰੰਪ ਦੀ ਸਖਤੀ ਅਤੇ ਹੋਮਲੈਂਡ ਸਕਿਓਰਿਟੀ ਸੈਕਟਰੀ ਕ੍ਰਿਸਟੀ ਨੋਇਮ ਦੀ ਅਗਵਾਈ ਵਿਚ ਹੁਣ ਤੱਕ ਦਾ ਇਹ ਸਭ ਤੋਂ ਵੱਡਾ ਐਕਸ਼ਨ ਲਿਆ ਗਿਆ ਹੈ। ਅਮਰੀਕੀ ਇਤਿਹਾਸ ਵਿਚ ਪਹਿਲਾਂ ਇਹ ਕਦੇ ਵੀ ਨਹੀਂ ਹੋਇਆ। ਕੁੱਝ ਸਮਾਂ ਪਹਿਲਾਂ ਟਰੰਪ ਦੇ ਸੱਤਾ ਸੰਭਾਲਣ ਤੋਂ ਬਾਅਦ ਇਮੀਗ੍ਰੇਸ਼ਨ ਨੀਤੀ ਨੂੰ ਲਾਗੂ ਕਰਨ 'ਚ ਤੇਜ਼ੀ ਲਿਆਉਣ ਲਈ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਸਵੈ-ਇੱਛਾ ਨਾਲ ਦੇਸ਼ ਛੱਡਣ ਦਾ ਸੁਨੇਹਾ ਦਿੱਤਾ ਗਿਆ ਸੀ, ਜੋ ਕਿ ਕਾਮਯਾਬ ਰਿਹਾ। ਹੋਮਲੈਂਡ ਸਕਿਓਰਿਟੀ ਸੈਕਟਰੀ ਕ੍ਰਿਸਟੀ ਨੋਇਮ ਨੇ ਅਗਸਤ ਦੇ ਅੱਧ ਵਿਚ ਕਿਹਾ ਸੀ ਕਿ ਹੁਣ ਤੱਕ 1.6 ਮਿਲੀਅਨ ਗੈਰ ਕਾਨੂੰਨੀ ਪ੍ਰਵਾਸੀ ਅਮਰੀਕਾ ਛੱਡ ਗਏ ਹਨ। ਇਸ ਤੋਂ ਬਾਅਦ ਲਗਭਗ 6 ਹਫਤਿਆਂ ਵਿਚ 4 ਲੱਖ ਲੋਕ ਸਵੈ-ਇੱਛਾ ਨਾਲ ਅਮਰੀਕਾ ਛੱਡ ਕੇ ਆਪਣੇ ਦੇਸ਼ਾਂ ਨੂੰ ਵਾਪਸ ਚਲੇ ਗਏ ਹਨ।

ਅਮਰੀਕੀ ਪ੍ਰਸ਼ਾਸਨ ਵੱਲੋਂ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਇਥੋਂ ਕੱਢਣ ਲਈ 10 ਹਜ਼ਾਰ ਹੋਰ ਅਧਿਕਾਰੀਆਂ ਨੂੰ ਨਿਯੁਕਤ ਕੀਤਾ ਗਿਆ ਹੈ। ਇਹ ਸਾਰਾ ਕੁੱਝ ਟਰੰਪ ਦੇ 'ਵਨ ਬਿਗ ਬਿਊਟੀਫੁੱਲ' ਬਿੱਲ ਦੇ ਅਧੀਨ ਹੋ ਰਿਹਾ ਹੈ।

## ਟਰੰਪ ਪ੍ਰਸ਼ਾਸਨ ਵੱਲੋਂ ਇਮੀਗ੍ਰੇਸ਼ਨ ਦੇ 20 ਜੱਜ ਬਰਖਾਸਤ

**ਵਾਸ਼ਿੰਗਟਨ, ਡੀ.ਸੀ. (ਪੰਜਾਬ ਮੇਲ)**- ਟਰੰਪ ਪ੍ਰਸ਼ਾਸਨ ਵੱਲੋਂ ਇਮੀਗ੍ਰੇਸ਼ਨ ਦੇ 20 ਜੱਜਾਂ ਨੂੰ ਈਮੇਲ ਭੇਜ ਕੇ ਉਨ੍ਹਾਂ ਨੂੰ ਆਪਣਾ ਅਹੁਦਾ ਛੱਡਣ ਦੇ ਹੁਕਮ ਜਾਰੀ ਕੀਤੇ ਗਏ ਹਨ। 14 ਇਮੀਗ੍ਰੇਸ਼ਨ ਜੱਜਾਂ ਨੂੰ ਪਹਿਲਾਂ ਹੀ ਛੁੱਟੀ 'ਤੇ ਭੇਜਿਆ ਗਿਆ ਸੀ। ਬਾਅਦ ਵਿਚ ਉਨ੍ਹਾਂ ਨੂੰ ਈਮੇਲ ਆਈ ਕਿ ਉਨ੍ਹਾਂ ਦੀ ਨੌਕਰੀ ਖਤਮ ਕੀਤੀ ਜਾ ਰਹੀ ਹੈ। ਇਮੀਗ੍ਰੇਸ਼ਨ ਜੱਜਾਂ ਦੀ ਫੈਡਰੇਸ਼ਨ ਵੱਲੋਂ ਇਕ ਬਿਆਨ ਜਾਰੀ ਕਰਕੇ ਦੱਸਿਆ ਗਿਆ ਹੈ ਕਿ ਇਹ ਜੱਜ ਵੱਖ-ਵੱਖ ਸਟੇਟਾਂ ਤੋਂ ਸਨ। ਉਨ੍ਹਾਂ ਕਿਹਾ ਕਿ ਜੱਜਾਂ ਦੀ ਬਰਖਾਸਤਗੀ ਕਾਰਨ ਕੈਲੀਫੋਰਨੀਆ, ਵਾਸ਼ਿੰਗਟਨ, ਫਲੋਰੀਡਾ, ਨਿਊਯਾਰਕ, ਮੈਰੀਲੈਂਡ ਰਾਜਾਂ ਦੀਆਂ ਅਦਾਲਤਾਂ ਪ੍ਰਭਾਵਿਤ ਹੋਣਗੀਆਂ। ਵਕੀਲਾਂ ਦਾ ਕਹਿਣਾ ਹੈ ਕਿ ਇਹ ਬਰਖਾਸਤਗੀਆਂ ਟਰੰਪ ਪ੍ਰਸ਼ਾਸਨ ਦੇ ਇਮੀਗ੍ਰੇਸ਼ਨ ਲਾਗੂ ਕਰਨ ਦੇ ਟੀਚਿਆਂ ਦੇ ਉਲਟ ਜਾਪਦੀਆਂ ਹਨ। ਪਰ ਪ੍ਰਸ਼ਾਸਨ ਇਸ ਗੱਲ ਦਾ ਵਿਰੋਧ ਕਰਦਾ ਹੋਇਆ ਕਹਿੰਦਾ ਹੈ ਕਿ



ਇਮੀਗ੍ਰੇਸ਼ਨ ਜੱਜਾਂ ਨੇ ਆਪਣੇ ਵਧਦੇ ਕੇਸਾਂ ਦੇ ਭਾਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਸੰਭਾਲਿਆ ਹੈ। ਇਹ ਬਰਖਾਸਤਗੀਆਂ ਇਸ ਲਈ ਵੀ ਹੋਈਆਂ ਹਨ ਕਿਉਂਕਿ ਟਰੰਪ ਪ੍ਰਸ਼ਾਸਨ ਦੇਸ਼ ਨਿਕਾਲੇ ਦੀ ਗਿਣਤੀ ਵਧਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਇਸ 'ਤੇ ਕਈ ਜੱਜ ਆਦੇਸ਼ਾਂ ਨੂੰ ਅਸਵੀਕਾਰ ਕਰ ਦਿੰਦੇ ਹਨ।

ਇਸ ਸਮੇਂ ਜਦੋਂ ਬੈਕਲਾਗ ਇਤਿਹਾਸਕ ਪੱਧਰ 'ਤੇ ਪਹੁੰਚ ਗਿਆ ਹੈ, ਪ੍ਰਸ਼ਾਸਨ ਨੇ ਇਮੀਗ੍ਰੇਸ਼ਨ ਲਾਗੂ ਕਰਨ ਨੂੰ ਇਕ ਕੇਂਦਰੀ ਮੁੱਦਾ ਬਣਾਇਆ ਹੋਇਆ ਹੈ। ਤਜ਼ਰਬੇਕਾਰ ਜੱਜਾਂ ਨੂੰ ਹਟਾਇਆ ਜਾ ਰਿਹਾ ਹੈ। ਯੂਨੀਅਨ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਪ੍ਰਵਾਸੀਆਂ ਲਈ ਨਿਆਂ ਵਿਚ ਹੋਰ ਦੇਰੀ ਹੋਵੇਗੀ। ਇਸ ਵੇਲੇ ਇਨ੍ਹਾਂ ਬਰਖਾਸਤਗੀਆਂ ਕਾਰਨ ਬਹੁਤ ਸਾਰੇ ਕਰਮਚਾਰੀਆਂ ਅੰਦਰ ਡਰ ਦਾ ਮਾਹੌਲ ਬਣਿਆ ਹੋਇਆ ਹੈ।

ਕਾਂਗਰਸ ਸਦਨ ਨੇ ਨਿਆਂ ਵਿਭਾਗ ਨੂੰ ਇਮੀਗ੍ਰੇਸ਼ਨ ਨਾਲ ਸੰਬੰਧਤ ਗਤੀਵਿਧੀਆਂ ਲਈ 3 ਬਿਲੀਅਨ ਡਾਲਰ ਤੋਂ ਵੱਧ ਦੀ ਅਲਾਟਮੈਂਟ ਵਾਲੇ ਇਕ ਮੈਗਾ ਖਰਚ ਬਿੱਲ ਨੂੰ ਮਨਜ਼ੂਰੀ ਦਿੱਤੀ ਹੈ। ਇਨ੍ਹਾਂ ਫੰਡਾਂ ਨਾਲ ਇਮੀਗ੍ਰੇਸ਼ਨ ਦੇ ਹੋਰ ਜੱਜਾਂ ਨੂੰ ਨਿਯੁਕਤ ਕੀਤਾ ਜਾਵੇਗਾ ਅਤੇ ਅਦਾਲਤਾਂ ਵਿਚ ਨਵੀਨੀਕਰਨ ਕੀਤਾ ਜਾਵੇਗਾ। ਇਸ ਨਾਲ ਬੈਕਲਾਗ ਨੂੰ ਘਟਾਉਣ ਵਿਚ ਮਦਦ ਮਿਲੇਗੀ। ਪਰ ਨਵੇਂ ਜੱਜਾਂ ਨੂੰ ਨਿਯੁਕਤ ਕਰਨ ਅਤੇ ਸਿਖਲਾਈ ਦੇਣ ਲਈ 1 ਸਾਲ ਤੋਂ ਵੱਧ ਦਾ ਸਮਾਂ ਲੱਗ ਸਕਦਾ ਹੈ।

ਇਸ ਮਹੀਨੇ ਦੇ ਸ਼ੁਰੂ 'ਚ ਲਗਭਗ 600 ਫੌਜੀ ਵਕੀਲਾਂ ਨੂੰ ਅਸਥਾਈ ਇਮੀਗ੍ਰੇਸ਼ਨ ਜੱਜਾਂ ਵਜੋਂ ਨਿਆਂ ਵਿਭਾਗ 'ਚ ਕੰਮ ਕਰਨ ਲਈ ਨਿਯੁਕਤ ਕੀਤਾ ਗਿਆ ਹੈ।

## ਹੁਣ ਕਾਨੂੰਨੀ ਤੌਰ 'ਤੇ ਵੀ ਅਮਰੀਕਾ ਜਾਣਾ ਸੌਖਾ ਨਹੀਂ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ 'ਚ ਕੰਮ ਕਰਨ ਵਾਲੇ ਭਾਰਤੀਆਂ ਲਈ ਰਸਤਾ ਹੋਰ ਵੀ ਮੁਸ਼ਕਲ ਹੁੰਦਾ ਜਾ ਰਿਹਾ ਹੈ। ਨਾ ਸਿਰਫ ਐੱਚ-1ਬੀ ਵੀਜ਼ਾ ਦੀ ਘਾਟ ਹੈ, ਸਗੋਂ ਭਾਰਤੀ ਪਰਿਵਾਰਾਂ ਅਤੇ ਵਿਦਿਆਰਥੀਆਂ ਲਈ ਹੋਰ ਜ਼ਰੂਰੀ ਵੀਜ਼ਾ, ਜਿਵੇਂ ਕਿ ਐੱਚ4 (ਪਰਿਵਾਰ ਲਈ), ਐੱਫ1 (ਵਿਦਿਆਰਥੀਆਂ ਲਈ), ਐੱਲ1 (ਕੰਪਨੀ ਟ੍ਰਾਂਸਫਰ ਲਈ) ਅਤੇ ਐੱਲ2 (ਇਨ੍ਹਾਂ ਵੀਜ਼ਾ ਧਾਰਕਾਂ ਦੇ ਪਰਿਵਾਰਕ ਮੈਂਬਰਾਂ ਲਈ), ਵਿਚ ਵੀ ਕਾਫ਼ੀ ਗਿਰਾਵਟ ਆਈ ਹੈ। ਰਿਪੋਰਟ ਅਨੁਸਾਰ, ਪਿਛਲੇ ਤਿੰਨ ਸਾਲਾਂ ਵਿਚ ਭਾਰਤ ਨੂੰ ਇਨ੍ਹਾਂ ਵੀਜ਼ਾ ਸ਼੍ਰੇਣੀਆਂ ਵਿਚ ਸਭ ਤੋਂ ਵੱਧ ਨੁਕਸਾਨ ਹੋਇਆ ਹੈ, ਜਦੋਂਕਿ ਚੀਨ, ਨੇਪਾਲ ਅਤੇ ਵੀਅਤਨਾਮ ਵਰਗੇ ਦੇਸ਼ਾਂ ਨੂੰ ਫਾਇਦਾ ਹੋਇਆ ਹੈ।

ਇਸ ਸਾਲ ਮਈ ਤੱਕ ਸਿਰਫ਼ 46,982 ਐੱਚ4 ਵੀਜ਼ਾ ਜਾਰੀ ਕੀਤੇ ਗਏ ਸਨ, ਜੋ ਕਿ ਐੱਚ-1ਬੀ ਵੀਜ਼ਾ ਰੱਖਣ ਵਾਲਿਆਂ ਦੇ ਪਰਿਵਾਰਕ ਮੈਂਬਰਾਂ ਨੂੰ ਜਾਰੀ ਕੀਤੇ ਜਾਂਦੇ ਹਨ, ਜਦੋਂਕਿ 2023 ਵਿਚ ਇਸੇ ਸਮੇਂ 71,130 ਸਨ। ਇਹ ਲਗਭਗ 34% ਦੀ ਭਾਰੀ ਕਮੀ ਨੂੰ ਦਰਸਾਉਂਦਾ ਹੈ। ਇਸ ਦੌਰਾਨ ਮੈਕਸੀਕੋ ਨੇ ਆਪਣੇ ਐੱਚ4 ਵੀਜ਼ਾ ਦੁੱਗਣੇ ਕਰ ਦਿੱਤੇ ਹਨ ਅਤੇ ਘਾਨਾ, ਦੱਖਣੀ ਅਫਰੀਕਾ ਅਤੇ ਫਿਲੀਪੀਨਜ਼ ਵਿਚ ਵੀ ਤੇਜ਼ੀ ਨਾਲ ਵਾਧਾ ਹੋਇਆ ਹੈ। ਚੀਨ ਨੇ ਵੀ ਇਸ ਵੀਜ਼ਾ ਵਿਚ 10.7% ਵਾਧਾ ਦੇਖਿਆ ਹੈ।

ਐੱਫ1 ਵਿਦਿਆਰਥੀ ਵੀਜ਼ਾ ਦੀ




ਸਥਿਤੀ ਹੋਰ ਵੀ ਚਿੰਤਾਜਨਕ ਹੈ। ਭਾਰਤ ਨੂੰ ਇਹ ਵੀਜ਼ਾ 2023 ਵਿਚ ਲਗਭਗ 17,800 ਤੋਂ ਪ੍ਰਾਪਤ ਹੋਏ ਸਨ, ਜੋ ਹੁਣ ਘੱਟ ਕੇ ਸਿਰਫ 11,484 ਰਹਿ ਗਏ ਹਨ। ਇਹ ਲਗਭਗ 35% ਦੀ ਕਮੀ ਨੂੰ ਦਰਸਾਉਂਦਾ ਹੈ। ਜਦੋਂਕਿ ਚੀਨ ਨੇ ਲਗਭਗ 10% ਦਾ ਵਾਧਾ ਦੇਖਿਆ ਹੈ, ਵੀਅਤਨਾਮ ਵਿਚ 40% ਤੋਂ ਵੱਧ ਦਾ ਵੱਡਾ ਵਾਧਾ ਦੇਖਿਆ ਗਿਆ ਹੈ ਅਤੇ ਨੇਪਾਲ ਵਿਚ 260% ਤੋਂ ਵੱਧ ਦਾ ਵੱਡਾ ਵਾਧਾ ਦੇਖਿਆ ਗਿਆ ਹੈ। ਜ਼ਿੰਬਾਬਵੇ ਅਤੇ ਕੀਨੀਆ ਵਰਗੇ ਅਫਰੀਕੀ ਦੇਸ਼ਾਂ ਵਿਚ ਵੀ ਤਿੰਨ ਅੰਕਾਂ ਦਾ ਵਾਧਾ ਦੇਖਿਆ ਗਿਆ ਹੈ।

ਭਾਰਤ ਨੇ ਐੱਲ1 ਵੀਜ਼ਾ ਵਿਚ ਵੀ ਲਗਭਗ 28% ਦੀ ਕਮੀ ਦੇਖੀ ਹੈ, ਜੋ ਕਿ ਕੰਪਨੀ ਦੇ ਅੰਦਰ ਟ੍ਰਾਂਸਫਰ ਲਈ ਹਨ। ਐੱਲ2 ਵੀਜ਼ਾ ਵਿਚ ਵੀ ਲਗਭਗ 38% ਦੀ ਗਿਰਾਵਟ ਦੇਖੀ ਗਈ ਹੈ। ਇਸ ਦੌਰਾਨ ਚੀਨ ਨੇ ਕ੍ਰਮਵਾਰ 64% ਅਤੇ 43% ਦਾ ਮਹੱਤਵਪੂਰਨ ਵਾਧਾ ਦੇਖਿਆ ਹੈ। ਇਜ਼ਰਾਈਲ, ਵੀਅਤਨਾਮ, ਮਲੇਸ਼ੀਆ ਅਤੇ ਬ੍ਰਾਜ਼ੀਲ ਨੇ ਵੀ ਐੱਲ1 ਅਤੇ ਐੱਲ2 ਵੀਜ਼ਾ ਵਿਚ ਮਹੱਤਵਪੂਰਨ ਵਾਧਾ ਦੇਖਿਆ ਹੈ।

■ ਬਾਕੀ ਖਬਰ ਸਫਾ 18 'ਤੇ

## ਅਮਰੀਕੀ ਸਰਕਾਰ ਵੱਲੋਂ ਨਵਾਂ ਐੱਚ-1ਬੀ ਵੀਜ਼ਾ ਸਿਸਟਮ ਪੇਸ਼

**ਵਾਸ਼ਿੰਗਟਨ, (ਪੰਜਾਬ ਮੇਲ)**-ਟਰੰਪ ਪ੍ਰਸ਼ਾਸਨ ਨੇ ਐੱਚ-1ਬੀ ਵੀਜ਼ਾ ਸਿਸਟਮ ਵਿਚ ਇੱਕ ਵੱਡਾ ਬਦਲਾਅ ਪ੍ਰਸਤਾਵਿਤ ਕੀਤਾ ਹੈ। ਇਸ ਨਵੇਂ ਨਿਯਮ ਤਹਿਤ ਵੀਜ਼ਾ ਪ੍ਰਕਿਰਿਆ ਵਿਚ ਵਧੇਰੇ ਹੁਨਰਮੰਦ ਅਤੇ ਬਿਹਤਰ ਤਨਖਾਹ ਵਾਲੇ ਵਿਦੇਸ਼ੀ ਕਾਮਿਆਂ ਨੂੰ ਤਰਜੀਹ ਦਿੱਤੀ ਜਾਵੇਗੀ। ਇਹ ਜਾਣਕਾਰੀ ਜਾਰੀ ਕੀਤੇ ਗਏ ਇੱਕ ਸਰਕਾਰੀ ਨੋਟਿਸ ਵਿਚ ਦਿੱਤੀ ਗਈ ਸੀ।

**■ ਵਧੇਰੇ ਹੁਨਰਮੰਦ ਤੇ ਬਿਹਤਰ ਤਨਖਾਹ ਵਾਲੇ ਵਿਦੇਸ਼ੀ ਕਾਮਿਆਂ ਨੂੰ ਦਿੱਤੀ ਜਾਵੇਗੀ ਤਰਜੀਹ**




ਜੇਕਰ ਕਿਸੇ ਦਿੱਤੇ ਗਏ ਸਾਲ ਵਿਚ ਐੱਚ-1ਬੀ ਵੀਜ਼ਾ ਲਈ ਵਧੇਰੇ ਅਰਜ਼ੀਆਂ ਆਉਂਦੀਆਂ ਹਨ ਅਤੇ ਘੱਟ ਉਪਲਬਧ ਵੀਜ਼ਾ ਹੁੰਦੇ ਹਨ, ਤਾਂ ਲਾਟਰੀ ਸਿਸਟਮ ਵਿਚ ਸੋਧ ਕੀਤੀ ਜਾਵੇਗੀ। ਤਨਖਾਹ ਪੱਧਰ ਬਣਾਏ ਜਾਣਗੇ, ਜਿਸ ਵਿਚ ਉੱਚ ਤਨਖਾਹ ਵਾਲੇ ਅਹੁਦਿਆਂ 'ਤੇ ਵੀਜ਼ਾ ਪ੍ਰਾਪਤ ਕਰਨ ਦੀ ਸੰਭਾਵਨਾ ਵਧੇਰੇ ਹੋਵੇਗੀ। ਇਸਦਾ ਉਦੇਸ਼ ਕੰਪਨੀਆਂ ਨੂੰ ਅਮਰੀਕੀ ਕਾਮਿਆਂ ਨੂੰ ਤਰਜੀਹ ਦੇਣ ਅਤੇ ਘੱਟ ਤਨਖਾਹ 'ਤੇ ਵਿਦੇਸ਼ੀ ਕਾਮਿਆਂ ਨੂੰ ਨੌਕਰੀ 'ਤੇ ਰੱਖਣ ਦੇ ਅਨੁਚਿਤ ਅਭਿਆਸ ਨੂੰ ਰੋਕਣ ਲਈ ਹੈ।

ਟਰੰਪ ਪ੍ਰਸ਼ਾਸਨ ਨੇ 19 ਸਤੰਬਰ ਨੂੰ ਇੱਕ ਆਦੇਸ਼ ਜਾਰੀ ਕੀਤਾ, ਜਿਸ ਵਿਚ ਨਵੀਆਂ ਐੱਚ-1ਬੀ ਵੀਜ਼ਾ ਅਰਜ਼ੀਆਂ ਲਈ 7.5 ਮਿਲੀਅਨ ਰੁਪਏ (ਲਗਭਗ 100,000 ਡਾਲਰ) ਦੀ ਫੀਸ ਨਿਰਧਾਰਤ ਕੀਤੀ ਗਈ। ਪਹਿਲਾਂ ਇਹ ਫੀਸ ਕੰਪਨੀ ਦੇ ਆਕਾਰ ਦੇ ਆਧਾਰ 'ਤੇ 15,000 ਰੁਪਏ ਤੋਂ 3.75 ਮਿਲੀਅਨ ਰੁਪਏ (215 ਡਾਲਰ ਤੋਂ 5,000 ਡਾਲਰ) ਤੱਕ ਸੀ। ਇਹ ਵਾਧਾ ਮਜ਼ਦੂਰਾਂ ਦੀ ਘਾਟ ਤੋਂ ਪ੍ਰਭਾਵਿਤ ਬਹੁਤ ਸਾਰੇ ਛੋਟੇ ਕਾਰੋਬਾਰਾਂ ਲਈ ਮਹੱਤਵਪੂਰਨ ਹੋ ਸਕਦਾ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਦਾ ਕਹਿਣਾ ਹੈ ਕਿ ਇਹ ਬਦਲਾਅ ਅਗਲੇ ਕੁਝ ਸਾਲਾਂ ਵਿਚ ਐੱਚ-1ਬੀ ਕਰਮਚਾਰੀਆਂ ਦੀਆਂ ਕੁੱਲ ਤਨਖਾਹਾਂ ਵਿਚ ਕਈ ਗੁਣਾ ਵਾਧਾ ਕਰੇਗਾ। ਵਿੱਤੀ ਸਾਲ 2026 ਅਤੇ 2035 ਦੇ ਵਿਚਕਾਰ ਕੁੱਲ ਤਨਖਾਹਾਂ ਵਿਚ 20 ਬਿਲੀਅਨ ਡਾਲਰ ਤੋਂ ਵੱਧ ਦਾ ਵਾਧਾ ਹੋਵੇਗਾ। ਸਰਕਾਰ ਦਾ ਦਾਅਵਾ ਹੈ ਕਿ ਇਸ ਨਾਲ ਵੀਜ਼ਾ ਪ੍ਰੋਗਰਾਮ ਦੀ ਦੁਰਵਰਤੋਂ ਘੱਟ ਹੋਵੇਗੀ ਅਤੇ ਅਮਰੀਕੀ ਕਰਮਚਾਰੀਆਂ ਲਈ ਰੁਜ਼ਗਾਰ ਵਧੇਗਾ।

**1984 ਦੰਗੇ**

## ਦਿੱਲੀ ਅਦਾਲਤ ਵੱਲੋਂ ਸੱਜਣ ਕੁਮਾਰ ਵਿਰੁੱਧ ਕੇਸ ਅੰਤਿਮ ਬਹਿਸ ਲਈ ਸੂਚੀਬੱਧ

**ਨਵੀਂ ਦਿੱਲੀ, (ਪੰਜਾਬ ਮੇਲ)**- ਦਿੱਲੀ ਦੀ ਰਾਊਜ਼ ਐਵੇਨਿਊ



ਅਦਾਲਤ ਨੇ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਖਿਲਾਫ ਕੇਸ ਨੂੰ ਅੰਤਿਮ ਬਹਿਸ ਲਈ ਸੂਚੀਬੱਧ ਕਰ ਦਿੱਤਾ ਹੈ, ਜਿਸ ਲਈ ਤਰੀਕ 29 ਅਕਤੂਬਰ ਐਲਾਨੀ ਗਈ ਹੈ। ਸੱਜਣ ਕੁਮਾਰ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਇੱਕ ਕੇਸ ਵਿਚ ਜਨਕਪੁਰੀ ਅਤੇ ਵਿਕਾਸ ਪੁਰੀ ਪੁਲਿਸ ਸਟੇਸ਼ਨਾਂ ਵਿਚ ਦਰਜ ਐੱਫ.ਆਈ.ਆਰਜ਼ ਨਾਲ ਜੁੜੇ ਕੇਸ ਦਾ ਸਾਹਮਣਾ ਕਰ ਰਿਹਾ ਹੈ।

■ ਬਾਕੀ ਖਬਰ ਸਫਾ 18 'ਤੇ

## 28 ਸਤੰਬਰ ਨੂੰ ਹੋਣ ਵਾਲੇ ਕਬੱਡੀ ਕੱਪ ਲਈ ਤਿਆਰੀਆਂ ਮੁਕੰਮਲ


**ਸਟਾਕਟਨ, (ਪੰਜਾਬ ਮੇਲ)**-ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਸੈਕਰਾਮੈਂਟੋ ਵੱਲੋਂ ਅੰਤਰਰਾਸ਼ਟਰੀ ਕਬੱਡੀ ਕੱਪ 28 ਸਤੰਬਰ, ਦਿਨ ਐਤਵਾਰ ਨੂੰ, ਸਵੇਰੇ 11 ਵਜੇ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਅਮਰੀਕਨ ਕਬੱਡੀ ਫੈਡਰੇਸ਼ਨ ਯੂ.ਐੱਸ.ਏ. ਦੇ ਬੈਨਰ ਹੇਠ ਹੋਣ ਵਾਲੇ ਕਬੱਡੀ ਦੇ ਇਸ ਮਹਾਂਕੁੰਭ 'ਚ ਚੋਟੀ ਦੇ ਅੰਤਰਰਾਸ਼ਟਰੀ ਖਿਡਾਰੀ ਹਿੱਸਾ



ਲੈਣ ਲਈ ਪਹੁੰਚ ਰਹੇ ਹਨ।

ਇਸ ਕਬੱਡੀ ਕੱਪ ਲਈ ਸੁਰੱਖਿਆ ਦੇ ਖਾਸ ਇੰਤਜ਼ਾਮ ਹੋਣਗੇ। ਔਰਤਾਂ ਦੇ ਬੈਠਣ ਦਾ ਖਾਸ ਪ੍ਰਬੰਧ ਕੀਤਾ ਜਾਵੇਗਾ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਪ੍ਰਬੰਧਕਾਂ ਵੱਲੋਂ ਸਮੂਹ ਭਾਈਚਾਰੇ ਨੂੰ ਬੇਨਤੀ ਕੀਤੀ ਗਈ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਇਸ ਕਬੱਡੀ ਕੱਪ ਦੌਰਾਨ ਕੋਈ ਵੀ ਨਸ਼ਾ ਜਾਂ ਹਥਿਆਰ ਲੈ ਕੇ ਆਉਣਾ ਸਖਤ ਮਨ੍ਹਾ ਹੋਵੇਗਾ। ਇਸ ਮੌਕੇ ਹੁੰਮਹੁਮਾ ਕੇ ਪਹੁੰਚੋ ਅਤੇ ਕਬੱਡੀ ਕੱਪ ਦਾ ਆਨੰਦ ਮਾਣੋ।

ਹੋਰ ਜਾਣਕਾਰੀ ਲਈ ਗੁਰਮੀਤ ਸਿੰਘ ਵੜੈਚ ਨੂੰ ਫੋਨ ਨੰਬਰ 916-240-0369, ਪਰਗਟ ਸੰਧੂ : 209-810-5667, ਰਣਧੀਰ ਧੀਰਾ ਨਿੱਜਰ : 916-416-9527 ਜਾਂ ਹੈਪੀ ਬਰਿਆਣਾ ਨੂੰ 916-240-4110 'ਤੇ ਸੰਪਰਕ ਕੀਤਾ ਜਾ ਸਕਦਾ ਹੈ।


THIS CUP IS DEDICATED TO LALLY DHESI AND SIKANDER SINGH GREWAL
AMERICAN KABADDI FEDERATION
SHAHEED BABA DEEP SINGH SPORTS ACADEMY
SACRAMENTO KABADDI CUP 2025
LALLI DHESI
SIKANDER SINGH GREWAL
SIKH TEMPLE 7676 BRADSHAW ROAD, SACRAMENTO, CA 95829
SACRAMENTO KABADDI CUP 2025
THE LEGEND KABADDI SUPPORTER
SACRAMENTO CALIFORNIA
SACRAMENTO CALIFORNIA
THE LEGEND KABADDI PROMOTER
SACRAMENTO KABADDI CUP 2025
ਇਸ ਖੇਡ ਮੇਲੇ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
ਬੀਬੀਆਂ ਦੇ ਬੈਠਣ ਦਾ ਪ੍ਰਬੰਧ ਅਲੱਗ ਹੋਵੇਗਾ।
ਸ਼ਰਤਾਂ ਦੇ ਨਿਯਮ :
ਅਮੈਰਿਕਨ ਕਬੱਡੀ ਫੈਡਰੇਸ਼ਨ ਆਫ ਯੂ.ਐਸ.ਏ. ਵੱਲੋਂ ਬਣੇ ਨਿਯਮ ਅਤੇ ਸ਼ਰਤਾਂ ਸਮੂਹ ਟੀਮਾਂ ਅਤੇ ਖਿਡਾਰੀਆਂ ਤੇ ਲਾਗੂ ਹੋਣਗੀਆਂ।
ਸਮੂਹ ਭਾਈਚਾਰੇ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਖੇਡ ਮੇਲੇ ਦੌਰਾਨ ਕੋਈ ਨਸ਼ਾ ਜਾਂ ਹਥਿਆਰ ਲੈ ਕੇ ਆਉਣਾ ਸਖਤ ਮਨ੍ਹਾ ਹੈ।
YADHA SURKHPURIA
PALA JALALPURIA
MANGI BAGGA PIND
KHUSHI DUGGAN
SATTU KHADOOR SAHIB
FULL SECURITY
Sunday, September 28, 2025
PARGAT SINGH
GURMEET WARAICH
NINDI THANDI
SHERU BHATIA
SONY KANG
GURDEV TOOR
SUKH KULLAR
SHARANJIT GILL
PINDI SANDHU
HAPPY AULAKH
INDERJIT SINGH
BHUPINDER SANGHERA
BHINDA CHAHAL
SUKHDEV GILL
RAVI NAGRA
RANVEER SINGH
SABI HAYER
PAUL BUTTAR
BALWINDER SANDHU
PIARA SANDHU
BALJIT SANDHU
PAMMA ATWAL
GINDA PALWAN
PAMMA LIDHAR
KEHAR SINGH GILL
GURJIT DEOL
BALPREET BRAR
FOR MORE INFO
ਹੋਰ ਜਾਣਕਾਰੀ ਲਈ
TARLOCHAN ATWAL 916-416-0144
DHEERA NIJJAR 916-416-9527
HAPPY BARIANA 916-240-4110
BITTU RANDHAWA 916-897-1752
HARRY SANGHA 209-663-3270
GOLDY LALLY 916-275-8825
AMERICAN KABADDI FEDERATION
www.youtube.com/LIVEKABADDI
QUIK SIGNS
www.facebook.com/LIVEKABADDI



ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਵੱਲੋਂ

ਅਮਰੀਕਨ ਕਬੱਡੀ ਫੈਡਰੇਸ਼ਨ ਯੂ.ਐੱਸ.ਏ. ਦੇ ਸਹਿਯੋਗ ਨਾਲ

# SACRAMENTO INTERNATIONAL KABADDI CUP 2025

## Sunday, September 28, 2025

**Sikh Temple, 7676 Bradshaw Road, Sacramento 95829**

## ਸੈਕਰਾਮੈਂਟੋ ਇੰਟਰਨੈਸ਼ਨਲ ਕਬੱਡੀ ਕੱਪ 2025





**28**
**ਸਤੰਬਰ 2025**
**ਦਿਨ ਐਤਵਾਰ**

ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਦੇ ਮੈਦਾਨ ਵਿਚ ਕਰਵਾਇਆ ਜਾਵੇਗਾ।

**ਇਸ ਵਿਚ ਚੋਟੀ ਦੇ ਅੰਤਰਰਾਸ਼ਟਰੀ ਖਿਡਾਰੀ ਹਿੱਸਾ ਲੈਣਗੇ।**

ਸੁਰੱਖਿਆ ਦੇ ਖਾਸ ਇੰਤਜ਼ਾਮ ਹੋਣਗੇ।

ਔਰਤਾਂ ਦੇ ਬੈਠਣ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ।

ਸਮੂਹ ਭਾਈਚਾਰੇ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਖੇਡ ਮੇਲੇ ਦੌਰਾਨ ਕੋਈ ਵੀ ਨਸ਼ਾ ਜਾਂ ਹਥਿਆਰ ਲੈ ਕੇ ਆਉਣਾ ਸਖਤ ਮਨ੍ਹਾ ਹੈ।



ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

ਸ਼ਰਤਾਂ ਤੇ ਨਿਯਮ: ਅਮਰੀਕਨ ਕਬੱਡੀ ਫੈਡਰੇਸ਼ਨ ਯੂ.ਐੱਸ.ਏ. ਵੱਲੋਂ ਬਣਾਏ ਨਿਯਮ ਅਤੇ ਸ਼ਰਤਾਂ ਸਮੂਹ ਟੀਮਾਂ ਅਤੇ ਖਿਡਾਰੀਆਂ 'ਤੇ ਲਾਗੂ ਹੋਣਗੀਆਂ।

Designed By Punjab Mail USA

Contact for More Info:

| Gurmeet Singh Waraich | Pargat Sandhu | Randhir Dhira Nijjar | Happy Bariana |
|---|---|---|---|
| 916-240-0369 | 209-810-5667 | 916-416-9527 | 916-240-4110 |


AMERICAN KABADDI FEDERATION EST. 2025
AMERICAN KABADDI FEDERATION USA
VARINDER DHANOA
BHAGDEEP SINGH
KEEPA TANDA
BABBU KHERA MISSISSIPPI
RAMAN SIDHU
HARSIMRAN SINGH
JEETI GREWAL CHAIRMAN
RANDHIR SINGH NIJJAR
KULDEEP SINGH WARAICH
LUCKY SAPRA
GURDEV UPPAL NEW JERSEY
HAPPY BARIANA
BUTTA CHAHAL
SONU UPPAL
NARINDER SIDHU (ATLANTA)
HARDEEP SINGH BABLU
HAPPY SANGHA
SANDIP SINGH JANTY
JASSA USA
SATNAM SINGH
RAJBIR RAJU
SUNNY KOHAR
SUNNY BRAR
AMERICAN KABADDI FEDERATION USA 2025
ਕਬੱਡੀ ਸੀਜ਼ਨ 2025
SEPT. 14TH 2025 DALLAS KABADDI CUP
SEPT. 27TH 2025 TRACY KABADDI CUP
OCT. 11TH 2025 FRESNO KABADDI CUP
SEPT. 20TH 2025 NEW YORK KABADDI CUP
SEPT. 28TH 2025 SACRAMENTO KABADDI CUP
OCT. 18TH 2025 BAY AREA KABADDI CUP
OCT. 5TH 2025
USA WORLD CUP STOCKTON
AMERICAN KABADDI FEDERATION USA
#AKFKABADDISEASON2025


FATEH SPORTS CLUB
PRESENTS
1ST WORLD KABADDI CUP
USA 2025
EST. 2022
KABADDI CALIFORNIA
USA
AMERICAN KABADDI FEDERATION
EST. 2024
Adventist Health Arena
1ST WORLD KABADDI CUP USA 2025
TICKETS OUT NOW!
BUY TICKETS ON
TICKETMASTER.COM
LINK IN BIO
Fateh
CALIFORNIA
DATE: SUNDAY, OCTOBER 5, 2025
VENUE: ADVENTIST HEALTH ARENA, STOCKTON, CA
AMERICAN KABADDI FEDERATION

# 1 ਲੱਖ ਡਾਲਰ ਦੀ ਐੱਚ-1ਬੀ ਫੀਸ ਸਿਰਫ਼ ਨਵੇਂ ਵੀਜ਼ਾ ਬਿਨੈਕਾਰਾਂ ’ਤੇ ਹੋਵੇਗੀ ਲਾਗੂ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਪ੍ਰਸ਼ਾਸਨ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਐੱਚ-1ਬੀ ਵੀਜ਼ਾ ’ਤੇ ਹਾਲ ਹੀ ਵਿਚ ਐਲਾਨੀ ਗਈ 100,000 ਡਾਲਰ ਸਾਲਾਨਾ ਫੀਸ ਸਿਰਫ਼ ਨਵੀਆਂ ਅਰਜ਼ੀਆਂ (ਤਾਜ਼ੀਆਂ ਪਟੀਸ਼ਨਾਂ) ’ਤੇ ਲਾਗੂ ਹੋਵੇਗੀ, ਮੌਜੂਦਾ ਵੀਜ਼ਾ ਧਾਰਕਾਂ ਜਾਂ ਵੀਜ਼ਾ ਨਵੀਨੀਕਰਨ ’ਤੇ ਨਹੀਂ। ਇਸ ਨਾਲ ਭਾਰਤੀ ਪੇਸ਼ੇਵਰਾਂ ਵਿਚ ਚਿੰਤਾਵਾਂ ਘੱਟ ਗਈਆਂ ਹਨ।

ਅਧਿਕਾਰੀ ਨੇ ਅੱਗੇ ਕਿਹਾ ਕਿ ਜਿਹੜੇ ਪਹਿਲਾਂ ਹੀ ਐੱਚ-1ਬੀ ਵੀਜ਼ਾ ’ਤੇ ਹਨ, ਭਾਵੇਂ ਉਹ ਇਸ ਸਮੇਂ ਵਿਦੇਸ਼ ਯਾਤਰਾ ਕਰ ਰਹੇ ਹਨ ਜਾਂ ਭਾਰਤ ਵਿਚ, ਉਨ੍ਹਾਂ ਨੂੰ ਅਮਰੀਕਾ ਵਾਪਸ ਜਾਣ ਦੀ ਜਲਦਬਾਜ਼ੀ ਕਰਨ ਦੀ ਜ਼ਰੂਰਤ ਨਹੀਂ ਹੈ। ਉਨ੍ਹਾਂ ਨੂੰ ਨਵੇਂ ਨਿਯਮਾਂ ਦੇ ਲਾਗੂ ਹੋਣ ਤੋਂ ਪਹਿਲਾਂ ਵਾਪਸ ਆਉਣ ਜਾਂ ਭਾਰੀ ਫੀਸ ਦਾ ਭੁਗਤਾਨ ਕਰਨ ਬਾਰੇ ਚਿੰਤਾ ਨਹੀਂ ਕਰਨੀ ਚਾਹੀਦੀ।

ਅਧਿਕਾਰੀ ਨੇ ਕਿਹਾ, “ਜੋ ਲੋਕ ਅਮਰੀਕਾ ਤੋਂ ਬਾਹਰ ਹਨ, ਭਾਰਤ ਵਿਚ ਹਨ, ਜਾਂ ਯਾਤਰਾ ਕਰ ਰਹੇ ਹਨ, ਉਨ੍ਹਾਂ ਨੂੰ ਐਤਵਾਰ ਤੋਂ ਪਹਿਲਾਂ ਵਾਪਸ ਆਉਣ ਦੀ ਜ਼ਰੂਰਤ ਨਹੀਂ ਹੈ ਅਤੇ ਉਨ੍ਹਾਂ ਨੂੰ 100,000 ਡਾਲਰ ਫੀਸ ਦਾ ਭੁਗਤਾਨ ਕਰਨ ਦੀ




ਜ਼ਰੂਰਤ ਨਹੀਂ ਹੋਵੇਗੀ। ਇਹ ਫੀਸ ਸਿਰਫ਼ ਨਵੀਆਂ ਵੀਜ਼ਾ ਅਰਜ਼ੀਆਂ ’ਤੇ ਲਾਗੂ ਹੋਵੇਗੀ, ਮੌਜੂਦਾ ਵੀਜ਼ਾ ਧਾਰਕਾਂ ’ਤੇ ਨਹੀਂ।”

ਇਹ ਫੈਸਲਾ ਭਾਰਤੀ ਪੇਸ਼ੇਵਰਾਂ ਲਈ ਰਾਹਤ ਵਜੋਂ ਆਇਆ ਹੈ, ਕਿਉਂਕਿ ਬਹੁਤ ਸਾਰੇ ਇਸ ਨਵੇਂ ਨਿਯਮ ਕਾਰਨ ਆਪਣੀਆਂ ਨੌਕਰੀਆਂ ਅਤੇ ਪਰਿਵਾਰਕ ਯੋਜਨਾਵਾਂ ਬਾਰੇ ਚਿੰਤਤ ਸਨ। ਹੁਣ, ਉਹ ਬਿਨਾਂ ਕਿਸੇ ਜਲਦਬਾਜ਼ੀ ਦੇ ਆਪਣੇ ਮੌਜੂਦਾ ਵੀਜ਼ਿਆਂ ਦੀ ਵੈਧਤਾ ਦੀ ਪੂਰੀ ਵਰਤੋਂ ਕਰ ਸਕਦੇ ਹਨ। ਸਰਕਾਰ ਨੇ ਇਹ ਕਦਮ ਅਮਰੀਕੀ ਵੀਜ਼ਾ ਪ੍ਰਕਿਰਿਆ ਨੂੰ ਸੁਚਾਰੂ ਅਤੇ ਸੁਚਾਰੂ ਬਣਾਉਣ ਲਈ ਚੁੱਕਿਆ ਹੈ, ਪਰ ਇਹ ਨਵੀਂ ਪ੍ਰਣਾਲੀ ਮੌਜੂਦਾ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਕੋਈ ਚਿੰਤਾ ਦਾ ਕਾਰਨ ਨਹੀਂ ਬਣੇਗੀ।

## ਟਰੰਪ ਦੇ ਵੀਜ਼ਾ ਫੀਸ ਵਾਧੇ ਨਾਲ ਭਾਰਤੀਆਂ ਵਿਚ ਵਧੀ ਚਿੰਤਾ

**ਵਾਸ਼ਿੰਗਟਨ, (ਪੰਜਾਬ ਮੇਲ)-** ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਵਰਕ ਵੀਜ਼ਾ ’ਤੇ 100,000 ਡਾਲਰ ਦੀ ਭਾਰੀ ਫੀਸ ਵਾਧੇ ਦੇ ਆਦੇਸ਼ ਦੇਣ ਤੋਂ ਕੁਝ ਘੰਟਿਆਂ ਬਾਅਦ ਹੀ ਸ਼ਨੀਵਾਰ ਨੂੰ ਅਮਰੀਕਾ ਵਿਚ ਐੱਚ-1ਬੀ ਵੀਜ਼ਾ ’ਤੇ ਰਹਿ ਰਹੇ ਭਾਰਤੀਆਂ ਵਿਚ ਘਬਰਾਹਟ, ਉਲਝਣ ਅਤੇ ਚਿੰਤਾ ਫੈਲ ਗਈ। ਬਹੁਤ ਸਾਰੇ ਭਾਰਤੀਆਂ ਨੇ ਭਾਰਤ ਲਈ ਆਪਣੀਆਂ ਯਾਤਰਾ ਯੋਜਨਾਵਾਂ ਰੱਦ ਕਰ ਦਿੱਤੀਆਂ। ਭਾਰਤ ਲਈ ਉਡਾਣਾਂ ’ਤੇ ਚੜ੍ਹਨ ਦੀ ਉਡੀਕ ਕਰ ਰਹੇ ਬਹੁਤ ਸਾਰੇ ਲੋਕਾਂ ਨੇ ਆਖਰੀ ਸਮੇਂ ’ਤੇ ਆਪਣੀਆਂ ਯਾਤਰਾ ਯੋਜਨਾਵਾਂ ਰੱਦ ਕਰ ਦਿੱਤੀਆਂ, ਜਦੋਂਕਿ ਭਾਰਤ ਵਿਚ ਪਹਿਲਾਂ ਤੋਂ ਹੀ ਮੌਜੂਦ ਹੋਰ ਲੋਕ ਸਪੱਸ਼ਟਤਾ ਦੀ ਘਾਟ ਕਾਰਨ ਵਾਪਸ ਆਉਣ ਲਈ ਸੰਘਰਸ਼ ਕਰ ਰਹੇ ਹਨ। ਟਰੰਪ ਨੇ ਸ਼ੁੱਕਰਵਾਰ ਨੂੰ ਐੱਚ-1ਬੀ ਵੀਜ਼ਾ ਫੀਸਾਂ ਵਧਾਉਣ ਦੇ ਐਲਾਨ ’ਤੇ ਦਸਤਖਤ ਕੀਤੇ। ਇਹ ਐਲਾਨ ਭਾਰਤੀ ਪੇਸ਼ੇਵਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਦੀਵਾਲੀ ਅਤੇ ਸਾਲ ਦੇ ਅੰਤ ਦੀਆਂ ਹੋਰ ਛੁੱਟੀਆਂ ਲਈ ਭਾਰਤ ਆਉਣ ਦੀ ਉਮੀਦ ਤੋਂ ਕੁਝ ਹਫ਼ਤੇ ਪਹਿਲਾਂ ਆਇਆ ਹੈ। ਐੱਚ-1ਬੀ ਵੀਜ਼ਾ ਧਾਰਕਾਂ ਅਤੇ ਅਮਰੀਕਾ ਵਿਚ ਇਸ ਖ਼ਬਰ ’ਤੇ ਨਜ਼ਰ ਰੱਖਣ ਵਾਲੇ ਲੋਕਾਂ ਨੇ ਨਾਮ ਨਾ ਛਾਪਣ ਦੀ ਸ਼ਰਤ ’ਤੇ ਮੀਡੀਆ ਨਾਲ ਗੱਲਬਾਤ ਕੀਤੀ ਅਤੇ ਜ਼ੋਰ ਦਿੱਤਾ ਕਿ ਐੱਚ-1ਬੀ ਵੀਜ਼ਾ ਧਾਰਕ ਅਤੇ ਉਨ੍ਹਾਂ ਦੇ ਪਰਿਵਾਰ ਇਸ ਸਮੇਂ “ਘਬਰਾਹਟ” ਅਤੇ “ਚਿੰਤਾ” ਦਾ ਸਾਹਮਣਾ ਕਰ ਰਹੇ ਹਨ।

# ਜੀ.ਐੱਚ.ਜੀ. ਅਕੈਡਮੀ ਦੇ ਪ੍ਰਬੰਧਕੀ ਬੋਰਡ ਦੀ ਮੀਟਿੰਗ ਦੌਰਾਨ ਲਏ ਅਹਿਮ ਫੈਸਲੇ




**ਫਰਿਜ਼ਨੋ, (ਧਾਲੀਆਂ/ ਮਾਛੀਕੇ/ ਪੰਜਾਬ ਮੇਲ)-** ਬੀਤੇ ਦਿਨੀਂ ਜੀ.ਐੱਚ.ਜੀ. ਅਕੈਡਮੀ ਫਰਿਜ਼ਨੋ ਦੇ ਪ੍ਰਬੰਧਕੀ ਬੋਰਡ ਅਤੇ ਕੋਚਾਂ ਦੀ ਅਹਿਮ ਮੀਟਿੰਗ ਕਲੋਵਿਸ ਸ਼ਹਿਰ ਵਿਖੇ ਪਰਮਜੀਤ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਹੋਈ, ਜਿਸ ਵਿਚ ਸਾਲ 2025 ਦੀਆਂ ਗਤੀਵਿਧੀਆਂ ਦਾ ਲੇਖਾ-ਜੋਖਾ ਅਤੇ 2026 ਵਿਚ ਆਉਣ ਵਾਲੇ ਪ੍ਰੋਗਰਾਮਾਂ ਸਬੰਧੀ ਖੁੱਲ੍ਹ ਕੇ ਵਿਚਾਰ-ਵਟਾਂਦਰੇ ਕੀਤੇ ਗਏ। ਇਸ ਮੀਟਿੰਗ ਦੀ ਸ਼ੁਰੂਆਤ ਅਕੈਡਮੀ ਦੇ ਮੁੱਖ ਬੁਲਾਰੇ ਗੁਰਦੀਪ ਸਿੰਘ ਸ਼ੇਰਗਿੱਲ ਦੇ ਸਮੂਹ ਹਾਜ਼ਰੀਨ ਨੂੰ ਜੀ ਆਇਆਂ ਕਹਿਣ ਉਪਰੰਤ ਹੋਈ। ਜਿਸ ਦੌਰਾਨ ਅਕੈਡਮੀ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਗਿਆ। ਬਸੰਤ ਸਿੰਘ ਧਾਲੀਵਾਲ ਨੇ 2025 ਦੇ ਹੁਣ ਤੱਕ ਦੇ ਲੇਖੇ-ਜੋਖੇ ’ਤੇ ਵਿਸਥਾਰਪੂਰਵਕ ਚਾਨਣਾ ਪਾਇਆ। ਅਜੀਤ ਸਿੰਘ ਗਿੱਲ ਨੇ ਬੱਚਿਆਂ ਨੂੰ ਆਪਣਾ ਵੱਡਮੁੱਲਾ ਅਸ਼ੀਰਵਾਦ ਦਿੰਦਿਆਂ ਹਰ ਸਾਲ ਦੀ ਤਰ੍ਹਾਂ ਭਵਿੱਖ ਵਿਚ ਵੀ ਵੱਧ ਤੋਂ ਵੱਧ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਉਦੈਦੀਪ ਸਿੰਘ ਸਿੱਧੂ ਨੇ ਬੋਲਦਿਆਂ ਯੂਥ ਵਿੰਗ ਅਤੇ ਕੋਚਿੰਗ ਟੀਮ ਦਾ ਵਿਸ਼ੇਸ਼ ਧੰਨਵਾਦ ਕੀਤਾ।

ਅਕੈਡਮੀ ਵੱਲੋਂ ਸਾਲਾਨਾ ਵਿਰਾਸਤੀ ਖੇਡ ਮੇਲਾ ਅਤੇ ਪਰਿਵਾਰਕ ਪਿਕਨਿਕ 28 ਮਾਰਚ, 2026 ਨੂੰ ਸ਼ਹੀਦ ਜਸਵੰਤ ਸਿੰਘ ਖਾਲੜਾ ਪਾਰਕ ਵਿਖੇ ਹਰ ਸਾਲ ਦੀ ਤਰ੍ਹਾਂ ਕਰਵਾਈ ਜਾਵੇਗੀ। ਇਸੇ ਤਰ੍ਹਾਂ ਜੀ.ਐੱਚ.ਜੀ. ਸਾਲਾਨਾ ਅੰਤਰਰਾਸ਼ਟਰੀ ਯੁਵਕ ਮੇਲਾ 18 ਜੁਲਾਈ, 2026 ਨੂੰ ਪਿਛਲੇ ਸਾਲ ਦੀ ਤਰ੍ਹਾਂ ਫਰਿਜ਼ਨੋ ਦੇ ਵਿਲੀਅਮ ਸਰੋਏਨ ਥੀਏਟਰ ਵਿਖੇ ਹੋਵੇਗਾ। ਬੱਚਿਆਂ ਦਾ ਸਾਲਾਨਾ ਕੈਂਪ 1 ਜੁਲਾਈ ਨੂੰ ਸ਼ੁਰੂ ਹੋ ਜਾਵੇਗਾ।

# ਤਾਜ਼ਾ ਸਰਵੇਖਣਾਂ ਵਿਚ ਬਹੁਗਿਣਤੀ ਅਮਰੀਕੀਆਂ ਨੇ ਟਰੰਪ ਦੀ ਕਾਰਗੁਜ਼ਾਰੀ ਨੂੰ ਨਕਾਰਿਆ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਤਾਜ਼ਾ ਸਰਵੇਖਣਾਂ ਵਿਚ ਬਹੁਗਿਣਤੀ ਅਮਰੀਕੀਆਂ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਕਾਰਗੁਜ਼ਾਰੀ ਨੂੰ ਨਕਾਰ ਦਿੱਤਾ ਹੈ ਤੇ ਉਸ ਦੀਆਂ ਨੀਤੀਆਂ ਨਾਲ ਅਸਹਿਮਤੀ ਪ੍ਰਗਟਾਈ ਹੈ। ਵਾਸ਼ਿੰਗਟਨ ਪੋਸਟ-ਇਪਸਾਸ ਸਰਵੇ ਜੋ 4 ਦਿਨਾਂ ਵਿਚ ਮੁਕੰਮਲ ਹੋਇਆ, ਅਨੁਸਾਰ ਕੇਵਲ 43% ਅਮਰੀਕੀਆਂ ਨੇ ਟਰੰਪ ਦੇ ਹੱਕ ਵਿਚ ਵੋਟ ਪਾਈ ਹੈ, ਜਦਕਿ 56% ਨੇ ਉਸ ਦੀ ਕਾਰਗੁਜ਼ਾਰੀ ਵਿਰੁੱਧ ਵੋਟ ਪਾਈ ਹੈ ਤੇ ਨਿਰਾਸ਼ਤਾ ਪ੍ਰਗਟ ਕੀਤੀ ਹੈ। ਅਪ੍ਰੈਲ ਵਿਚ ਹੋਏ ਸਰਵੇ ਵਿਚ ਕੇਵਲ 39% ਅਮਰੀਕੀਆਂ ਨੇ ਰਾਸ਼ਟਰਪਤੀ ਦੀ ਕਾਰਗੁਜ਼ਾਰੀ ਨੂੰ ਪਸੰਦ ਕੀਤਾ ਸੀ ਤੇ 55% ਨੇ ਨਾਪਸੰਦ ਕੀਤਾ ਸੀ। ਨਿਊਯਾਰਕ ਟਾਈਮਜ਼ ਦੇ ਸਰਵੇ ਅਨੁਸਾਰ ਵੀ 43% ਅਮਰੀਕੀ ਟਰੰਪ ਦੇ ਹੱਕ ਵਿਚ ਭੁਗਤੇ ਹਨ, ਜਦ ਕਿ 54% ਨੇ ਉਸ ਦੀ ਕਾਰਗੁਜ਼ਾਰੀ ਨਾਲ ਅਸਹਿਮਤੀ ਪ੍ਰਗਟਾਈ ਹੈ। ਰੀਅਲ ਕਲੀਅਰ ਪੌਲਿਟਿਕਸ ਸਰਵੇ ਵਿਚ 46% ਅਮਰੀਕੀਆਂ ਨੇ ਟਰੰਪ ਦਾ ਸਮਰਥਨ ਕੀਤਾ ਹੈ, ਜਦਕਿ 52% ਨੇ ਅਸਹਿਮਤੀ ਪ੍ਰਗਟਾਈ ਹੈ। ਪੋਸਟ ਪੋਲ ਸਰਵੇ ਵਿਚ ਵੀ ਬਹੁਗਿਣਤੀ ਅਮਰੀਕੀਆਂ ਨੇ ਟਰੰਪ ਦੀ ਕਾਰਗੁਜ਼ਾਰੀ ਨੂੰ ਰੱਦ ਕੀਤਾ ਹੈ। ਇਹ ਸਰਵੇ ਅਰਥਵਿਵਸਥਾ, ਇਮੀਗ੍ਰੇਸ਼ਨ, ਟੈਰਿਫ, ਅਪਰਾਧ, ਰੂਸ-ਯੂਕਰੇਨ ਤੇ ਇਜ਼ਰਾਈਲ ਹਮਾਸ ਜੰਗ ਸਮੇਤ ਹੋਰ ਭੱਖਦੇ ਮੁੱਦਿਆਂ ਨੂੰ ਲੈ ਕੇ ਕੀਤੇ ਗਏ ਹਨ।




# ਟਰੰਪ ਵੱਲੋਂ ਐੱਚ-1ਬੀ ਵੀਜ਼ਾ ਅਰਜ਼ੀਆਂ ’ਤੇ 1 ਲੱਖ ਡਾਲਰ ਫੀਸ ਲਗਾਉਣ ਵਾਲੇ ਕਾਰਜਕਾਰੀ ਆਦੇਸ਼ ’ਤੇ ਦਸਤਖਤ

**ਨਿਊ ਯਾਰਕ/ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐੱਚ-1ਬੀ ਵੀਜ਼ਾ ਅਰਜ਼ੀਆਂ ’ਤੇ 100,000 ਡਾਲਰ ਫੀਸ ਲਗਾਉਣ ਵਾਲੇ ਇੱਕ ਕਾਰਜਕਾਰੀ ਆਦੇਸ਼ ’ਤੇ ਦਸਤਖਤ ਕਰਦੇ ਹੋਏ ਕਿਹਾ ਕਿ ਐੱਚ-1ਬੀ ਪ੍ਰੋਗਰਾਮ ਦੀ ਦੁਰਵਰਤੋਂ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਹੈ। ਟਰੰਪ ਨੇ ਸ਼ੁੱਕਰਵਾਰ ਨੂੰ “ਕੁਝ ਗੈਰ-ਪ੍ਰਵਾਸੀ ਕਾਮਿਆਂ ਦੇ ਦਾਖਲੇ ’ਤੇ ਪਾਬੰਦੀ” ਸਬੰਧੀ ਕਾਰਜਕਾਰੀ ਆਦੇਸ਼ ’ਤੇ ਦਸਤਖਤ ਕੀਤੇ। ਇਸ ਫੈਸਲੇ ਦੇ ਤਹਿਤ, ਉਨ੍ਹਾਂ ਕਾਮਿਆਂ ਲਈ ਅਮਰੀਕਾ ਵਿਚ ਦਾਖਲੇ ’ਤੇ ਪਾਬੰਦੀ ਹੋਵੇਗੀ, ਜਿਨ੍ਹਾਂ ਦੀ ਐੱਚ-1ਬੀ ਅਰਜ਼ੀ ਨਾਲ 100,000 ਅਮਰੀਕੀ ਡਾਲਰ ਫੀਸ ਦਾ ਭੁਗਤਾਨ ਨਹੀਂ ਕੀਤਾ ਗਿਆ ਹੋਵੇਗਾ। ਟਰੰਪ ਨੇ ਕਿਹਾ, ਐੱਚ-1ਬੀ ਗੈਰ-ਪ੍ਰਵਾਸੀ ਵੀਜ਼ਾ ਪ੍ਰੋਗਰਾਮ ਅਸਥਾਈ ਕਾਮਿਆਂ ਨੂੰ ਅਮਰੀਕਾ ਲਿਆਉਣ ਲਈ ਬਣਾਇਆ ਗਿਆ ਸੀ, ਤਾਂ ਕਿ ਉਹ ਵਾਧੂ, ਉੱਚ-ਹੁਨਰਮੰਦ ਨੌਕਰੀਆਂ ਕਰ ਸਕਣ ਪਰ ਅਮਰੀਕੀ ਕਾਮਿਆਂ ਦੀ ਥਾਂ ਸਸਤੇ, ਘੱਟ-ਹੁਨਰਮੰਦ ਕਾਮਿਆਂ ਨੂੰ ਲਿਆ ਕੇ ਵੀਜ਼ਾ ਪ੍ਰੋਗਰਾਮ ਦੀ ਦੁਰਵਰਤੋਂ ਕੀਤੀ ਗਈ।”

ਉਨ੍ਹਾਂ ਕਿਹਾ, ਐੱਚ-1ਬੀ ਪ੍ਰੋਗਰਾਮ ਦੀ ਦੁਰਵਰਤੋਂ ਰਾਸ਼ਟਰੀ



■ **ਐੱਚ-1ਬੀ ਵੀਜ਼ਾ ਪ੍ਰੋਗਰਾਮ ਦੀ ਦੁਰਵਰਤੋਂ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ: ਡੋਨਾਲਡ ਟਰੰਪ**

ਸੁਰੱਖਿਆ ਲਈ ਖ਼ਤਰਾ ਪੈਦਾ ਕਰਦੀ ਹੈ। ਘਰੇਲੂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਐੱਚ-1ਬੀ ’ਤੇ ਨਿਰਭਰ ਆਊਟਸੋਰਸਿੰਗ ਕੰਪਨੀਆਂ ਦੀ ਪਛਾਣ ਅਤੇ ਜਾਂਚ ਕੀਤੀ ਹੈ, ਜੋ ਵੀਜ਼ਾ ਧੋਖਾਧੜੀ, ਮਨੀ ਲਾਂਡਰਿੰਗ ਸਾਜ਼ਿਸ਼ਾਂ... ਅਤੇ ਵਿਦੇਸ਼ੀ ਕਾਮਿਆਂ ਨੂੰ ਸੰਯੁਕਤ ਰਾਜ ਅਮਰੀਕਾ ਆਉਣ ਲਈ ਉਤਸ਼ਾਹਿਤ ਕਰਨ ਲਈ ਵੱਖ-ਵੱਖ ਗੈਰ-ਕਾਨੂੰਨੀ ਗਤੀਵਿਧੀਆਂ ਵਿਚ ਸ਼ਾਮਲ ਪਾਈਆਂ ਗਈਆਂ ਹਨ।” ਉਨ੍ਹਾਂ ਕਿਹਾ, “ਇਸ ਪ੍ਰੋਗਰਾਮ ਦੀ ਵਿਆਪਕ ਦੁਰਵਰਤੋਂ ਨਾਲ ਸਾਡੀ ਆਰਥਿਕ ਅਤੇ ਰਾਸ਼ਟਰੀ ਸੁਰੱਖਿਆ ਨੂੰ ਹੋਏ ਗੰਭੀਰ ਨੁਕਸਾਨ ਲਈ ਤੁਰੰਤ ਕਾਰਵਾਈ ਦੀ ਲੋੜ ਹੈ। ਇਸ ਲਈ, ਮੇਰਾ ਮੰਨਣਾ ਹੈ ਕਿ ਕੁਝ ਵਿਦੇਸ਼ੀ ਕਾਮਿਆਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਅਮਰੀਕਾ ਵਿਚ ਦਾਖਲ ਹੋਣ ਦੀ ਇਜਾਜ਼ਤ ਦੇਣਾ ਅਮਰੀਕੀ ਹਿੱਤਾਂ ਲਈ ਨੁਕਸਾਨਦੇਹ ਹੋਵੇਗਾ। ਅਜਿਹੀ ਐਂਟਰੀ ਅਮਰੀਕੀ ਕਾਮਿਆਂ ਨੂੰ ਨੁਕਸਾਨ ਪਹੁੰਚਾਏਗੀ, ਜਿਸ ਵਿਚ ਉਨ੍ਹਾਂ ਦੀਆਂ ਤਨਖਾਹਾਂ ਵਿਚ ਕਟੌਤੀ ਵੀ ਸ਼ਾਮਲ ਹੈ।” ਟਰੰਪ ਨੇ ਹੁਕਮ ਦਿੱਤਾ ਕਿ ਗ੍ਰਹਿ ਮੰਤਰੀ ਘੋਸ਼ਣਾ ਦੇ ਪ੍ਰਭਾਵੀ ਹੋਣ ਦੀ ਤਰੀਕ ਯਾਨੀ 21 ਸਤੰਬਰ 2025 ਤੋਂ ਉਨ੍ਹਾਂ ਅਰਜ਼ੀਆਂ ’ਤੇ ਫੈਸਲੇ ਲੈਣ ’ਤੇ ਰੋਕ ਲਗਾਉਣਗੇ, ਜਿਨ੍ਹਾਂ ਨਾਲ 100,000 ਅਮਰੀਕੀ ਡਾਲਰ ਦਾ ਭੁਗਤਾਨ ਨਹੀਂ ਕੀਤਾ ਗਿਆ ਹੋਵੇਗਾ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

# ਮੇਅਰ ਦੇ ਮੁੱਦੇ ’ਤੇ ਟਰੰਪ ਨੇ ਨਿਊਯਾਰਕ ਦੇ ਫੰਡ ਰੋਕਣ ਦੀ ਦਿੱਤੀ ਚਿਤਾਵਨੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗਵਰਨਰ ਕੈਥੀ ਹੋਛਲ ਦੁਆਰਾ ਨਿਊਯਾਰਕ ਸ਼ਹਿਰ ਦੇ ਮੇਅਰ ਦੇ ਅਹੁਦੇ ਲਈ ਜ਼ੌਹਰਾਨ ਮਮਡਾਨੀ ਦੇ ਨਾਂ ਪੁਸ਼ਟੀ ਕਰਨ ’ਤੇ ਸਖਤ ਪ੍ਰਤੀਕ੍ਰਿਆ ਪ੍ਰਗਟ ਕੀਤੀ ਹੈ ਤੇ ਕਿਹਾ ਹੈ ਕਿ ਸੰਘੀ ਸਰਕਾਰ ਸ਼ਹਿਰ ਨੂੰ ਫੰਡ ਭੇਜਣ ’ਤੇ ਪੁਨਰ ਵਿਚਾਰ ਕਰ ਸਕਦੀ ਹੈ। ਹੋਛਲ ਨੇ ਨਿਊਯਾਰਕ ਟਾਈਮਜ਼ ਦੇ ਵਿਸ਼ੇਸ਼ ਟਿਪਣੀ ਸਫੇ ਉਪਰ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਮਮਡਾਨੀ ਇੱਕ ਅਜਿਹਾ ਆਗੂ ਹੈ, ਜੋ ਨੁਕਸਾਨਦੇਹ ਨੀਤੀਆਂ ਤੋਂ ਨਿਊਯਾਰਕ ਵਾਸੀਆਂ ਨੂੰ ਬਚਾਉਣ ਦੀ ਸਮਰਥਾ ਰੱਖਦਾ ਹੈ। ਇਸ ਦੇ ਪ੍ਰਤੀਕਰਮ ਵਿਚ ਟਰੰਪ ਨੇ ਸੋਸ਼ਲ ਮੀਡੀਆ ਉਪਰ ਲਿਖਿਆ ਹੈ “ਨਿਊਯਾਰਕ ਲਈ ਬਹੁਤ ਬੁਰੀ ਖਬਰ, ਵਾਸ਼ਿੰਗਟਨ ਸਥਿੱਤੀ ਉਪਰ ਨੇੜਿਉਂ ਨਜ਼ਰ ਰੱਖ ਰਿਹਾ ਹੈ। ਇਸ ਬੁਰੀ ਖਬਰ ਤੋਂ ਬਾਅਦ ਫੰਡ ਭੇਜਣ ਦਾ ਕੋਈ ਕਾਰਨ ਨਹੀਂ ਹੈ।” ਇਸ ਉਪਰੰਤ ਗਵਰਨਰ ਨੇ ਕਿਹਾ ਕਿ ਟਰੰਪ ਦੀ ਜਨਤਕ ਦਖਲਅੰਦਾਜ਼ੀ ਨੇ ਉਸ ਨੂੰ ਮੁੜ ਮਮਡਾਨੀ ਦਾ ਜ਼ੋਰਦਾਰ ਸਮਰਥਨ ਕਰਨ ਲਈ ਪ੍ਰੇਰਿਤ ਕੀਤਾ ਹੈ। ਗਵਰਨਰ ਨੇ ਦੋਸ਼ ਲਾਇਆ ਹੈ ਕਿ ਰਾਸ਼ਟਰਪਤੀ ਸਥਾਨਕ ਚੋਣਾਂ ਵਿਚ ਦਖਲ ਦੇ ਰਿਹਾ ਹੈ। ਉਨ੍ਹਾਂ ਨੇ ਚਿਤਾਵਨੀ ਦਿੱਤੀ ਹੈ ਕਿ ਉਹ ਟਰੰਪ ਪ੍ਰਸ਼ਾਸਨ ਦੁਆਰਾ ਨਾਮਜ਼ਦ ਗਲਤ ਵਿਅਕਤੀ ਦੇ ਨਾਂ ਦੀ ਮੇਅਰ ਵਜੋਂ ਪੁਸ਼ਟੀ ਨਹੀਂ ਕਰੇਗੀ। ਗਵਰਨਰ ਨੇ ਜਾਰੀ ਇੱਕ ਬਿਆਨ ਵਿਚ ਕਿਹਾ ਹੈ ਕਿ ਮਮਡਾਨੀ ਦੀ ਪੁਸ਼ਟੀ ਨਿਊਯਾਰਕ ਸ਼ਹਿਰ ਦੀ ਸੁਰੱਖਿਆ ਲਈ ਜ਼ਰੂਰੀ ਕਦਮ ਹੈ।




ਗਵਰਨਰ ਕੈਥੀ ਹੋਛਲ।

# ਮੈਨਹਟਨ ਦੇ ਇਮੀਗ੍ਰੇਸ਼ਨ ਹਿਰਾਸਤ ਸੈਂਟਰ ’ਚ ਚੁਣੇ ਹੋਏ ਅਧਿਕਾਰੀਆਂ ਸਮੇਤ ਕਈ ਪ੍ਰਦਰਸ਼ਨਕਾਰੀ ਗ੍ਰਿਫ਼ਤਾਰ

**ਨਿਊਯਾਰਕ, (ਪੰਜਾਬ ਮੇਲ)-** ਨਿਊਯਾਰਕ ਸਿਟੀ ਦੇ ਇਕ ਇਮੀਗ੍ਰੇਸ਼ਨ ਹਿਰਾਸਤ ਕੇਂਦਰ ਵਿਰੁੱਧ ਪ੍ਰਦਰਸ਼ਨ ਦੌਰਾਨ ਵੀਰਵਾਰ 24 ਤੋਂ ਵੱਧ ਚੁਣੇ ਹੋਏ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਇਹ ਗ੍ਰਿਫ਼ਤਾਰੀਆਂ ਇਕ ਸੰਘੀ ਜੱਜ ਵਲੋਂ ਇਸ ਹਫ਼ਤੇ ਸਰਕਾਰ ਨੂੰ ਨਜ਼ਰਬੰਦਾਂ ਨਾਲ ਵਧੀਆ ਵਿਵਹਾਰ ਕਰਨ ਦੇ ਹੁਕਮ ਦੇਣ ਤੋਂ ਬਾਅਦ ਕੀਤੀਆਂ ਗਈਆਂ। ਚੁਣੇ ਹੋਏ ਅਧਿਕਾਰੀ ਇਮੀਗ੍ਰੇਸ਼ਨ ਹਿਰਾਸਤ ਕੇਂਦਰ ਵਿਚ ਹਾਲਾਤ ਦਾ ਮੁਆਇਨਾ ਕਰਨ ਗਏ ਸਨ ਅਤੇ ਵਿਰੋਧ ਪ੍ਰਦਰਸ਼ਨ ਦੌਰਾਨ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਮੈਨਹਟਨ ਦੇ 26 ਫੈਡਰਲ ਪਲਾਜ਼ਾ ਵਿਚ ਹੋਏ ਵਿਰੋਧ ਪ੍ਰਦਰਸ਼ਨ ਵਿਚ ਕੁੱਲ 77 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਸ ਵਿਚ ਇਕ ਇਮੀਗ੍ਰੇਸ਼ਨ ਅਦਾਲਤ ਅਤੇ ਇਕ ਐੱਫ.ਬੀ.ਆਈ. ਦਫ਼ਤਰ ਵੀ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ’ਤੇ ਸਖ਼ਤੀ ਦੇ ਵਿਚਕਾਰ ਇਹ ਗ੍ਰਿਫ਼ਤਾਰੀਆਂ ਦਾ ਕੇਂਦਰ ਬਣ ਗਿਆ ਹੈ।

Global Allianz
ਕਾਨੂੰਨੀ ਸਲਾਹ
LAW FIRM LLP
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ ’ਤੇ ਸੱਟ ਲਗਣਾ
Asylum & Deportation Defense

Atul Kapoor
C.E.O

Neat Allen Sawyer
Attorney at law
Designed By Punjab Mail USA
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਟਰੰਪ ਵੱਲੋਂ ਬ੍ਰਿਟਿਸ਼ ਪ੍ਰਧਾਨ ਮੰਤਰੀ ਨੂੰ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਰੋਕਣ ਲਈ ਫੌਜ ਦੀ ਵਰਤੋਂ ਕਰਨ ਦੀ ਸਲਾਹ



**ਲੰਡਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਟਰੰਪ ਨੇ ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਕਿਹਾ ਕਿ ਜੇਕਰ ਜ਼ਰੂਰੀ ਹੋਵੇ ਤਾਂ ਉਨ੍ਹਾਂ ਨੂੰ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਰੋਕਣ ਲਈ ਫੌਜ ਦੀ ਵਰਤੋਂ ਕਰਨੀ ਚਾਹੀਦੀ ਹੈ। ਵੀਰਵਾਰ ਨੂੰ ਲੰਡਨ ਵਿਚ ਇਕ ਸਾਂਝੀ ਪ੍ਰੈੱਸ ਕਾਨਫਰੰਸ ਵਿਚ ਟਰੰਪ ਨੇ ਕਿਹਾ ਕਿ ਗੈਰ-ਕਾਨੂੰਨੀ ਪ੍ਰਵਾਸੀ ਦੇਸ਼ ਨੂੰ ਅੰਦਰੋਂ ਬਰਬਾਦ ਕਰ ਦੇ ਹਨ। ਦੋਵੇਂ ਧਿਰਾਂ ਵਿਚਾਲੇ ਗਾਜ਼ਾ ’ਚ ਫਲਸਤੀਨੀ ਰਾਜ ਨੂੰ ਮਾਨਤਾ ਦੇਣ ਦੇ ਮੁੱਦੇ ’ਤੇ ਸਹਿਮਤੀ ਨਹੀਂ ਬਣੀ।

ਸਟਾਰਮਰ ਨੇ ਕਿਹਾ ਕਿ ਅਮਰੀਕਾ ਅਤੇ ਬ੍ਰਿਟੇਨ ਸਭ ਤੋਂ ਚੰਗੇ ਦੋਸਤ ਹਨ। ਉਨ੍ਹਾਂ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਯੂਕਰੇਨ ’ਤੇ ਹਮਲਿਆਂ ਦੀ ਨਿੰਦਾ ਕਰਦਿਆਂ ਕਿਹਾ ਕਿ ਸ਼ਾਂਤੀ ਚਾਹੁਣ ਵਾਲੇ ਅਜਿਹੇ ਕੰਮ ਨਹੀਂ ਕਰਦੇ। ਟਰੰਪ ਨੇ ਪੁਤਿਨ ’ਤੇ ਵੀ ਗੁੱਸਾ ਜ਼ਾਹਰ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੇ ਮੈਨੂੰ ਬਹੁਤ ਨਿਰਾਸ਼ ਕੀਤਾ ਹੈ। ਸਟਾਰਮਰ ਨੇ ਗਾਜ਼ਾ ਵਿਚ ਸ਼ਾਂਤੀ ਦੀ ਅਪੀਲ ਕੀਤੀ, ਪਰ ਟਰੰਪ ਨੇ ਫਲਸਤੀਨ ਨੂੰ ਮਾਨਤਾ ਦੇਣ ਤੋਂ ਇਨਕਾਰ ਕਰ ਦਿੱਤਾ। ਟਰੰਪ ਨੇ ਬ੍ਰਿਟੇਨ ਵਿਚ ਬੋਲਣ ਦੀ ਆਜ਼ਾਦੀ ਬਾਰੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ‘ਬ੍ਰਿਟੇਨ ਵਿਚ ਆਜ਼ਾਦੀ ਦੀਆਂ ਰਵਾਇਤਾਂ’ ਨੂੰ ਬਣਾਈ ਰੱਖਿਆ ਜਾਣਾ ਚਾਹੀਦਾ ਹੈ। ਦੋਵਾਂ ਧਿਰਾਂ ਨੇ ਇਕ ਵੱਡੇ ਤਕਨਾਲੋਜੀ ਨਿਵੇਸ਼ ਸਮਝੌਤੇ ’ਤੇ ਦਸਤਖਤ ਕੀਤੇ। ਟਰੰਪ ਨੇ ਕਿਹਾ ਕਿ ਇਹ ਇਕ ‘ਨਵੀਂ ਤਕਨੀਕੀ ਕ੍ਰਾਂਤੀ’ ਦੀ ਸ਼ੁਰੂਆਤ ਕਰੇਗਾ। ਉਨ੍ਹਾਂ ਨੇ ਮਈ ਵਿਚ ਹੋਏ ਅਮਰੀਕਾ-ਬ੍ਰਿਟੇਨ ਵਪਾਰ ਸਮਝੌਤੇ ਦੀ ਪ੍ਰਸ਼ੰਸਾ ਕੀਤੀ ਅਤੇ ਸਟਾਰਮਰ ਨੂੰ ‘ਵਧੀਆ ਡੀਲ ਕਰਨ ਵਾਲਾ’ ਦੱਸਿਆ।

ਪ੍ਰੈੱਸ ਕਾਨਫਰੰਸ ਸ਼ੁਰੂ ਹੋਣ ਤੋਂ ਪਹਿਲਾਂ ਟਰੰਪ ਨੇ ਆਸਟ੍ਰੇਲੀਆਈ ਨਿਊਜ਼ ਚੈਨਲ ਏ.ਬੀ.ਸੀ. ਨੂੰ ਬਾਹਰ ਕਰ ਦਿੱਤਾ। ਇਸਦੇ ਪਿੱਛੇ ਥਾਂ ਦੀ ਕਮੀ ਦਾ ਕਾਰਨ ਦੱਸਿਆ ਗਿਆ। ਕੁਝ ਦਿਨ ਪਹਿਲਾਂ ਏ.ਬੀ.ਸੀ. ਪੱਤਰਕਾਰ ਜਾਨ ਲਿਓਨਸ ਅਤੇ ਟਰੰਪ ਵਿਚਾਲੇ ਵਾਸ਼ਿੰਗਟਨ ਵਿਚ ਬਹਿਸ ਹੋ ਗਈ ਸੀ।

ਏ.ਬੀ.ਸੀ. ਨੇ ਕਿਹਾ ਕਿ ਉਨ੍ਹਾਂ ਨੂੰ ਇਹ ਨਹੀਂ ਦੱਸਿਆ ਗਿਆ ਸੀ ਕਿ ਲਿਓਨਜ਼ ਦੇ ਸਵਾਲਾਂ ਕਾਰਨ ਅਜਿਹਾ ਹੋਇਆ। ਦਰਅਸਲ, ਲਿਓਨਜ਼ ਨੇ ਟਰੰਪ ਨੂੰ ਪੁੱਛਿਆ ਸੀ ਕਿ ਰਾਸ਼ਟਰਪਤੀ ਬਣਨ ਤੋਂ ਬਾਅਦ ਉਨ੍ਹਾਂ ਦੀ ਆਮਦਨ ਕਿੰਨੀ ਵਧੀ ਹੈ। ਟਰੰਪ ਨੂੰ ਇਹ ਸਵਾਲ ਪਸੰਦ ਨਹੀਂ ਆਇਆ। ਉਨ੍ਹਾਂ ਨੇ ਗੁੱਸੇ ਵਿਚ ਕਿਹਾ- ਤੂੰ ਆਸਟ੍ਰੇਲੀਆ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਟਰੰਪ ਨੇ ਲਿਓਨਜ਼ ਨੂੰ ਚੁੱਪ ਰਹਿਣ ਲਈ ਕਿਹਾ ਅਤੇ ਆਸਟ੍ਰੇਲੀਆਈ ਪ੍ਰਧਾਨ ਮੰਤਰੀ ਅਲਬਨੀਜ਼ ਨੂੰ ਸ਼ਿਕਾਇਤ ਕਰਨ ਦੀ ਧਮਕੀ ਦਿੱਤੀ।

## 7 ਜੰਗਾਂ ਰੁਕਵਾਉਣ ਕਰਕੇ ਮੈਨੂੰ ਮਿਲਣਾ ਚਾਹੀਦੈ ਨੋਬੇਲ ਸ਼ਾਂਤੀ ਪੁਰਸਕਾਰ : ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਹੁਣ ਤੱਕ ਕਈ ਵਾਰ ਭਾਰਤ-ਪਾਕਿ ਜੰਗ ਖ਼ਤਮ ਕਰਵਾਉਣ ਦਾ ਦਾਅਵਾ ਕਰ ਚੁੱਕੇ ਹਨ। ਇਸੇ ਦੌਰਾਨ ਉਨ੍ਹਾਂ ਨੇ ਹੁਣ ਇਕ ਵਾਰ ਫ਼ਿਰ ਆਪਣੇ ਇਸ ਦਾਅਵੇ ਨੂੰ ਦੁਹਰਾਇਆ ਹੈ ਤੇ ਕਿਹਾ ਕਿ ਉਨ੍ਹਾਂ ਨੇ ਵਪਾਰ ਰਾਹੀਂ ਭਾਰਤ-ਪਾਕਿ ਦੀ ਜੰਗ ਨੂੰ ਖ਼ਤਮ ਕਰਵਾਇਆ ਸੀ। ਇਹੀ ਨਹੀਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਹੁਣ ਤੱਕ ਕੁੱਲ 7 ਜੰਗਾਂ ਰੁਕਵਾਈਆਂ ਹਨ, ਜਿਸ ਕਾਰਨ ਉਨ੍ਹਾਂ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਮਿਲਣਾ ਚਾਹੀਦਾ ਹੈ। ਇਕ ਬਿਆਨ ਦੌਰਾਨ ਟਰੰਪ ਨੇ ਕਿਹਾ ਕਿ ਅਮਰੀਕਾ ਦੀ ਇਸ ਸਮੇਂ ਦੁਨੀਆਂ ਭਰ ’ਚ ਇੱਜ਼ਤ ਵਧਦੀ ਜਾ ਰਹੀ ਹੈ। ਉਹ ਦੇਸ਼ਾਂ ’ਚ ਸ਼ਾਂਤੀ ਸਮਝੌਤੇ ਕਰਵਾ ਰਹੇ ਹਨ ਤੇ ਜੰਗਾਂ ਰੁਕਵਾ ਰਹੇ ਹਨ। ਉਨ੍ਹਾਂ ਕਿਹਾ ਕਿ ਅਸੀਂ ਭਾਰਤ-ਪਾਕਿਸਤਾਨ ਤੇ ਥਾਈਲੈਂਡ ਤੇ ਕੰਬੋਡੀਆ ਵਿਚਾਲੇ ਚੱਲ ਰਹੀਆਂ ਜੰਗਾਂ ਨੂੰ ਰੋਕਿਆ। ਭਾਰਤ ਪਾਕਿਸਤਾਨ ਬਾਰੇ ਬੋਲਦੇ ਹੋਏ ਟਰੰਪ ਨੇ ਕਿਹਾ ਕਿ ਮੈਂ ਦੋਵਾਂ ਦੇਸ਼ਾਂ ਦੇ ਨੇਤਾਵਾਂ ਦਾ ਬਹੁਤ ਸਨਮਾਨ ਕਰਦਾ ਹਾਂ, ਪਰ ਜਦੋਂ ਜੰਗ ਦੀ ਗੱਲ ਆਉਂਦੀ ਹੈ, ਤਾਂ ਇਸ ਨੂੰ ਅਸੀਂ ਰੁਕਵਾਇਆ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਉਨ੍ਹਾਂ ਨੇ ਹੁਣ ਤੱਕ 7 ਜੰਗਾਂ ਰੁਕਵਾਈਆਂ ਹਨ, ਜਿਨ੍ਹਾਂ ’ਚ ਭਾਰਤ-ਪਾਕਿਸਤਾਨ, ਥਾਈਲੈਂਡ-ਕੰਬੋਡੀਆ, ਅਰਮੀਨੀਆ-ਅਜ਼ਰਬੈਜਾਨ, ਕੋਸੋਵੋ-ਸਰਬੀਆ, ਇਜ਼ਰਾਈਲ-ਇਰਾਨ, ਮਿਸਰ-ਇਥੋਪੀਆ ਤੇ ਰਵਾਂਡਾ-ਕਾਂਗੋ ਸ਼ਾਮਲ ਹਨ।

## ‘ਵਨ-ਇਨ, ਵਨ-ਆਊਟ’ ਮਾਈਗ੍ਰੇਸ਼ਨ ਸਮਝੌਤੇ ਤਹਿਤ ਯੂ.ਕੇ. ਵਿਚੋਂ ਪਹਿਲਾ ਭਾਰਤੀ ਡਿਪੋਰਟ

**ਨਵੀਂ ਦਿੱਲੀ, (ਪੰਜਾਬ ਮੇਲ)**- ਬ੍ਰਿਟੇਨ ਅਤੇ ਫਰਾਂਸ ਦੇ ਨਵੇਂ ਮਾਈਗ੍ਰੇਸ਼ਨ ਸਮਝੌਤੇ ਤਹਿਤ ਯੂ.ਕੇ. ਤੋਂ ਪਹਿਲਾ ਭਾਰਤੀ ਵਿਅਕਤੀ ਡਿਪੋਰਟ ਕੀਤਾ ਗਿਆ ਹੈ। ਇਸ ਸਮਝੌਤੇ ਦਾ ਮੰਤਵ ਇੰਗਲਿਸ਼ ਚੈਨਲ ਨੂੰ ਗੈਰ-ਕਾਨੂੰਨੀ ਢੰਗ ਨਾਲ ਪਾਰ ਕਰਨ ਵਾਲਿਆਂ ’ਤੇ ਕਾਬੂ ਪਾਉਣਾ ਹੈ।

ਇਹ ਵਿਅਕਤੀ, ਜੋ ਕਥਿਤ ਤੌਰ ’ਤੇ ਅਗਸਤ ਦੇ ਸ਼ੁਰੂ ਵਿਚ ਇਕ ਛੋਟੀ ਕਿਸ਼ਤੀ ਰਾਹੀਂ ਬ੍ਰਿਟੇਨ ਪਹੁੰਚਿਆ ਸੀ, ਨੂੰ ਪਿਛਲੇ ਵੀਰਵਾਰ ਨੂੰ ਲਾਗੂ ਹੋਈ ‘ਵਨ-ਇਨ, ਵਨ-ਆਊਟ’ ਪਾਇਲਟ ਸਕੀਮ ਤਹਿਤ ਹੀਥਰੋ ਹਵਾਈ ਅੱਡੇ ਤੋਂ ਪੈਰਿਸ ਭੇਜਿਆ ਗਿਆ।

ਇਸ ਸੰਧੀ ਤਹਿਤ ਯੂ.ਕੇ. ਗੈਰ-ਕਾਨੂੰਨੀ ਪਰਵਾਸੀਆਂ ਨੂੰ ਫਰਾਂਸ ਵਾਪਸ ਭੇਜ ਸਕਦਾ ਹੈ, ਜਦੋਂ ਕਿ ਕਾਨੂੰਨੀ ਤਰੀਕਿਆਂ ਨਾਲ ਓਨੀ ਹੀ ਗਿਣਤੀ ਵਿਚ ਸ਼ਰਨਾਰਥੀਆਂ ਨੂੰ ਸਵੀਕਾਰ ਕਰਦਾ ਹੈ। ਬ੍ਰਿਟੇਨ ਦੀ ਗ੍ਰਹਿ ਸਕੱਤਰ ਸ਼ਬਾਨਾ ਮਹਿਮੂਦ ਨੇ ਇਸ ਡਿਪੋਰਟੇਸ਼ਨ ਨੂੰ ਸਰਹੱਦੀ ਕੰਟਰੋਲ ਨੂੰ ਸਖ਼ਤ ਕਰਨ ਅਤੇ ਖਤਰਨਾਕ ਚੈਨਲ ਪਾਰ ਕਰਨ ਵਾਲਿਆਂ ਨੂੰ ਰੋਕਣ ਲਈ ਪਹਿਲਾ ਮਹੱਤਵਪੂਰਨ ਕਦਮ ਕਿਹਾ। ਮਹਿਮੂਦ ਨੇ ਕਿਹਾ, “ਇਹ ਇਕ ਸਪੱਸ਼ਟ ਸੰਦੇਸ਼ ਦਿੰਦਾ ਹੈ। ਜੇ ਤੁਸੀਂ ਯੂ.ਕੇ. ਵਿਚ ਗੈਰ-ਕਾਨੂੰਨੀ ਤੌਰ ’ਤੇ ਦਾਖਲ ਹੁੰਦੇ ਹੋ, ਤਾਂ ਅਸੀਂ ਤੁਹਾਨੂੰ ਵਾਪਸ ਭੇਜਣ ਦੀ ਕੋਸ਼ਿਸ਼ ਕਰਾਂਗੇ।” ਉਨ੍ਹਾਂ ਅੱਗੇ ਕਿਹਾ, “ਅਸੀਂ ਸੱਚੇ ਸ਼ਰਨਾਰਥੀਆਂ ਦਾ ਸਮਰਥਨ ਕਰਨਾ ਜਾਰੀ ਰੱਖਾਂਗੇ, ਪਰ ਸੁਰੱਖਿਅਤ ਅਤੇ ਕਾਨੂੰਨੀ ਤਰੀਕਿਆਂ ਨਾਲ-ਨਾ ਕਿ ਮਨੁੱਖੀ ਤਸਕਰਾਂ ਅਤੇ ਜ਼ੋਖਮ ਭਰੇ ਸਫ਼ਰਾਂ ਰਾਹੀਂ।” ਯੂ.ਕੇ. ਗ੍ਰਹਿ ਦਫ਼ਤਰ ਦੇ ਸੂਤਰਾਂ ਅਨੁਸਾਰ ਡਿਪੋਰਟ ਕੀਤੇ ਗਏ ਭਾਰਤੀ ਵਿਅਕਤੀ ਨੂੰ ਫਰਾਂਸ ਤੋਂ ਭਾਰਤ ਵਾਪਸ ਜਾਣ ਲਈ ਸਵੈ-ਇੱਛਤ ਵਾਪਸੀ ਦੀ ਪੇਸ਼ਕਸ਼ ਕੀਤੀ ਜਾਵੇਗੀ। ਜੇ ਉਹ ਇਨਕਾਰ ਕਰਦਾ ਹੈ, ਤਾਂ ਉਸ ਨੂੰ ਜ਼ਬਰਦਸਤੀ ਹਟਾਇਆ ਜਾ ਸਕਦਾ ਹੈ ਅਤੇ ਉਹ ਸ਼ਰਨ ਮੰਗਣ ਦੇ ਯੋਗ ਨਹੀਂ ਹੋਵੇਗਾ। ਇਹ ਕਦਮ ਭਾਰਤੀ ਨਾਗਰਿਕਾਂ ਨਾਲ ਜੁੜੇ ਗੈਰ-ਕਾਨੂੰਨੀ ਪਰਵਾਸ ਦੇ ਮਾਮਲਿਆਂ ਵਿਚ ਤੇਜ਼ੀ ਨਾਲ ਹੋਏ ਵਾਧੇ ਦੇ ਵਿਚਕਾਰ ਆਇਆ ਹੈ। ਅਗਸਤ ਦੇ ਅਧਿਕਾਰਤ ਅੰਕੜਿਆਂ ਅਨੁਸਾਰ ਯੂ.ਕੇ. ਵਿਚ ਇਮੀਗ੍ਰੇਸ਼ਨ ਹਿਰਾਸਤ ਵਿਚ ਲਏ ਗਏ ਭਾਰਤੀਆਂ ਦੀ ਗਿਣਤੀ ਵਿਚ ਸਾਲ-ਦਰ-ਸਾਲ 108 ਫੀਸਦੀ ਦਾ ਵਾਧਾ ਹੋਇਆ ਹੈ, ਜੋ ਕਿ 2,715 ਤੱਕ ਪਹੁੰਚ ਗਈ ਹੈ।


Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

Designed By Punjab Mail USA

# ਟਰੰਪ ਤੇ ਸ਼ੀ ਜਿਨਪਿੰਗ ਵਿਚਾਲੇ ਟਿਕਟਾਕ ਸੰਚਾਲਨ 'ਤੇ ਹੋਇਆ ਸਮਝੌਤਾ!



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੇ ਚੀਨੀ ਹਮਰੁਤਬਾ ਸ਼ੀ ਜਿਨਪਿੰਗ ਨੇ ਸ਼ੁੱਕਰਵਾਰ ਨੂੰ ਤਿੰਨ ਮਹੀਨਿਆਂ 'ਚ ਪਹਿਲੀ ਫ਼ੋਨ ਕਾਲ ਕੀਤੀ, ਜਿਸ ਨਾਲ ਅਮਰੀਕਾ ਵਿਚ ਟਿਕਟਾਕ ਨੂੰ ਔਨਲਾਈਨ ਰੱਖਣ ਲਈ ਲੰਬੇ ਸਮੇਂ ਤੋਂ ਲਟਕੇ ਸਮਝੌਤੇ 'ਤੇ ਅੱਗੇ ਵਧਿਆ, ਜਦੋਂਕਿ ਵਪਾਰ, ਟੈਰਿਫ ਅਤੇ ਵਾਸ਼ਿੰਗਟਨ ਅਤੇ ਬੀਜਿੰਗ ਵਿਚਕਾਰ ਸਬੰਧਾਂ ਨੂੰ ਤਣਾਅਪੂਰਨ ਬਣਾਉਣ ਵਾਲੇ ਹੋਰ ਫਲੈਸ਼ ਪੁਆਇੰਟਾਂ 'ਤੇ ਚਰਚਾ ਕੀਤੀ ਗਈ।

ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ 'ਤੇ ਕਾਲ ਦੀ ਪੁਸ਼ਟੀ ਕੀਤੀ, ਇਸਨੂੰ "ਬਹੁਤ ਲਾਭਕਾਰੀ" ਦੱਸਿਆ। ਉਨ੍ਹਾਂ ਕਿਹਾ ਕਿ "ਅਸੀਂ ਵਪਾਰ, ਫੈਂਟਾਨਿਲ, ਰੂਸ ਅਤੇ ਯੂਕਰੇਨ ਵਿਚਕਾਰ ਜੰਗ ਨੂੰ ਖਤਮ ਕਰਨ ਦੀ ਜ਼ਰੂਰਤ ਅਤੇ ਟਿਕਟਾਕ ਸੌਦੇ ਦੀ ਪ੍ਰਵਾਨਗੀ ਸਮੇਤ ਬਹੁਤ ਸਾਰੇ ਮਹੱਤਵਪੂਰਨ ਮੁੱਦਿਆਂ 'ਤੇ ਅੱਗੇ ਵਧੇ ਹਾਂ।"

ਟਰੰਪ ਨੇ ਅੱਗੇ ਐਲਾਨ ਕੀਤਾ ਕਿ ਦੋਵੇਂ ਨੇਤਾ ਅਗਲੇ ਮਹੀਨੇ ਦੱਖਣੀ ਕੋਰੀਆ ਵਿਚ ਏਸ਼ੀਆ-ਪ੍ਰਸ਼ਾਂਤ ਆਰਥਿਕ ਸਹਿਯੋਗ (ਏ.ਪੀ.ਈ.ਸੀ.) ਸੰਮੇਲਨ ਵਿਚ ਮਿਲਣ ਲਈ ਸਹਿਮਤ ਹੋਏ ਹਨ, ਅਗਲੇ ਸਾਲ ਦੇ ਸ਼ੁਰੂ ਵਿਚ ਚੀਨ ਅਤੇ ਸੰਯੁਕਤ ਰਾਜ ਅਮਰੀਕਾ ਦੇ ਪਰਸਪਰ ਦੌਰੇ ਦੀ ਯੋਜਨਾ ਹੈ। ਗੱਲਬਾਤ ਬਹੁਤ ਵਧੀਆ ਸੀ, ਅਸੀਂ ਫ਼ੋਨ ਰਾਹੀਂ ਦੁਬਾਰਾ ਗੱਲ ਕਰਾਂਗੇ, ਟਿਕਟਾਕ ਪ੍ਰਵਾਨਗੀ ਦੀ ਕਦਰ ਕਰਦੇ ਹਾਂ ਅਤੇ ਦੋਵੇਂ ਏ.ਪੀ.ਈ.ਸੀ. ਵਿਚ ਮਿਲਣ ਦੀ ਉਮੀਦ ਕਰਦੇ ਹਾਂ। ਬੀਜਿੰਗ ਸਬੰਧਾਂ ਵਿਚ ਟਿਕਟਾਕ ਦੇ ਅਮਰੀਕੀ ਸੰਚਾਲਨ ਦਾ ਭਵਿੱਖ ਇੱਕ ਅੜਿੱਕਾ ਰਿਹਾ ਹੈ, ਅਮਰੀਕੀ ਕਾਂਗਰਸ ਨੇ ਜਨਵਰੀ 2025 ਤੱਕ ਅਮਰੀਕੀ ਉਪਭੋਗਤਾਵਾਂ ਲਈ ਐਪ ਨੂੰ ਬੰਦ ਕਰਨ ਦਾ ਆਦੇਸ਼ ਦਿੱਤਾ ਹੈ, ਜਦੋਂ ਤੱਕ ਇਸਦੀ ਚੀਨੀ ਮੂਲ ਕੰਪਨੀ, ਬਾਈਟਡਾਂਸ ਆਪਣੀਆਂ ਅਮਰੀਕੀ ਸੰਪਤੀਆਂ ਨਹੀਂ ਵੇਚਦੀ। ਟਰੰਪ, ਜੋ ਟਿਕਟਾਕ ਨੂੰ ਇੱਕ ਹੋਰ ਕਾਰਜਕਾਲ ਜਿੱਤਣ ਵਿਚ ਮਦਦ ਕਰਨ ਦਾ ਸਿਹਰਾ ਦਿੰਦਾ ਹੈ, ਨੇ ਵਾਰ-ਵਾਰ ਸਮਾਂ ਸੀਮਾ ਵਧਾ ਦਿੱਤੀ, ਜਦੋਂ ਕਿ ਗੱਲਬਾਤ ਜਾਰੀ ਹੈ।

ਵੀਰਵਾਰ ਨੂੰ ਐਪ ਦਾ ਬਚਾਅ ਕਰਦੇ ਹੋਏ, ਟਰੰਪ ਨੇ ਕਿਹਾ, "ਟਿਕਟਾਕ ਦੀ ਬਹੁਤ ਕੀਮਤ ਹੈ ਅਤੇ ਸੰਯੁਕਤ ਰਾਜ ਅਮਰੀਕਾ ਦੇ ਹੱਥ ਵਿਚ ਇਹ ਮੁੱਲ ਹੈ ਕਿਉਂਕਿ ਅਸੀਂ ਹੀ ਹਾਂ, ਜਿਨ੍ਹਾਂ ਨੂੰ ਇਸਨੂੰ ਮਨਜ਼ੂਰੀ ਦੇਣੀ ਪਵੇਗੀ।"

ਟਰੰਪ ਨੇ ਖੇਤੀਬਾੜੀ ਖਰੀਦਾਂ ਅਤੇ ਫੈਂਟਾਨਿਲ ਪੂਰਵ ਨਿਰਯਾਤ 'ਤੇ ਬੀਜਿੰਗ ਤੋਂ ਮਜ਼ਬੂਤ ਵਚਨਬੱਧਤਾਵਾਂ ਦੀ ਮੰਗ ਕਰਦੇ ਹੋਏ ਮੌਜੂਦਾ ਟੈਰਿਫ ਪ੍ਰਬੰਧਾਂ ਨੂੰ ਵਧਾਉਣ ਦੀ ਇੱਛਾ ਦਾ ਸੰਕੇਤ ਦਿੱਤਾ। ਜਨਵਰੀ ਵਿਚ ਅਹੁਦੇ 'ਤੇ ਵਾਪਸ ਆਉਣ ਤੋਂ ਬਾਅਦ, ਟਰੰਪ ਨੇ ਚੀਨੀ ਸਮਾਨ 'ਤੇ ਟੈਰਿਫ ਵਿਚ ਤੇਜ਼ੀ ਨਾਲ ਵਾਧਾ ਕੀਤਾ ਹੈ, ਜਿਸ ਨਾਲ ਬੀਜਿੰਗ ਨੂੰ ਆਪਣੇ ਉਪਾਵਾਂ ਨਾਲ ਬਦਲਾ ਲੈਣ ਲਈ ਪ੍ਰੇਰਿਤ ਕੀਤਾ ਗਿਆ ਹੈ। ਮਹੀਨਿਆਂ ਤੋਂ ਚੱਲ ਰਹੀਆਂ ਗੱਲਬਾਤਾਂ ਦੇ ਬਾਵਜੂਦ, ਮੁੱਖ ਵਿਵਾਦ ਅਣਸੁਲਝੇ ਹੋਏ ਹਨ, ਜਿਸ ਵਿਚ ਸੈਮੀਕੰਡਕਟਰ ਤਕਨਾਲੋਜੀ ਤੱਕ ਚੀਨੀ ਪਹੁੰਚ ਅਤੇ ਦੁਰਲੱਭ-ਧਰਤੀ ਨਿਰਯਾਤ 'ਤੇ ਅਮਰੀਕੀ ਚਿੰਤਾਵਾਂ ਸ਼ਾਮਲ ਹਨ। ਟਰੰਪ ਦੇ ਪ੍ਰਸ਼ਾਸਨ ਨੇ ਇਹ ਪ੍ਰੋਜੈਕਟ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਗੱਲਬਾਤ ਵਿਚ ਅਮਰੀਕਾ ਦਾ ਹੱਥ ਸਭ ਤੋਂ ਉੱਪਰ ਹੈ, ਜਦੋਂ ਕਿ ਬੀਜਿੰਗ ਨੇ ਟੈਰਿਫ ਅਤੇ ਪਾਬੰਦੀਆਂ ਤੋਂ ਰਾਹਤ ਲਈ ਜ਼ੋਰ ਦਿੱਤਾ ਹੈ।

## ਵਿਆਹ ਸਮਾਗਮ 'ਚ ਹੋਈ ਗੋਲੀਬਾਰੀ ਵਿਚ 1 ਮੌਤ; 6 ਜ਼ਖਮੀ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਨੈਸ਼ੂਆ, ਨਿਊ ਹੈਂਪਸ਼ਾਇਰ ਵਿਚ ਸਕਾਈ ਮੀਡੋਅ ਕਾਊਂਟੀ ਕਲੱਬ ਵਿਚ ਇੱਕ ਵਿਆਹ ਸਮਾਗਮ ਦੌਰਾਨ ਹੋਈ ਗੋਲੀਬਾਰੀ ਵਿਚ ਇਕ ਵਿਅਕਤੀ ਦੇ ਮਾਰੇ ਜਾਣ ਤੇ 6 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਮੌਕੇ ਦੇ ਗਵਾਹਾਂ ਅਨੁਸਾਰ ਗੋਲੀਬਾਰੀ ਉਪਰੰਤ ਕਲੱਬ ਵਿਚ ਅਫਰਾ-ਤਫਰੀ ਦਾ ਮਾਹੌਲ ਬਣ ਗਿਆ ਤੇ ਲੋਕਾਂ ਨੇ ਆਪਣੇ ਆਪ ਨੂੰ ਬਚਾਉਣ ਲਈ ਇਧਰ-ਉਧਰ ਭੱਜਣਾ ਸ਼ੁਰੂ ਕਰ ਦਿੱਤਾ। ਸਟੇਟ ਅਟਾਰਨੀ ਜਨਰਲ ਜੌਹਨ ਐਮ ਫਾਰਮੇਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਗੋਲੀਬਾਰੀ ਵਿਚ 59 ਸਾਲਾ ਰਾਬਰਟ ਸਟੀਵਨ ਡੀਸੈਸਾਰੇ ਦੀ ਮੌਤ ਹੋ ਗਈ, ਜਦਕਿ ਦੋ ਹੋਰ ਗੋਲੀਆਂ ਵੱਜਣ ਕਾਰਨ ਜ਼ਖਮੀ ਹੋਏ ਹਨ। ਭਗਦੜ ਮੱਚਣ ਕਾਰਨ 4 ਹੋਰ ਜ਼ਖਮੀ ਹੋਏ ਹਨ ਤੇ ਉਨ੍ਹਾਂ ਦੇ ਗੋਲੀਆਂ ਨਹੀਂ ਵੱਜੀਆਂ ਹਨ। ਨੈਸ਼ੂਆ ਪੁਲਿਸ ਮੁਖੀ ਕੈਵਿਨ ਰੌਰਕੇ ਨੇ ਕਿਹਾ ਹੈ ਕਿ ਜ਼ਖਮੀਆਂ ਵਿਚੋਂ ਇਕ ਜੋ ਕਲੱਬ ਦਾ ਮੁਲਾਜ਼ਮ ਹੈ, ਦੀ ਹਾਲਤ ਗੰਭੀਰ ਪਰ ਸਥਿਰ ਹੈ। ਉਸ ਨੂੰ ਹੈਲੀਕਾਪਟਰ ਰਾਹੀਂ ਮੈਸਾਚੂਸੈਟਸ ਜਨਰਲ ਹਸਪਤਾਲ ਲਿਜਾਇਆ ਗਿਆ ਹੈ। ਦੋਸ਼ੀ 23 ਸਾਲਾ ਹੰਟਰ ਨੈਡੀਊ ਜੋ ਕਲੱਬ ਦਾ ਸਾਬਕਾ ਮੁਲਾਜ਼ਮ ਹੈ, ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਉਸ ਵਿਰੁੱਧ ਦੂਸਰਾ ਦਰਜਾ ਹੱਤਿਆ ਦੇ ਦੋਸ਼ ਲਾਏ ਗਏ ਹਨ।

## ਐੱਚ-1ਬੀ ਵੀਜ਼ਾ ਫ਼ੀਸ ਨੂੰ ਲੈ ਕੇ ਚਿੰਤਾ ਪ੍ਰਗਟਾਉਣ ਲੱਗੇ ਅਮਰੀਕੀ

### ਵਿਦੇਸ਼ੀ ਤਾਕਤਾਂ ਨੂੰ ਪਾਈ ਜਾ ਸਕੇਗੀ ਨੱਥ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਦਿਨ ਐੱਚ-1ਬੀ ਵੀਜ਼ਾ ਫ਼ੀਸ ਨੂੰ 1 ਲੱਖ ਡਾਲਰ (ਲਗਭਗ 88 ਲੱਖ ਰੁਪਏ) ਤੱਕ ਵਧਾ ਦਿੱਤਾ ਹੈ, ਜਿਸ ਨਾਲ ਅਮਰੀਕਾ 'ਚ ਕੰਮ ਕਰਨ ਦੇ ਚਾਹਵਾਨਾਂ ਦੀਆਂ ਉਮੀਦਾਂ ਨੂੰ ਬੇਹੱਦ ਕਰਾਰਾ ਝਟਕਾ ਲੱਗਾ ਹੈ। ਟਰੰਪ ਦੇ ਇਸ ਫ਼ੈਸਲੇ ਦੀ ਜਿੱਥੇ ਦੁਨੀਆਂ ਭਰ 'ਚ ਨਿੰਦਾ ਹੋ ਰਹੀ ਹੈ, ਉੱਥੇ ਹੀ ਅਮਰੀਕਾ 'ਚ ਵੀ ਸਥਿਤੀ ਕੁਝ ਵੱਖ ਨਹੀਂ ਹੈ, ਉੱਥੇ ਵੀ ਲੋਕ ਟਰੰਪ ਦੇ ਇਸ ਫ਼ੈਸਲੇ ਤੋਂ ਖੁਸ਼ ਨਹੀਂ ਹਨ।

ਇਸੇ ਦੌਰਾਨ ਅਮਰੀਕੀ ਸੰਸਦ ਮੈਂਬਰ ਰਾਜਾ ਕ੍ਰਿਸ਼ਨਾਮੂਰਤੀ ਨੇ ਟਰੰਪ ਦੇ ਇਸ ਫ਼ੈਸਲੇ 'ਤੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਇਸ ਫ਼ੈਸਲੇ ਨਾਲ ਅਮਰੀਕਾ 'ਚ ਕੰਮ ਕਰਨ ਦੇ ਚਾਹਵਾਨ ਕੁਸ਼ਲ ਕਾਰੀਗਰ ਅਮਰੀਕਾ ਤੋਂ ਬੇਹੱਦ ਦੂਰ ਹੋ ਜਾਣਗੇ।

ਉਨ੍ਹਾਂ ਕਿਹਾ ਕਿ ਇਨ੍ਹਾਂ ਕਾਰੀਗਰਾਂ ਨੇ ਦੇਸ਼ ਨੂੰ ਨਵੀਆਂ ਉਚਾਈਆਂ ਤੱਕ ਪਹੁੰਚਾਇਆ ਹੈ ਤੇ ਲੱਖਾਂ ਅਮਰੀਕੀਆਂ ਨੂੰ ਨੌਕਰੀਆਂ ਦੇਣ ਵਾਲੇ ਸੈਕਟਰਾਂ ਦੀ ਸਥਾਪਨਾ ਕਰਨ 'ਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਐੱਚ-1ਬੀ ਵੀਜ਼ਾ ਹੋਲਡਰ ਅਮਰੀਕਾ ਦੇ ਨਾਗਰਿਕ ਬਣ ਜਾਂਦੇ ਹਨ ਤੇ ਇੱਥੇ ਆ ਕੇ ਅਜਿਹਾ ਕਾਰੋਬਾਰ ਸ਼ੁਰੂ ਕਰਦੇ ਹਨ, ਜਿਸ ਨਾਲ ਲੱਖਾਂ ਅਮਰੀਕੀ ਨਾਗਰਿਕਾਂ ਨੂੰ ਵੀ ਨੌਕਰੀਆਂ ਮਿਲਦੀਆਂ ਹਨ। ਸਾਨੂੰ ਉਨ੍ਹਾਂ ਦਾ ਇਸ ਕੰਮ 'ਚ ਸਾਥ ਦੇਣਾ ਚਾਹੀਦਾ ਹੈ, ਨਾ ਕਿ ਉਨ੍ਹਾਂ ਦੇ ਰਸਤੇ 'ਚ ਰੁਕਾਵਟਾਂ ਖੜ੍ਹੀਆਂ ਕਰਨੀਆਂ ਚਾਹੀਦੀਆਂ ਹਨ। ਅਜਿਹੇ ਕਦਮ ਦੇਸ਼ ਦੀ ਅਰਥਵਿਵਸਥਾ ਨੂੰ ਕਮਜ਼ੋਰ ਕਰਦੇ ਹਨ।

ਟਰੰਪ ਦੇ ਇਸ ਫ਼ੈਸਲੇ ਬਾਰੇ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਨਾਲ ਕੁਸ਼ਲ ਕਰਮਚਾਰੀ ਅਮਰੀਕਾ ਤੋਂ ਦੂਰ ਹੋ ਜਾਣਗੇ ਤੇ ਇਹ ਕਦਮ ਹੌਲੀ-ਹੌਲੀ ਅਮਰੀਕਾ ਲਈ ਫ਼ਾਇਦੇ ਦੀ ਜਗ੍ਹਾ ਨੁਕਸਾਨਦੇਹ ਸਾਬਿਤ ਹੋ ਸਕਦਾ ਹੈ। ਇਨ੍ਹਾਂ ਨੀਤੀਆਂ ਕਾਰਨ ਉਹ ਕਰਮਚਾਰੀ ਅਮਰੀਕਾ ਦੀ ਜਗ੍ਹਾ ਕੈਨੇਡਾ, ਇੰਗਲੈਂਡ ਜਾਂ ਹੋਰ ਦੇਸ਼ਾਂ ਵੱਲ ਰੁਖ਼ ਕਰ ਲੈਣਗੇ ਤੇ ਇਸ ਕਾਰਨ ਅਮਰੀਕਾ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ।




# EXPO
## Furniture Gallery





**We offer 0% interest financing and carry all major brands.**

**ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ**

In business for over 30 years

*SPECIAL SALE*

***Best price guaranteed.***



Designed By Punjab Mail USA

**7310 HOME LEISURE PLAZA, SACRAMENTO, CA 95823**

**(916) 392-3233**

www.expofurnituregallery.com

# ਅਮਰੀਕਾ ਨੇ ਰੱਦ ਕੀਤੇ ਕਈ ਭਾਰਤੀ ਅਧਿਕਾਰੀਆਂ ਦੇ ਵੀਜ਼ੇ

- ਕਿਹਾ: ਭੁਗਤਣੇ ਪੈਣਗੇ ਗੰਭੀਰ ਨਤੀਜੇ
- ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਦੇਸ਼ਾਂ ਦੀ ਸੂਚੀ 'ਚ ਭਾਰਤ!




**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਸਬੰਧੀ ਕਈ ਦੇਸ਼ਾਂ ਨੂੰ ਦਿੱਤੀ ਗਈ ਚੇਤਾਵਨੀ ਤੋਂ ਬਾਅਦ ਹੁਣ ਕਾਰਵਾਈ ਕੀਤੀ ਗਈ ਹੈ। ਨਵੀਂ ਦਿੱਲੀ ਸਥਿਤ ਅਮਰੀਕੀ ਦੂਤਾਵਾਸ ਨੇ ਵੀਰਵਾਰ (18 ਸਤੰਬਰ, 2025) ਨੂੰ ਐਲਾਨ ਕੀਤਾ ਕਿ ਟਰੰਪ ਪ੍ਰਸ਼ਾਸਨ ਨੇ ਕੁਝ ਭਾਰਤੀ ਅਧਿਕਾਰੀਆਂ ਅਤੇ ਕਾਰਪੋਰੇਟ ਆਗੂਆਂ ਦੇ ਵੀਜ਼ੇ ਰੱਦ ਕਰ ਦਿੱਤੇ ਹਨ। ਅਮਰੀਕੀ ਦੂਤਾਵਾਸ ਨੇ ਕਿਹਾ ਕਿ ਉਨ੍ਹਾਂ 'ਤੇ ਫੈਂਟਾਨਿਲ ਪੂਰਵਗਾਮੀਆਂ (ਨਸ਼ੀਲੇ ਪਦਾਰਥਾਂ) ਦੀ ਤਸਕਰੀ ਵਿਚ ਕਥਿਤ ਤੌਰ 'ਤੇ ਸ਼ਾਮਲ ਹੋਣ ਦਾ ਦੋਸ਼ ਹੈ।

ਇੱਕ ਦਿਨ ਪਹਿਲਾਂ (17 ਸਤੰਬਰ, 2025), ਅਮਰੀਕਾ ਨੇ ਭਾਰਤ ਨੂੰ ਉਨ੍ਹਾਂ 23 ਦੇਸ਼ਾਂ ਦੀ ਸੂਚੀ 'ਚ ਸ਼ਾਮਲ ਕੀਤਾ, ਜਿੱਥੇ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦਾ ਉਤਪਾਦਨ ਅਤੇ ਤਸਕਰੀ ਹੁੰਦੀ ਹੈ। ਟਰੰਪ ਨੇ ਕਿਹਾ ਕਿ ਇਹ ਦੇਸ਼ ਗੈਰ-ਕਾਨੂੰਨੀ ਨਸ਼ੀਲੀਆਂ ਦਵਾਈਆਂ ਅਤੇ ਉਨ੍ਹਾਂ ਦੇ ਨਿਰਮਾਣ ਵਿਚ ਵਰਤੇ ਜਾਣ ਵਾਲੇ ਰਸਾਇਣਾਂ ਦਾ ਉਤਪਾਦਨ ਅਤੇ ਤਸਕਰੀ ਰਾਹੀਂ ਅਮਰੀਕਾ ਅਤੇ ਇਸਦੇ ਨਾਗਰਿਕਾਂ ਦੀ ਸੁਰੱਖਿਆ ਲਈ ਖ਼ਤਰਾ ਪੈਦਾ ਕਰ ਰਹੇ ਹਨ। ਅਮਰੀਕਾ ਨੇ ਕਿਹਾ ਕਿ ਉਹ ਇਸ ਸਬੰਧ ਵਿਚ ਸਾਰੇ ਦੇਸ਼ਾਂ ਦੀ ਨਿਗਰਾਨੀ ਕਰ ਰਿਹਾ ਹੈ।

ਅਮਰੀਕੀ ਦੂਤਾਵਾਸ ਨੇ ਵੀਰਵਾਰ ਨੂੰ ਇੱਕ ਪ੍ਰੈੱਸ ਰਿਲੀਜ਼ ਜਾਰੀ ਕਰਕੇ ਕਿਹਾ ਕਿ ਅਮਰੀਕੀ ਲੋਕਾਂ ਨੂੰ ਖ਼ਤਰਨਾਕ ਸਿੰਥੈਟਿਕ ਨਸ਼ਿਆਂ ਦੇ ਖ਼ਤਰੇ ਤੋਂ ਬਚਾਉਣ ਲਈ ਕੁਝ ਭਾਰਤੀ ਕੰਪਨੀ ਦੇ ਅਧਿਕਾਰੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਗਏ ਹਨ। ਇਸ ਵਿਚ ਕਿਹਾ ਗਿਆ ਹੈ ਕਿ ਇਸ ਫੈਸਲੇ ਨਾਲ ਕੁਝ ਕਾਰੋਬਾਰੀ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸੰਯੁਕਤ ਰਾਜ ਅਮਰੀਕਾ ਦੀ ਯਾਤਰਾ ਕਰਨ ਦੇ ਅਯੋਗ ਕਰਾਰ ਕਰ ਦਿੱਤਾ ਜਾਵੇਗਾ।

ਅਮਰੀਕਾ ਵਿਚ ਵੀਜ਼ਾ ਲਈ ਅਰਜ਼ੀ ਦਿੰਦੇ ਸਮੇਂ ਦੂਤਾਵਾਸ ਦੁਆਰਾ ਫੈਂਟਾਨਿਲ ਪੂਰਵਗਾਮੀਆਂ ਦੀ ਤਸਕਰੀ ਵਿਚ ਸ਼ਾਮਲ ਕੰਪਨੀਆਂ ਦੇ ਅਧਿਕਾਰੀਆਂ ਦੀ ਪਛਾਣ ਵੀ ਕੀਤੀ ਜਾਵੇਗੀ। ਅਮਰੀਕੀ ਦੂਤਾਵਾਸ ਨੇ ਇਸ ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਲ ਲੜਨ ਵਿਚ ਭਾਰਤ ਸਰਕਾਰ ਦੇ ਸਹਿਯੋਗ ਲਈ ਧੰਨਵਾਦ ਵੀ ਕੀਤਾ। ਅਮਰੀਕੀ ਦੂਤਾਵਾਸ ਨੇ ਕਿਹਾ, "ਸੰਯੁਕਤ ਰਾਜ ਵਿਚ ਨਸ਼ੀਲੇ ਪਦਾਰਥਾਂ ਦੇ ਗੈਰ-ਕਾਨੂੰਨੀ ਉਤਪਾਦਨ ਅਤੇ ਤਸਕਰੀ ਵਿਚ ਸ਼ਾਮਲ ਵਿਅਕਤੀਆਂ, ਸੰਗਠਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ।"

ਟਰੰਪ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜਿਨ੍ਹਾਂ ਦੇਸ਼ਾਂ ਤੋਂ ਇਹ ਦਵਾਈਆਂ ਨਿਕਲਦੀਆਂ ਹਨ ਅਤੇ ਜਿਨ੍ਹਾਂ ਤੱਕ ਇਹ ਪਹੁੰਚਦਿਆਂ ਹਨ, ਉਨ੍ਹਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ ਅਤੇ ਇਨ੍ਹਾਂ ਦਵਾਈਆਂ ਦੀ ਸਪਲਾਈ ਨੂੰ ਰੋਕਣਾ ਚਾਹੀਦਾ ਹੈ। ਅਜਿਹਾ ਕਰਨ ਵਿਚ ਅਸਫਲ ਰਹਿਣ ਦੇ ਗੰਭੀਰ ਨਤੀਜੇ ਭੁਗਤਣੇ ਪੈਣਗੇ।

# ਟਰੰਪ ਵੱਲੋਂ ਅਫਗਾਨਿਸਤਾਨ ਨੂੰ ਬਗਰਾਮ ਏਅਰਬੇਸ 'ਤੇ ਅਮਰੀਕੀ ਕੰਟਰੋਲ ਮੁੜ ਸਥਾਪਤ ਕਰਨ ਦੀ ਧਮਕੀ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਅਫਗਾਨਿਸਤਾਨ ਦੇ ਬਗਰਾਮ ਏਅਰਬੇਸ 'ਤੇ ਅਮਰੀਕਾ ਦੇ ਕੰਟਰੋਲ ਦੀ ਮੰਗ ਕੀਤੀ ਹੈ। ਟਰੰਪ ਇਸ ਮੁੱਦੇ 'ਤੇ ਅਕਸਰ ਚਰਚਾ ਕਰਦੇ ਰਹੇ ਹਨ। ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਇੱਕ ਪੋਸਟ ਵਿਚ ਉਨ੍ਹਾਂ ਨੇ ਖੁੱਲ੍ਹ ਕੇ ਧਮਕੀ ਦਿੱਤੀ ਕਿ ਜੇਕਰ ਅਫਗਾਨਿਸਤਾਨ ਬਗਰਾਮ ਏਅਰਬੇਸ ਨੂੰ ਇਸਦੇ ਸਿਰਜਣਹਾਰ, ਸੰਯੁਕਤ ਰਾਜ ਅਮਰੀਕਾ ਨੂੰ ਵਾਪਸ ਨਹੀਂ ਕਰਦਾ ਹੈ, ਤਾਂ ਨਤੀਜੇ ਬਹੁਤ ਭਿਆਨਕ ਹੋਣਗੇ।

ਟਰੰਪ ਨੇ ਕਿਹਾ, "ਅਸੀਂ ਇਸ ਸਮੇਂ ਅਫਗਾਨਿਸਤਾਨ ਨਾਲ ਗੱਲ ਕਰ ਰਹੇ ਹਾਂ। ਅਸੀਂ ਚਾਹੁੰਦੇ ਹਾਂ ਕਿ ਬਗਰਾਮ ਏਅਰਬੇਸ ਜਲਦੀ ਹੀ ਸਾਡੇ ਕੰਟਰੋਲ ਹੇਠ ਹੋਵੇ। ਜੇਕਰ ਅਫਗਾਨਿਸਤਾਨ ਅਜਿਹਾ ਨਹੀਂ ਕਰਦਾ ਹੈ, ਤਾਂ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਮੈਂ ਕੀ ਕਰਨ ਜਾ ਰਿਹਾ ਹਾਂ।" ਪਹਿਲਾਂ, ਟਰੰਪ ਨੇ ਕਿਹਾ ਸੀ ਕਿ ਅਮਰੀਕਾ ਚੀਨ 'ਤੇ ਨਜ਼ਰ ਰੱਖਣ ਲਈ ਕਾਬੁਲ ਦੇ ਨੇੜੇ ਇੱਕ ਵੱਡੇ ਅਫਗਾਨ ਏਅਰਬੇਸ ਨੂੰ ਮੁੜ ਹਾਸਲ ਕਰਨ ਦੀ ਯੋਜਨਾ ਬਣਾ ਰਿਹਾ ਹੈ। ਹਾਲਾਂਕਿ, ਅਫਗਾਨਿਸਤਾਨ 'ਤੇ ਸ਼ਾਸਨ ਕਰਨ ਵਾਲੇ ਤਾਲਿਬਾਨ ਨੇ ਇਸ ਦਾ



ਜਵਾਬ ਦਿੱਤਾ ਹੈ। ਤਾਲਿਬਾਨ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਅਫਗਾਨਿਸਤਾਨ ਤੋਂ ਕਿਸੇ ਵੀ ਅਮਰੀਕੀ ਫੌਜੀ ਵਾਪਸੀ ਨੂੰ ਮਨਜ਼ੂਰੀ ਨਹੀਂ ਦਿੱਤੀ ਜਾਵੇਗੀ। ਬਗਰਾਮ ਏਅਰਬੇਸ ਨੂੰ ਅਮਰੀਕਾ ਨੂੰ ਸੌਂਪਣ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਦੌਰਾਨ, ਤਾਲਿਬਾਨ ਵਿਦੇਸ਼ ਮੰਤਰਾਲੇ ਦੇ ਰਾਜਨੀਤਿਕ ਨਿਰਦੇਸ਼ਕ ਜ਼ਾਕਿਰ ਜਲਾਲੀ ਨੇ ਐਕਸ ਪੋਸਟ ਵਿਚ ਲਿਖਿਆ ਕਿ ਅਫਗਾਨਿਸਤਾਨ ਅਤੇ ਅਮਰੀਕਾ ਨੂੰ ਗੱਲਬਾਤ ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਉਹ ਆਪਸੀ ਸਤਿਕਾਰ ਅਤੇ ਸਾਂਝੇ ਹਿੱਤਾਂ ਦੇ ਆਧਾਰ 'ਤੇ ਆਰਥਿਕ ਅਤੇ ਰਾਜਨੀਤਿਕ ਸਬੰਧ ਬਣਾ ਸਕਦੇ ਹਨ, ਪਰ ਅਮਰੀਕਾ ਨੂੰ ਆਪਣੀਆਂ ਫੌਜਾਂ ਵਾਪਸ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਇਹ ਧਿਆਨ ਦੇਣ ਯੋਗ ਹੈ ਕਿ ਬਗਰਾਮ ਏਅਰਬੇਸ ਲਗਭਗ ਦੋ ਦਹਾਕਿਆਂ ਤੱਕ ਨਾਟੋ ਫੌਜਾਂ ਲਈ ਇੱਕ ਪ੍ਰਮੁੱਖ ਕੇਂਦਰ ਸੀ। ਤਾਲਿਬਾਨ ਦੇ ਅਫਗਾਨਿਸਤਾਨ 'ਤੇ ਕਬਜ਼ਾ ਕਰਨ ਤੋਂ ਥੋੜ੍ਹੀ ਦੇਰ ਪਹਿਲਾਂ ਇਸਨੂੰ ਅਫਗਾਨ ਫੌਜ ਨੂੰ ਸੌਂਪ ਦਿੱਤਾ ਗਿਆ ਸੀ। ਇਸ ਬਾਰੇ, ਟਰੰਪ ਨੇ ਵੀਰਵਾਰ ਨੂੰ ਬ੍ਰਿਟੇਨ ਵਿਚ ਇੱਕ ਪ੍ਰੈੱਸ ਕਾਨਫਰੰਸ ਵਿਚ ਕਿਹਾ ਕਿ ਅਮਰੀਕਾ ਨੇ ਬਗਰਾਮ ਏਅਰਬੇਸ ਉਨ੍ਹਾਂ ਨੂੰ ਮੁਫਤ ਵਿਚ ਦਿੱਤਾ। ਇੱਕ ਰਿਪੋਰਟ ਅਨੁਸਾਰ, ਟਰੰਪ ਨੇ ਦਾਅਵਾ ਕੀਤਾ ਕਿ ਬਗਰਾਮ ਏਅਰਬੇਸ ਚੀਨ ਦੇ ਪ੍ਰਮਾਣੂ ਹਥਿਆਰ ਨਿਰਮਾਣ ਸਥਾਨ ਤੋਂ ਸਿਰਫ ਇੱਕ ਘੰਟੇ ਦੀ ਦੂਰੀ 'ਤੇ ਹੈ। ਇਸ ਤੋਂ ਇਲਾਵਾ, ਟਰੰਪ ਨੇ ਪਹਿਲਾਂ ਕਿਹਾ ਹੈ ਕਿ ਉਹ ਚਾਹੁੰਦਾ ਹੈ ਕਿ ਅਮਰੀਕਾ ਪਨਾਮਾ ਨਹਿਰ ਤੋਂ ਗ੍ਰੀਨਲੈਂਡ ਤੱਕ ਕਈ ਥਾਵਾਂ 'ਤੇ ਕਬਜ਼ਾ ਕਰੇ, ਅਤੇ ਇਸ ਲਈ, ਉਸਨੇ ਲੰਬੇ ਸਮੇਂ ਤੋਂ ਬਗਰਾਮ 'ਤੇ ਧਿਆਨ ਕੇਂਦਰਿਤ ਕੀਤਾ ਹੈ। 18 ਸਤੰਬਰ ਨੂੰ, ਉਸਨੇ ਸੰਕੇਤ ਦਿੱਤਾ ਸੀ ਕਿ ਅਮਰੀਕਾ ਏਅਰਬੇਸ ਦਾ ਕੰਟਰੋਲ ਲੈ ਸਕਦਾ ਹੈ। ਪਰ ਸਮਝੌਤੇ ਦੀ ਪ੍ਰਕਿਰਤੀ ਅਜੇ ਵੀ ਅਸਪੱਸ਼ਟ ਹੈ। ਜੇਕਰ ਕੋਈ ਸਮਝੌਤਾ ਹੋ ਜਾਂਦਾ ਹੈ, ਤਾਂ ਇਹ ਤਾਲਿਬਾਨ ਲਈ ਇੱਕ ਵੱਡਾ ਮੋੜ ਹੋਵੇਗਾ, ਜਿਸਨੇ ਅਮਰੀਕੀ ਫੌਜਾਂ ਨੂੰ ਕੱਢਣ ਅਤੇ ਅਮਰੀਕਾ-ਸਮਰਥਿਤ ਸਰਕਾਰ ਤੋਂ ਦੇਸ਼ ਨੂੰ ਵਾਪਸ ਲੈਣ ਲਈ ਲੜਾਈ ਲੜੀ ਸੀ।

# ਵਿਦੇਸ਼ੀਆਂ ਨੂੰ ਕੈਨੇਡਾ ਤੋਂ ਅਮਰੀਕਾ ਲੰਘਾਉਣ ਦਾ ਦੋਸ਼ੀ ਗ੍ਰਿਫ਼ਤਾਰ

- ਮਨੁੱਖੀ ਤਸਕਰੀ ਦਾ ਕੇਸ ਭੁਗਤਣ ਲਈ ਭੇਜਿਆ ਜਾਵੇਗਾ ਅਮਰੀਕਾ

**ਟੋਰਾਂਟੋ, (ਪੰਜਾਬ ਮੇਲ)**-ਕੈਨੇਡਾ ਅਤੇ ਅਮਰੀਕਾ 'ਚ ਮਨੁੱਖੀ ਤਸਕਰੀ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਗੁਜਰਾਤੀ ਮੂਲ ਦਾ ਫਨਿਲ ਪਟੇਲ ਬੀਤੇ ਦਿਨੀਂ ਬਰੈਂਪਟਨ ਸ਼ਹਿਰ ਤੋਂ ਗ੍ਰਿਫ਼ਤਾਰ ਕੀਤਾ ਗਿਆ। ਅਮਰੀਕੀ ਨਿਆਂ ਵਿਭਾਗ ਦੇ ਵਾਰੰਟ ਦੇ ਆਧਾਰ 'ਤੇ ਉਸ ਨੂੰ ਕੈਨੇਡੀਅਨ ਅਧਿਕਾਰੀਆਂ ਵੱਲੋਂ ਅਮਰੀਕੀ ਹਿਰਾਸਤ ਵਿਚ ਭੇਜੇ ਜਾਣ ਦੀ ਸੰਭਾਵਨਾ ਹੈ। ਤਿੰਨ ਕੁ ਸਾਲ ਪਹਿਲਾਂ (19 ਜਨਵਰੀ 2022) ਗੁਜਰਾਤ ਤੋਂ ਚੱਲ ਕੇ ਕੈਨੇਡਾ 'ਚ ਮੈਨੀਟੋਬਾ ਪ੍ਰਾਂਤ ਦੇ ਰਸਤੇ ਦੇਰ ਰਾਤ ਨੂੰ ਈਮਰਸਨ ਸਰਹੱਦ ਤੋਂ ਅਮਰੀਕਾ 'ਚ ਮਿਨੀਸੋਟਾ ਰਾਜ 'ਚ ਲੰਘਣ ਦੀ ਕੋਸ਼ਿਸ਼ ਵਿਚ ਦੋ ਬੱਚਿਆਂ ਸਮੇਤ ਇਕ ਭਾਰਤੀ ਪਰਿਵਾਰ ਦੇ ਚਾਰ ਜੀਅ ਬਰਫ਼ੀਲੀ ਠੰਢ (-35 ਡਿਗਰੀ ਸੈਂਟੀਗਰੇਡ, ਸੀਤ ਸਰਦ) ਵਿਚ ਮਨਤ ਦਾ ਸ਼ਿਕਾਰ ਹੋ ਗਏ ਸਨ। ਉਨ੍ਹਾਂ ਦੇ ਨਾਂ ਜਗਦੀਸ਼ ਪਟੇਲ (37), ਉਸ ਦੀ ਪਤਨੀ ਵੈਸ਼ਾਲੀ ਪਟੇਲ (37), ਬੇਟੀ ਵਿਹੰਗੀ ਪਟੇਲ (11) ਤੇ ਬੇਟਾ ਧਾਰਮਿਕ ਪਟੇਲ (3) ਸਨ। ਉਨ੍ਹਾਂ ਦੀਆਂ ਲਾਸ਼ਾਂ ਕੈਨੇਡਾ ਵਾਲੇ ਪਾਸੇ ਅਮਰੀਕੀ ਸਰਹੱਦ ਤੋਂ 12 ਕੁ ਮੀਟਰ ਦੀ ਦੂਰ ਮਿਲੀਆਂ ਸਨ। ਉਦੋਂ ਤੋਂ ਦੋਵਾਂ ਦੇਸ਼ਾਂ ਵਿਚ ਜਾਂਚ ਅਧਿਕਾਰੀ ਇਸ ਕੇਸ ਵਿਚ ਮਨੁੱਖੀ ਤਸਕਰਾਂ ਦੇ ਕੇਸਾਂ ਦੀ ਜਾਂਚ ਵਿਚ ਜੁਟੇ ਹਨ।

ਅਮਰੀਕਾ 'ਚ ਉਪਰੋਕਤ ਫਨਿਲ ਪਟੇਲ ਦੇ ਦੋ ਸਾਥੀ ਅਦਾਲਤ ਵੱਲੋਂ ਸਜ਼ਾਯਾਫਤਾ ਕੀਤੇ ਜਾ ਚੁੱਕੇ ਹਨ। ਭਾਰਤ ਵਿਚ ਗੁਜਰਾਤ ਪੁਲਿਸ ਦੀ ਅਹਿਮਦਾਬਾਦ ਕ੍ਰਾਈਮ ਬ੍ਰਾਂਚ ਵੱਲੋਂ ਇਸ ਮਾਮਲੇ 'ਚ ਫਨਿਲ ਅਤੇ ਉਸ ਦੇ ਇਕ ਸਾਥੀ ਦਾ ਵਾਰੰਟ ਕੱਢਿਆ ਹੋਇਆ ਹੈ। ਜਾਣਕਾਰੀ ਅਨੁਸਾਰ ਗ੍ਰਿਫ਼ਤਾਰੀ ਤੋਂ ਬਚਣ ਲਈ ਫਨਿਲ ਬੀਤੇ ਸਾਲਾਂ ਦੌਰਾਨ ਅਮਰੀਕਾ ਤੋਂ ਇਲਾਵਾ ਵੈਨਕੋਵਰ, ਓਟਾਵਾ, ਟੋਰਾਂਟੋ, ਬਰੈਂਪਟਨ ਆਦਿ ਸ਼ਹਿਰਾਂ ਵਿਚ ਆਪਣੇ ਟਿਕਾਣੇ ਬਦਲਦਾ ਰਿਹਾ ਹੈ। ਉਸ ਦੇ ਸਾਥੀ ਹਰਸ਼ ਕੁਮਾਰ ਪਟੇਲ (ਭਾਰਤੀ ਨਾਗਰਿਕ) ਅਤੇ ਸਟੀਵ ਸ਼ਾਂਦ (ਫਲੋਰੀਡਾ ਵਾਸੀ) ਅਮਰੀਕਾ ਵਿਖੇ ਮਿਨੀਸੋਟਾ ਅਦਾਲਤ ਵੱਲੋਂ ਮਨੁੱਖੀ ਤਸਕਰੀ ਅਤੇ ਇਸ ਧੰਦੇ ਵਿਚੋਂ ਕਮਾਈ ਕਰਨ ਦੇ ਕੇਸ ਵਿਚ ਦੋਸ਼ੀ ਪਾਏ ਜਾ ਚੁੱਕੇ ਹਨ ਤੇ ਬੀਤੇ ਮਈ ਮਹੀਨੇ ਵਿਚ ਦੋਵਾਂ ਨੂੰ ਕ੍ਰਮਵਾਰ 10 ਸਾਲ ਤੇ ਸਾਢੇ ਛੇ ਸਾਲਾਂ ਦੀ ਕੈਦ ਹੋਈ। ਸ਼ਾਂਦ ਨੂੰ ਕੈਨੇਡਾ 'ਚ ਭਾਰਤੀਆਂ ਨਾਲ਼ ਭਰੀ ਵੈਨ ਸਮੇਤ ਸਰਹੱਦ ਨੇੜੇ ਕਾਬੂ ਕੀਤਾ ਗਿਆ ਸੀ। ਹਰਸ਼ ਕੁਮਾਰ ਨੂੰ ਅਮਰੀਕਾ 'ਚ ਸ਼ਿਕਾਗੋ ਤੋਂ ਫੜਿਆ ਗਿਆ ਸੀ। ਓਧਰ ਅਮਰੀਕੀ ਨਿਆਂ ਵਿਭਾਗ ਵਲੋਂ ਫਨਿਲ ਦੀ ਗ੍ਰਿਫ਼ਤਾਰੀ ਦਾ ਵਾਰੰਟ ਕੱਢਿਆ ਹੋਇਆ ਹੈ, ਜਿਸ ਦੇ ਆਧਾਰ 'ਤੇ ਉਸ ਨੂੰ ਕੇਸ ਭੁਗਤਣ ਲਈ ਅਮਰੀਕੀ ਅਧਿਕਾਰੀਆਂ ਦੇ ਹਵਾਲੇ ਕੀਤੇ ਜਾਣ ਦੀ ਕਾਰਵਾਈ ਸ਼ੁਰੂ ਕੀਤੀ ਜਾ ਸਕਦੀ ਹੈ। ਜਾਣਕਾਰੀ ਅਨੁਸਾਰ ਵਿਦੇਸ਼ੀਆਂ ਨੂੰ ਸਰਹੱਦ ਪਾਰ ਕਰਾਉਣ ਲਈ ਕਿਰਾਏ 'ਤੇ ਗੱਡੀ ਲੈ ਕੇ ਸਰਹੱਦ ਤੱਕ ਪਹੁੰਚਾਇਆ ਜਾਂਦਾ ਸੀ, ਜਿਵੇਂ ਕਿ ਮ੍ਰਿਤਕ ਪਟੇਲ ਪਰਿਵਾਰ ਨੂੰ ਵੀ ਟੋਰਾਂਟੋ ਤੋਂ ਵਿਨੀਪੈਗ 17 ਜਨਵਰੀ 2022 ਨੂੰ ਕਿਰਾਏ ਦੀ ਗੱਡੀ ਵਿਚ ਲਿਜਾਇਆ ਗਿਆ ਸੀ। ਅਦਾਲਤ ਦੇ ਰਿਕਾਰਡ ਅਨੁਸਾਰ ਮਨੁੱਖੀ ਤਸਕਰੀ ਦੇ ਦੋਸ਼ੀ ਰਜਿੰਦਰ ਪਾਲ ਸਿੰਘ ਨੇ ਆਪਣੇ ਬਿਆਨ ਵਿਚ ਕਿਹਾ ਕਿ ਮਰਨ ਤੋਂ ਪਹਿਲਾਂ ਪਟੇਲ ਪਰਿਵਾਰ ਨੇ ਮਦਦ ਲਈ ਫਨਿਲ ਨੂੰ ਫੋਨ ਕੀਤੇ ਸਨ ਪਰ ਉਨ੍ਹਾਂ ਦੀ ਮਦਦ ਨਹੀਂ ਕੀਤੀ ਗਈ।

# ਰੂਸ-ਯੂਕਰੇਨ ਜੰਗ ਤੋਂ ਪੈਸੇ ਕਮਾ ਰਿਹੈ ਅਮਰੀਕਾ: ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਦਾ ਦੇਸ਼ ਰੂਸ-ਯੂਕਰੇਨ ਦੀ ਜੰਗ ਤੋਂ ਪੈਸੇ ਕਮਾ ਰਿਹਾ ਹੈ। ਉਨ੍ਹਾਂ ਦਾ ਇਹ ਬਿਆਨ ਉਨ੍ਹਾਂ ਦੇ ਪਹਿਲਾਂ ਦੇ ਸਟੈਂਡ ਦੇ ਉਲਟ ਹੈ, ਜਿਸ ਵਿਚ ਉਨ੍ਹਾਂ ਕੀਵ ਨੂੰ ਬਿਨਾਂ ਸ਼ਰਤ ਫੌਜੀ ਸਮਰਥਨ ਦੇਣ ਦੀ ਗੱਲ ਕਹੀ ਸੀ, ਜਿਸ ਦੇ ਤਹਿਤ ਅਮਰੀਕਾ ਉਸ ਨੂੰ ਹਥਿਆਰ ਸਪਲਾਈ ਕਰਦਾ ਰਿਹਾ ਹੈ।

ਵ੍ਹਾਈਟ ਹਾਊਸ 'ਚ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਟਰੰਪ ਨੇ ਜੁਲਾਈ 'ਚ ਹਸਤਾਖਰ ਕੀਤੇ ਉਸ ਸਮਝੌਤੇ ਦੀ ਪ੍ਰਸ਼ੰਸਾ ਕੀਤੀ, ਜਿਸ ਦੇ ਤਹਿਤ ਅਮਰੀਕਾ ਆਪਣੇ ਸਾਥੀ ਨਾਟੋ ਮੈਂਬਰਾਂ ਨੂੰ ਹਥਿਆਰ ਵੇਚਦਾ ਹੈ, ਜੋ ਬਾਅਦ 'ਚ ਉਹ ਯੂਕਰੇਨ ਨੂੰ ਸੌਂਪ ਦਿੰਦੇ ਹਨ। ਟਰੰਪ ਨੇ ਕਿਹਾ ਕਿ ਅਸੀਂ ਜੰਗ 'ਤੇ ਹੋਰ ਖਰਚਾ ਨਹੀਂ ਕਰ ਰਹੇ। ਕੀ ਤੁਹਾਨੂੰ ਪਤਾ ਹੈ ਕਿ ਜੋ ਕੁਝ ਵੀ ਭੇਜਿਆ ਗਿਆ ਹੈ, ਉਸ ਦੇ ਲਈ ਭੁਗਤਾਨ ਕੀਤਾ ਜਾ ਰਿਹਾ ਹੈ ਅਤੇ ਅਸੀਂ ਬਾਇਡਨ ਵਾਂਗ ਨਹੀਂ ਕਰ ਰਹੇ। ਉਨ੍ਹਾਂ ਨੂੰ 350 ਅਰਬ ਡਾਲਰ ਦਿੱਤੇ ਗਏ, ਜੋ ਹੈਰਾਨ ਕਰ ਦੇਣ ਵਾਲਾ ਸੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜੰਗ ਲਈ ਨਾਟੋ ਵੱਲੋਂ ਫੰਡਿੰਗ ਕੀਤੀ ਜਾ ਰਹੀ ਹੈ।

# ਦੱਖਣੀ ਪੈਨਸਿਲਵੇਨੀਆ 'ਚ 3 ਪੁਲਿਸ ਅਧਿਕਾਰੀਆਂ ਦਾ ਗੋਲ਼ੀਆਂ ਮਾਰ ਕੇ ਕਤਲ!

- ਜਵਾਬੀ ਕਾਰਵਾਈ 'ਚ ਹਮਲਾਵਰ ਵੀ ਢੇਰ

**ਪੈਨਸਿਲਵੇਨੀਆ, (ਪੰਜਾਬ ਮੇਲ)**- ਅਮਰੀਕਾ 'ਚ 3 ਪੁਲਿਸ ਅਧਿਕਾਰੀਆਂ ਦੇ ਮਾਰੇ ਜਾਣ ਦਾ ਸਨਸਨੀਖੇਜ਼ ਸਮਾਚਾਰ ਪ੍ਰਾਪਤ ਹੋਇਆ ਹੈ।

ਜਾਣਕਾਰੀ ਮੁਤਾਬਕ ਅਮਰੀਕਾ ਦੇ ਦੱਖਣੀ ਪੈਨਸਿਲਵੇਨੀਆ 'ਚ ਇਕ ਹਮਲਾਵਰ ਨੇ ਅਚਾਨਕ ਗੋਲ਼ੀਆਂ ਚਲਾ ਦਿੱਤੀਆਂ, ਜਿਸ ਕਾਰਨ ਤਿੰਨ ਪੁਲਿਸ ਮਾਰੇ ਗਏ, ਜਦਕਿ ਦੋ ਹੋਰ ਜ਼ਖ਼ਮੀ ਹੋ ਗਏ। ਇਸ ਮਗਰੋਂ ਕਾਰਵਾਈ ਕਰਦਿਆਂ ਪੁਲਿਸ ਨੇ ਹਮਲਾਵਰ ਨੂੰ ਗੋਲੀ ਮਾਰ ਕੇ ਢੇਰ ਕਰ ਦਿੱਤਾ।

ਜਾਣਕਾਰੀ ਅਨੁਸਾਰ ਪੁਲਿਸ ਟੀਮ ਉੱਥੇ ਇਕ ਘਰੇਲੂ ਵਿਵਾਦ ਦੀ ਜਾਂਚ ਕਰਨ ਲਈ ਪਹੁੰਚੀ ਸੀ, ਪਰ ਉੱਥੇ ਪਹੁੰਚਦੇ ਹੀ ਇਕ ਵਿਅਕਤੀ ਨੇ ਪੁਲਿਸ ਟੀਮ 'ਤੇ ਫਾਇਰਿੰਗ ਕਰ ਦਿੱਤੀ, ਜਿਸ ਕਾਰਨ 3 ਅਧਿਕਾਰੀਆਂ ਦੀ ਮੌਤ ਹੋ ਗਈ, ਜਦਕਿ 2 ਹੋਰ ਜ਼ਖ਼ਮੀ ਹੋ ਗਏ। ਪੁਲਿਸ ਨੇ ਜਵਾਬੀ ਕਾਰਵਾਈ ਕਰਦਿਆਂ ਮੁਲਜ਼ਮ ਨੂੰ ਮੌਕੇ 'ਤੇ ਹੀ ਢੇਰ ਕਰ ਦਿੱਤਾ।

ਇਸ ਮਗਰੋਂ ਪੁਲਿਸ ਟੀਮ ਮਾਮਲੇ ਦੀ ਜਾਂਚ ਲਈ ਮੌਕੇ 'ਤੇ ਪਹੁੰਚ ਕੇ ਅਗਲੇਰੀ ਜਾਂਚ ਕਰ ਰਹੀ ਹੈ। ਇਸ ਘਟਨਾ ਬਾਰੇ ਗਵਰਨਰ ਜੋਸ਼ ਸ਼ਾਪੀਰੋ ਨੇ ਦੱਸਿਆ, "ਅਸੀਂ ਇਸ ਕਾਉਂਟੀ ਅਤੇ ਸਾਡੇ ਦੇਸ਼ ਦੀ ਸੇਵਾ ਕਰਨ ਵਾਲੇ ਤਿੰਨ ਅਧਿਕਾਰੀਆਂ ਦੇ ਜਾਨੀ ਨੁਕਸਾਨ 'ਤੇ ਸੋਗ ਮਨਾਉਂਦੇ ਹਾਂ। ਇਸ ਤਰ੍ਹਾਂ ਦੀ ਹਿੰਸਾ ਠੀਕ ਨਹੀਂ ਹੈ, ਸਾਨੂੰ ਇੱਕ ਸਮਾਜ ਦੇ ਤੌਰ 'ਤੇ ਬਿਹਤਰ ਕਰਨ ਦੀ ਲੋੜ ਹੈ।"

ਅਧਿਕਾਰੀਆਂ ਨੇ ਕਿਹਾ ਕਿ ਗੋਲੀਬਾਰੀ ਮੈਰੀਲੈਂਡ ਸਰਹੱਦ ਦੇ ਨੇੜੇ ਫਿਲਾਡੇਲਫੀਆ ਤੋਂ ਲਗਭਗ 185 ਕਿਲੋਮੀਟਰ ਪੱਛਮ ਵਿਚ ਉੱਤਰੀ ਕੋਡੋਰਸ ਟਾਊਨਸ਼ਿਪ ਵਿਚ ਹੋਈ। ਹਮਲਾਵਰ ਅਤੇ ਮ੍ਰਿਤਕ ਪੁਲਿਸ ਅਧਿਕਾਰੀਆਂ ਦੀ ਪਛਾਣ ਅਜੇ

Editorial Board

Chief Editor
Gurjatinder S. Randhawa

Distributor
Jai Singh

Website
Madhu Shardha

Sub Editors
Sandeep Kumar
Amit
Ishu Hallan
Vijay
Surbhi Sharma
Ranjit Singh

Punjab Mail USA
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ 329 ਲੋੜਵੰਦਾਂ ਨੂੰ ਦਿੱਤੀ ਸਹਾਇਤਾ ਰਾਸ਼ੀ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਵਿਖੇ 329 ਲੋੜਵੰਦਾਂ ਪਰਿਵਾਰਾਂ ਨੂੰ ਦੋ ਲੱਖ ਸੱਤਰ ਹਜ਼ਾਰ ਰੁਪਏ ਦੇ ਕਰੀਬ ਸਹਾਇਤਾ ਰਾਸ਼ੀ ਮਹੰਤ ਕਸ਼ਮੀਰ ਸਿੰਘ ਦੀ ਰਹਿਨੁਮਾਈ ਹੇਠ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਬੇਸਹਾਰਾ ਬੱਚਿਆਂ, ਬੇਸਹਾਰਾ ਬਜ਼ੁਰਗਾਂ, ਬੇਸਹਾਰਾ ਵਿਧਵਾਵਾਂ ਅਤੇ ਕੰਮ ਕਰਨ ਤੋਂ ਅਸਮਰਥ ਬਜ਼ੁਰਗਾਂ ਨੂੰ ਦਿੱਤੀ ਗਈ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਡਾਕਟਰ ਓਬਰਾਏ ਦੇ ਇਸ ਉਪਰਾਲੇ ਨਾਲ ਸਾਡੇ ਚੁੱਲ੍ਹੇ ਬਲਦੇ ਹਨ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਨੇ ਦੱਸਿਆ ਕਿ ਟਰੱਸਟ ਦੀ ਕੋਈ ਵੀ ਰਸੀਦ ਬੁੱਕ ਨਹੀਂ ਹੈ, ਇਹ ਸਾਰਾ ਖਰਚ ਡਾਕਟਰ ਓਬਰਾਏ ਵਲੋਂ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਕੀਤਾ ਜਾਂਦਾ ਹੈ। ਇਸ ਮੌਕੇ ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਬਰਨੇਕ ਸਿੰਘ ਰਿਟਾ. ਲੈਕਚਰਾਰ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਸੋਮ ਨਾਥ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਹਿਬ, ਗੁਰਜੀਤ ਸਿੰਘ ਜੀਤਾ, ਪਰਮਜੀਤ ਕੌਰ ਬਰਾੜ, ਅਸ਼ੋਕ ਕੁਮਾਰ, ਹਰਭਗਵਾਨ ਸਿੰਘ ਖੱਪਿਆਂਵਾਲ਼ੀ, ਸੁਖਦਰਸ਼ਨ ਸਿੰਘ ਬੇਦੀ ਰਿਟਾ. ਬਲਾਕ ਅਫ਼ਸਰ ਆਦਿ ਹਾਜ਼ਰ ਸਨ।



**ਡਾ. ਐੱਸ.ਪੀ. ਸਿੰਘ ਓਬਰਾਏ।**

# ਗੱਤਕਾ ਫੈਡਰੇਸ਼ਨ ਯੂ.ਐੱਸ.ਏ. ਵਲੋਂ ਤੀਜੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐੱਸ.ਏ. ਅਕਤੂਬਰ 4 ਨੂੰ : ਡਾ.ਦੀਪ ਸਿੰਘ

**ਨਿਊਯਾਰਕ, (ਪੰਜਾਬ ਮੇਲ)-** ਅਮਰੀਕਾ 'ਚ ਗੱਤਕੇ ਦੇ ਪ੍ਰਚਾਰ-ਪ੍ਰਸਾਰ ਹਿੱਤ ਪੱਬਾਂ ਭਾਰ ਹੋ ਕੇ ਕੰਮ ਕਰ ਰਹੀ ਗੱਤਕਾ ਖੇਡ ਦੀ ਨੈਸ਼ਨਲ ਜੱਥੇਬਦੀ ਗੱਤਕਾ ਫੈਡਰੇਸ਼ਨ ਯੂ.ਐੱਸ.ਏ. ਵਲੋਂ ਤੀਜੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐੱਸ.ਏ. 4 ਅਕਤੂਬਰ, ਦਿਨ ਸ਼ਨੀਵਾਰ ਨੂੰ "ਦਿ ਸਿੱਖ ਸੈਂਟਰ ਆਫ ਨਿਊਯਾਰਕ ਇੰਕ", 222-28-95 ਅਵੈਨਿਊ, ਕੁਇਨਜ਼ ਵਿਲੇਜ ਨਿਊਯਾਰਕ ਦੇ ਉਚੇਚੇ ਸਹਿਯੋਗ ਨਾਲ ਕਰਵਾਈ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਵਿਚ ਗੱਤਕਾ ਫੈਡਰੇਸ਼ਨ ਯੂ.ਐੱਸ.ਏ. ਪਿਛਲੇ ਲੰਮੇ ਸਮੇਂ ਤੋਂ ਗੱਤਕੇ ਦੇ ਪ੍ਰਚਾਰ ਹਿੱਤ ਵੱਖ-ਵੱਖ ਰਾਜਾਂ 'ਚ ਗੱਤਕਾ ਸਿਖਲਾਈ ਲਈ ਉਪਰਾਲੇ ਕਰ ਰਹੀ ਹੈ। ਨਵੇਂ ਖਿਡਾਰੀਆਂ ਨੂੰ ਮੌਕੇ ਪ੍ਰਦਾਨ ਕਰਨ ਅਤੇ ਨੈਸ਼ਨਲ ਕੈਂਪਾਂ ਦੇ ਆਯੋਜਨ ਨਾਲ ਤਕਨੀਕੀ ਮਾਹਿਰਾਂ ਦੇ ਨਾਲ-ਨਾਲ ਗੱਤਕਾ ਆਫੀਸ਼ੀਅਲਜ ਪੈਦਾ ਕਰਨਾ ਫੈਡਰੇਸ਼ਨ ਦੇ ਮੁੱਢਲੇ ਉਦੇਸ਼ਾਂ ਵਿਚੋਂ ਇੱਕ ਹੈ।

ਇਸ ਬਾਰੇ ਫੈਡਰੇਸ਼ਨ ਦੇ ਚੈਅਰਮੈਨ ਸ. ਗੁਰਿੰਦਰ ਸਿੰਘ ਖਾਲਸਾ ਅਤੇ ਪ੍ਰਧਾਨ ਸ. ਕਲਵਿੰਦਰ ਸਿੰਘ ਕੈਲੀਫੋਰਨੀਆ- ਉੱਘੇ ਕਾਰੋਬਾਰੀ ਵਲੋਂ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆ ਆਖਿਆ ਹੈ ਕਿ ਗੱਤਕਾ ਫੈਡਰੇਸ਼ਨ ਵਲੋਂ ਗੱਤਕਾ ਪ੍ਰਚਾਰ ਹਿੱਤ ਕਈ ਉਪਰਾਲੇ ਕੀਤੇ ਜਾਂਦੇ ਹਨ ਪਰ ਤੀਜੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐੱਸ.ਏ. ਆਪਣੇ ਆਪ ਵਿਚ ਨਿਵੇਕਲੀ ਹੋਵੇਗੀ ਅਤੇ ਇਸ ਸਾਲ ਦੀ ਗੱਤਕਾ ਚੈਂਪੀਅਨਸ਼ਿਪ ਸਿੱਖਾਂ ਦੇ ਨੌਵੇਂ ਗੁਰੂ ਤੇ ਤੇਗ ਦੇ ਧਨੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਵ ਦੇ 350 ਸਾਲਾ ਵ੍ਹਰਿਆਂ ਨੂੰ ਸਮਰਪਿਤ ਹੋਵੇਗੀ। ਇਸ ਸਬੰਧੀ ਪ੍ਰਧਾਨ ਕਲਵਿੰਦਰ ਸਿੰਘ ਕੈਲੀਫੋਰਨੀਆ ਨੇ ਜਾਣਕਾਰੀ ਦਿੱਤੀ ਕਿ ਗੱਤਕਾ ਫੈਡਰੇਸ਼ਨ ਯੂ.ਐੱਸ.ਏ. ਵੱਖ-ਵੱਖ ਉਮਰ ਵਰਗ ਦੇ ਤਿੰਨ ਵੱਖ-ਵੱਖ ਮੁਕਾਬਲੇ ਕਰਵਾਉਣ ਜਾ ਰਹੀ ਹੈ, ਜਿਸਦੇ ਤਹਿਤ 14 ਸਾਲ ਦੇ ਉਮਰ ਵਰਗ 'ਚ ਪ੍ਰਦਰਸ਼ਨੀ ਅਤੇ ਸਿੰਗਲ-ਸੋਟੀ ਫਾਈਟ ਇਵੇਂਟ ਵਿਚ ਕ੍ਰਮਵਾਰ ਉਮਰ ਵਰਗ 17, 21 ਅਤੇ 25 ਸਾਲ ਦੇ ਸਿੰਘ ਅਤੇ ਕੌਰ ਦੇ ਮੁਕਾਬਲੇ ਹੋਣਗੇ। ਉਨ੍ਹਾਂ ਦੱਸਿਆ ਕਿ ਇਸ ਮੌਕੇ ਡਾ. ਦੀਪ ਸਿੰਘ, ਜਨਰਲ ਸਕੱਤਰ ਵਿਸ਼ਵ ਗੱਤਕਾ ਫੈਡਰੇਸ਼ਨ ਅਤੇ ਸ. ਹਿੰਮਤ ਸਿੰਘ ਵਰਲਡ ਸਿੱਖ ਪਾਰਲੀਮੈਂਟ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਅਤੇ ਚੈਂਪੀਅਨਸ਼ਿਪ ਦੇ ਜੇਤੂਆਂ ਨੂੰ ਇਨਾਮ ਵੀ ਵੰਡਣਗੇ।

ਭਾਈ ਗਗਨਦੀਪ ਸਿੰਘ ਅਖੰਡ ਕੀਰਤਨੀ ਜੱਥਾ ਤੇ ਟਰੱਸਟੀ-ਸਿੱਖ ਕਲਚਰਲ ਸੁਸਾਇਟੀ ਨਿਊਯਾਰਕ ਅਤੇ ਗੱਤਕਾ ਕੋਚ ਜਸਕੀਰਤ ਸਿੰਘ, ਨਿਊਯਾਰਕ ਗੱਤਕਾ ਐਸੋਸੀਏਸ਼ਨ ਵੱਲੋਂ ਜਾਣਕਾਰੀ ਸਾਂਝੀ ਕੀਤੀ ਗਈ ਕਿ ਇਨ੍ਹਾਂ ਨੈਸ਼ਨਲ ਮੁਕਾਬਲਿਆਂ ਵਿਚ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਰੂਲਜ਼ ਲਾਗੂ ਹੋਣਗੇ ਅਤੇ ਮਾਨਤਾ ਪ੍ਰਾਪਤ ਰੈਫਰੀ ਅਤੇ ਜੱਜ ਸਾਹਿਬਾਨ ਹੀ ਜੱਜਮੈਂਟ-ਰੈਫਰੀ ਕੌਂਸਲ ਵਿਚ ਸੇਵਾ ਨਿਭਾਉਣਗੇ। ਰੈਫਰੀ ਕੌਂਸਲ ਅਤੇ ਜੱਜਮੈਂਟ ਕਮੇਟੀ ਦੀ ਸਮੁੱਚੀ ਸੇਵਾ ਸ. ਲਵਪ੍ਰੀਤ ਸਿੰਘ -ਅਮਨ ਸਾਸਕਾਟੂਨ ਦੀ ਨਿਗਰਾਨੀ ਹੇਠ ਨਿਭਾਈ ਜਾਵੇਗੀ।

ਉਨ੍ਹਾਂ ਚਾਨਣਾ ਪਾਇਆ ਕਿ ਇਨ੍ਹਾਂ ਮੁਕਾਬਲਿਆਂ ਦਾ ਮਨੋਰਥ ਨੌਜਵਾਨ ਪੀੜ੍ਹੀ ਨੂੰ ਬਾਣੀ-ਬਾਣੇ ਨਾਲ ਜੋੜਨਾ ਅਤੇ ਸਿੱਖ ਪੰਥ ਦੇ ਗੌਰਵਮਈ ਇਤਿਹਾਸ ਨਾਲ ਜੋੜ੍ਹਨਾ ਹੈ। ਗੱਤਕਾ ਜਿੱਥੇ ਬੱਚਿਆਂ ਨੂੰ ਧਰਮ ਤੇ ਵਿਰਸੇ ਨਾਲ ਜੋੜਦਾ ਹੈ, ਉਥੇ ਹੀ ਬੱਚਿਆਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਵਿਚ ਵੀ ਵੱਡਾ ਯੋਗਦਾਨ ਅਦਾ ਕਰਦਾ ਹੈ। ਗੱਤਕਾ ਸਿੱਖ ਬੱਚਿਆਂ ਵਿਚ ਆਤਮ ਵਿਸ਼ਵਾਸ ਭਰਦਾ ਹੈ, ਜੋ ਕਿ ਸਿੱਖ ਬੱਚਿਆਂ ਨੂੰ ਵਿਦਿਅਕ ਅਦਾਰਿਆਂ ਵਿਚ ਐਂਟੀ ਬੁਲਿੰਗ ਨਾਲ ਨਜਿੱਠਣ ਵਿਚ ਵੀ ਸਹਾਈ ਹੁੰਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬੀਬਾ ਸਰਬਜੀਤ ਕੌਰ ਵੈਸਚੈਸਟਰ ਕਾਊਂਟੀ, ਸਿੱਖ ਆਗੂ, ਸੀਨੀਅਰ ਗੱਤਕਾ ਕੋਚ ਸੁਜਾਨ ਸਿੰਘ ਅਤੇ ਬਲਜਿੰਦਰ ਸਿੰਘ ਬਨਵੈਤ ਆਦਿ ਵਿਸ਼ੇਸ ਤੌਰ 'ਤੇ ਹਾਜ਼ਰ ਸਨ।




**ਸ. ਕਲਵਿੰਦਰ ਸਿੰਘ ਕੈਲੀਫੋਰਨੀਆ, ਪ੍ਰਧਾਨ ਅਤੇ ਡਾ. ਦੀਪ ਸਿੰਘ ਜਨਰਲ ਸਕੱਤਰ, ਗੱਤਕਾ ਫੈਡਰੇਸ਼ਨ ਯੂ.ਐੱਸ.ਏ. ਨਿਊਯਾਰਕ ਵਿਖੇ ਹੋਣ ਵਾਲੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਬਾਰੇ ਜਾਣਕਾਰੀ ਦਿੰਦੇ ਹੋਏ।**

**■ ਮੁਕਾਬਲਿਆਂ 'ਚ ਵੱਖ-ਵੱਖ ਰਾਜ਼ਾਂ ਤੋਂ ਖਿਡਾਰੀ ਲੈਣਗੇ ਹਿੱਸਾ**


Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute, Pepperdine University; Faculty member of Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?
For Mediation Services, Contact Office Manager :
Julie McCool Email: jmccool@jamsadr.com
Call : +1 503 910 8767
www.singhadr.com
Mediation - ◇ Save Money ◇ Save Time ◇ Save Your relationship
• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave
*863

# 70 ਸਾਲਾਂ 'ਚ ਪਹਿਲੀ ਵਾਰ ਲੱਗੀ ਨਨਕਾਣਾ ਸਾਹਿਬ ਯਾਤਰਾ 'ਤੇ ਰੋਕ ! ਸਿੱਖ ਭਾਈਚਾਰੇ 'ਚ ਰੋਸ



ਗੁਰਦਾਸਪੁਰ, (ਪੰਜਾਬ ਮੇਲ)- ਪਾਕਿਸਤਾਨ ਵਿੱਚ ਨਨਕਾਣਾ ਸਾਹਿਬ ਦੀ ਯਾਤਰਾ 'ਤੇ ਪਾਬੰਦੀ ਲਗਾਉਣ ਦੇ ਕੇਂਦਰ ਸਰਕਾਰ ਦੇ ਫੈਸਲੇ ਨੇ ਇੱਕ ਨਵਾਂ ਵਿਵਾਦ ਛੇੜ ਦਿੱਤਾ ਹੈ। ਸਿੱਖ ਸੰਗਠਨਾਂ ਨੇ ਡੂੰਘੀ ਨਾਰਾਜ਼ਗੀ ਪ੍ਰਗਟ ਕੀਤੀ ਹੈ, ਇਸਨੂੰ ਘੱਟ ਗਿਣਤੀਆਂ ਦੇ ਧਾਰਮਿਕ ਮਾਮਲਿਆਂ ਵਿਚ ਸਿੱਧਾ ਦਖਲ ਦੱਸਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪਿਛਲੇ 70 ਸਾਲਾਂ ਵਿਚ, ਇਸ ਯਾਤਰਾ ਨੂੰ ਕਦੇ ਵੀ ਨਹੀਂ ਰੋਕਿਆ ਗਿਆ, ਇੱਥੋਂ ਤੱਕ ਕਿ ਜੰਗ ਦੇ ਸਮੇਂ ਵੀ। ਇਹ ਪਹਿਲੀ ਵਾਰ ਹੈ, ਜਦੋਂ ਸ਼ਰਧਾਲੂਆਂ ਨੂੰ ਗੁਰੂ ਨਾਨਕ ਦੇਵ ਜੀ ਦੇ ਜਨਮ ਸਥਾਨ 'ਤੇ ਜਾਣ ਤੋਂ ਰੋਕਿਆ ਜਾ ਰਿਹਾ ਹੈ, ਜਿਸ ਨਾਲ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ।

ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਨੇ ਸਰਕਾਰ ਦੇ ਇਸ ਇਕਪਾਸੜ ਫੈਸਲੇ ਨੂੰ ਅਸਵੀਕਾਰਯੋਗ ਦੱਸਿਆ ਹੈ। ਸਭਾ ਨੇ ਸਪੱਸ਼ਟ ਕੀਤਾ ਕਿ ਭਾਰਤ-ਪਾਕਿਸਤਾਨ ਵੰਡ ਦੇ ਸਮੇਂ ਤੋਂ ਹੀ ਦੋਵਾਂ ਦੇਸ਼ਾਂ ਵਿਚਕਾਰ ਇੱਕ ਸਮਝੌਤਾ ਸੀ, ਜਿਸ ਤਹਿਤ ਸਿੱਖ ਸ਼ਰਧਾਲੂਆਂ ਨੂੰ ਗੁਰਪੁਰਬ ਅਤੇ ਹੋਰ ਵਿਸ਼ੇਸ਼ ਮੌਕਿਆਂ 'ਤੇ ਪਾਕਿਸਤਾਨ ਦੇ ਗੁਰਦੁਆਰਿਆਂ ਦੇ ਦਰਸ਼ਨ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ। ਇਹ ਪ੍ਰਥਾ ਸੱਤ ਦਹਾਕਿਆਂ ਤੋਂ ਬਿਨਾਂ ਕਿਸੇ ਰੁਕਾਵਟ ਦੇ ਜਾਰੀ ਹੈ। ਸੰਗਠਨਾਂ ਦਾ ਮੰਨਣਾ ਹੈ ਕਿ ਇਹ ਫੈਸਲਾ ਪੂਰੀ ਤਰ੍ਹਾਂ ਰਾਜਨੀਤਿਕ ਹੈ, ਕਿਉਂਕਿ ਪਾਕਿਸਤਾਨ ਵਿਚ ਸਿੱਖ ਭਾਈਚਾਰੇ ਨੂੰ ਕੋਈ ਖ਼ਤਰਾ ਨਹੀਂ ਹੈ।

ਸ੍ਰੀ ਗੁਰੂ ਸਿੰਘ ਸਭਾ ਦੇ ਜਨਰਲ ਸਕੱਤਰ ਡਾ. ਕੁਸ਼ਲ ਸਿੰਘ ਨੇ ਇੱਕ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਭ ਤੋਂ ਤਣਾਅਪੂਰਨ ਅਤੇ ਜੰਗ ਵਰਗੇ ਸਮੇਂ ਦੌਰਾਨ ਵੀ ਸਿੱਖ ਸਮੂਹ ਨਨਕਾਣਾ ਸਾਹਿਬ ਆਉਂਦੇ ਰਹੇ ਹਨ। 1984 ਵਿਚ ਆਪ੍ਰੇਸ਼ਨ ਬਲੂ ਸਟਾਰ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਜਦੋਂ ਦੋਵਾਂ ਦੇਸ਼ਾਂ ਦੀਆਂ ਸਰਹੱਦਾਂ ਸੀਲ ਕਰ ਦਿੱਤੀਆਂ ਗਈਆਂ ਸਨ, ਉਦੋਂ ਵੀ ਭਾਰਤ ਸਰਕਾਰ ਨੇ ਸਿੱਖਾਂ ਲਈ ਇਸ ਪਵਿੱਤਰ ਯਾਤਰਾ 'ਤੇ ਕੋਈ ਪਾਬੰਦੀ ਨਹੀਂ ਲਗਾਈ। ਉਨ੍ਹਾਂ ਕਿਹਾ ਕਿ ਸਿੱਖ ਸੰਗਠਨਾਂ ਨਾਲ ਸਲਾਹ ਕੀਤੇ ਬਿਨਾਂ ਸਰਕਾਰ ਦਾ ਫੈਸਲਾ ਬਹੁਤ ਹੀ ਮੰਦਭਾਗਾ ਹੈ।

ਇਸ ਫੈਸਲੇ ਦੇ ਵਿਰੋਧ ਵਿਚ ਜਾਰੀ ਕੀਤੇ ਗਏ ਇੱਕ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਇਹ ਹੁਕਮ ਭਾਰਤੀ ਸੰਵਿਧਾਨ ਦੀ ਧਾਰਾ 25 ਦੀ ਸਿੱਧੀ ਉਲੰਘਣਾ ਹੈ, ਜੋ ਸਾਰੇ ਨਾਗਰਿਕਾਂ ਨੂੰ ਆਪਣੇ ਧਰਮ ਦਾ ਪਾਲਣ ਕਰਨ ਦੀ ਆਜ਼ਾਦੀ ਦੀ ਗਰੰਟੀ ਦਿੰਦਾ ਹੈ। ਬਿਆਨ ਵਿਚ ਡਾ. ਕੁਸ਼ਲ ਸਿੰਘ, ਜਸਟਿਸ ਰਣਜੀਤ ਸਿੰਘ, ਗੁਰਤੇਜ ਸਿੰਘ, ਤਾਜ ਮੁਹੰਮਦ, ਸ਼ਮਸ਼ੇਰ ਕਾਰੀ, ਡਾ. ਪਿਆਰੇ ਲਾਲ ਗਰਗ, ਰਜਿੰਦਰ ਸਿੰਘ, ਗੁਰਪ੍ਰੀਤ ਸਿੰਘ, ਹਮੀਰ ਸਿੰਘ, ਦੀਪਕ ਸ਼ਰਮਾ, ਮਾਲਵਿੰਦਰ ਸਿੰਘ ਮਾਲੀ ਅਤੇ ਕੈਪਟਨ ਗੁਰਦੀਪ ਸਿੰਘ ਗੁਮਨਾਮ ਵਰਗੀਆਂ ਪ੍ਰਮੁੱਖ ਹਸਤੀਆਂ ਸ਼ਾਮਲ ਸਨ। ਉਨ੍ਹਾਂ ਨੇ ਇਸ ਤਣਾਅਪੂਰਨ ਸਮੇਂ ਦੌਰਾਨ ਗੁਰੂ ਨਾਨਕ ਦੇਵ ਜੀ ਦੇ ਭਾਈਚਾਰੇ ਦੇ ਸੰਦੇਸ਼ ਨੂੰ ਫੈਲਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਬੰਦ ਕਰਤਾਰਪੁਰ ਲਾਂਘੇ ਨੂੰ ਦੁਬਾਰਾ ਖੋਲ੍ਹਣ ਦੀ ਅਪੀਲ ਕੀਤੀ।

## ਜਬਰੀ ਵਸੂਲੀ ਦੇ ਮਾਮਲੇ 'ਚ ਵਿਧਾਇਕ ਰਮਨ ਅਰੋੜਾ ਨੂੰ ਮਿਲੀ ਜ਼ਮਾਨਤ

ਚੰਡੀਗੜ੍ਹ, (ਪੰਜਾਬ ਮੇਲ)- ਜਬਰਨ ਵਸੂਲੀ ਦੇ ਮਾਮਲੇ 'ਚ ਥਾਣਾ ਰਾਮਾ ਮੰਡੀ 'ਚ ਦਰਜ ਕੀਤੇ ਗਏ ਮਾਮਲੇ ਵਿਚ ਵਿਧਾਇਕ ਰਮਨ ਅਰੋੜਾ ਨੂੰ ਜੇ.ਐੱਮ.ਆਈ.ਸੀ. ਰਾਮਪਾਲ ਦੀ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਹੈ। ਰਮਨ ਅਰੋੜਾ ਖ਼ਿਲਾਫ਼ ਥਾਣਾ ਰਾਮਾ ਮੰਡੀ ਵਿਖੇ ਇਕ ਰਮੇਸ਼ ਕੁਮਾਰ ਨਾਮ ਦੇ ਵਿਅਕਤੀ ਨੇ ਮਾਮਲਾ ਦਰਜ ਕਰਾਇਆ ਸੀ ਕਿ ਰਮਨ ਅਰੋੜਾ ਉਸ ਕੋਲੋਂ ਮਹੀਨਾ ਲੈਂਦਾ ਹੈ, ਇਸੇ ਤਰ੍ਹਾਂ ਇਕ ਰਜਿੰਦਰ ਕੁਮਾਰ ਵਿਅਕਤੀ ਜੋ ਲਾਟਰੀ ਦਾ ਕੰਮ ਕਰਦਾ ਸੀ, ਉਸ ਨੇ ਵੀ ਅਰੋੜਾ ਖ਼ਿਲਾਫ਼ ਪੈਸੇ ਲੈਣ ਦੀ ਸ਼ਿਕਾਇਤ ਦਰਜ ਕਰਵਾਈ ਸੀ ਪਰ ਅਦਾਲਤ ਨੇ ਇਸ ਮਾਮਲੇ ਵਿਚ ਰਮਨ ਅਰੋੜਾ ਦੀ ਜ਼ਮਾਨਤ ਮਨਜ਼ੂਰ ਕੀਤੇ ਜਾਣ ਦਾ ਹੁਕਮ ਦਿੱਤੇ ਹਨ। ਇਸ ਮਾਮਲੇ ਦੀ ਪੁਸ਼ਟੀ ਐਡਵੋਕੇਟ ਦਰਸ਼ਨ ਦਿਆਲ ਨੇ ਕੀਤੀ ਹੈ। ਉਨ੍ਹਾਂ ਕਿਹਾ ਕਿ ਅਦਾਲਤ ਨੇ 25 ਹਜ਼ਾਰ ਰੁਪਏ ਬਾਂਡ ਭਰਨ ਦੇ ਹੁਕਮ ਦਿੱਤੇ ਹਨ। ਇਸ ਤੋਂ ਪਹਿਲਾਂ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਰਮਨ ਅਰੋੜਾ ਅਤੇ ਏ.ਟੀ.ਪੀ. ਸੁਖਦੇਵ ਵਸ਼ਿਸ਼ਟ ਨੂੰ ਜ਼ਮਾਨਤ ਮਿਲ ਗਈ ਸੀ। ਹਾਲਾਂਕਿ ਵਿਧਾਇਕ ਰਮਨ ਅਰੋੜਾ ਦੇ ਜੇਲ੍ਹ ਤੋਂ ਆਉਣ ਤੋਂ ਪਹਿਲਾਂ ਉਨ੍ਹਾਂ 'ਤੇ ਥਾਣਾ ਰਾਮਾਮੰਡੀ ਵਿਖੇ ਪਾਰਕਿੰਗ ਠੇਕੇਦਾਰ ਨੇ ਜ਼ਬਰਨ ਵਸੂਲੀ ਦੇ ਦੋਸ਼ ਲਗਾਏ ਸਨ, ਜਿਸ ਦੇ ਚੱਲਦਿਆਂ ਪੁਲਿਸ ਨੇ ਜ਼ਮਾਨਤ 'ਤੇ ਬਾਹਰ ਆਉਂਦਿਆਂ ਹੀ ਰਮਨ ਅਰੋੜਾ ਨੂੰ ਗ੍ਰਿਫ਼ਤਾਰ ਕਰ ਲਿਆ ਸੀ।



## ਗੁਰਦੁਆਰਾ ਕਰਤਾਰਪੁਰ ਸਾਹਿਬ ਸ਼ਰਧਾਲੂਆਂ ਦੇ ਦਰਸ਼ਨਾਂ ਲਈ ਮੁੜ ਖੋਲ੍ਹਿਆ

ਨਵੀਂ ਦਿੱਲੀ, (ਪੰਜਾਬ ਮੇਲ)- ਪਾਕਿਸਤਾਨ ਸਰਕਾਰ ਨੇ ਪੁਸ਼ਟੀ ਕੀਤੀ ਹੈ ਕਿ ਹਾਲ ਹੀ 'ਚ ਹੜ੍ਹ ਕਾਰਨ ਪ੍ਰਭਾਵਿਤ ਸਿੱਖਾਂ ਦੇ ਧਾਰਮਿਕ ਅਸਥਾਨ ਸ੍ਰੀ ਕਰਤਾਰਪੁਰ ਸਾਹਿਬ ਦਾ ਕੰਪਲੈਕਸ ਪੂਰੀ ਤਰ੍ਹਾਂ ਸਾਫ਼ ਹੈ ਅਤੇ ਇਸ ਨੂੰ ਸ਼ਰਧਾਲੂਆਂ ਲਈ ਖੋਲ੍ਹ ਦਿੱਤਾ ਗਿਆ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਤਰਜਮਾਨ ਨੇ ਕਿਹਾ, "ਹਾਲ ਹੀ 'ਚ ਮੌਨਸੂਨੀ ਮੀਂਹ ਦੌਰਾਨ ਕਰਤਾਰਪੁਰ ਸਾਹਿਬ ਹੜ੍ਹ ਨਾਲ ਪ੍ਰਭਾਵਿਤ ਹੋਇਆ ਸੀ, ਪਰ ਹੁਣ ਇਹ ਪੂਰੀ ਤਰ੍ਹਾਂ ਸਾਫ਼ ਹੈ।" ਦੱਸਣਯੋਗ ਹੈ ਕਿ ਪੰਜਾਬ ਜੋ ਕਿ ਪਾਕਿਸਤਾਨ ਦਾ ਸਭ ਵੱਡਾ ਸੂਬਾ ਹੈ, ਵਿਚ ਅਗਸਤ ਮਹੀਨੇ ਦੇ ਆਖਰ 'ਚ ਭਾਰੀ ਹੜ੍ਹ ਆਏ ਸਨ, ਜਿਸ ਕਾਰਨ ਵੱਡੇ ਪੈਮਾਨੇ 'ਤੇ ਤਬਾਹੀ ਹੋਈ ਸੀ। ਗੁਰਦੁਆਰਾ ਸਾਹਿਬ ਕੰਪਲੈਕਸ 'ਚ ਪਾਣੀ ਭਰ ਗਿਆ ਸੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਸਰੂਪ ਤੇ ਸੇਵਾਦਾਰ ਪਹਿਲੀ ਮੰਜ਼ਿਲ 'ਤੇ ਸੁਰੱਖਿਅਤ ਰਹੇ ਸਨ, ਜਿਨ੍ਹਾਂ ਨੂੰ ਬਾਅਦ ਵਿਚ ਉੱਥੋਂ ਬਾਹਰ ਕੱਢ ਲਿਆ ਗਿਆ ਸੀ।



ਕਰਤਾਰਪੁਰ ਕੌਰੀਡੋਰ ਦਾ ਉਦਘਾਟਨ 2019 ਵਿਚ ਕੀਤਾ ਗਿਆ ਸੀ। ਇਹ ਲਾਂਘਾ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਕਰਤਾਰਪੁਰ (ਪਾਕਿਸਤਾਨ) ਜਿੱਥੇ ਗੁਰੂ ਨਾਨਕ ਦੇਵ ਜੀ ਨੇ ਆਖਰੀ ਸਮਾਂ ਬਿਤਾਇਆ ਸੀ, ਨੂੰ ਭਾਰਤੀ ਪੰਜਾਬ ਦੇ ਜ਼ਿਲ੍ਹੇ ਗੁਰਦਾਸਪੁਰ 'ਚ ਪੈਂਦੇ ਗੁਰਦੁਆਰਾ ਡੇਰਾ ਬਾਬਾ ਨਾਨਕ ਨਾਲ ਜੋੜਦਾ ਹੈ। ਇਹ ਗਲਿਆਰਾ 4.7 ਕਿਲੋਮੀਟਰ ਲੰਬਾ ਹੈ, ਜਿਸ ਰਾਹੀਂ ਭਾਰਤੀ ਸ਼ਰਧਾਲੂ ਬਿਨਾਂ ਵੀਜ਼ੇ ਤੋਂ ਕਰਤਾਰਪੁਰ ਸਾਹਿਬ ਵਿਖੇ ਦਰਸ਼ਨ ਕਰਨ ਜਾਂਦੇ ਹਨ। ਹਾਲਾਂਕਿ ਭਾਰਤ ਨੇ ਪਾਕਿਸਤਾਨ-ਸਮਰਥਿਤ ਦਹਿਸ਼ਤਗਰਦਾਂ ਵੱਲੋਂ ਪਹਿਲਗਾਮ 'ਚ ਹਮਲਾ ਕੀਤੇ ਜਾਣ ਮਗਰੋਂ 7 ਮਈ ਨੂੰ ਲਾਂਘੇ ਰਾਹੀਂ ਸੰਚਾਲਨ ਮੁਅੱਤਲ ਕਰ ਦਿੱਤਾ ਸੀ। ਇਹ ਸੰਚਾਲਨ ਹਾਲੇ ਤੱਕ ਬਹਾਲ ਨਹੀਂ ਹੋਇਆ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹਾਲ ਹੀ 'ਚ ਗਲਿਆਰਾ ਮੁੜ ਖੋਲ੍ਹਣ 'ਤੇ ਜ਼ੋਰ ਦਿੱਤਾ ਸੀ ਅਤੇ ਆਖਿਆ ਸੀ ਕਿ ਉਹ ਜਲਦੀ ਹੀ ਇਸ ਸਬੰਧੀ ਕੇਂਦਰ ਨੂੰ ਪੱਤਰ ਲਿਖਣਗੇ। ਉਨ੍ਹਾਂ ਕਿਹਾ ਸੀ, "ਜੇਕਰ ਤੁਸੀਂ ਏਸ਼ੀਆ ਕੱਪ 'ਚ ਭਾਰਤ ਤੇ ਪਾਕਿਸਤਾਨ ਵਿਚਾਲੇ ਮੈਚ ਦੇ ਆਗਿਆ ਦੇ ਸਕਦੇ ਹੋ ਤਾਂ ਫਿਰ ਪੰਜਾਬੀਆਂ ਦੇ ਪਾਕਿਸਤਾਨ ਸਥਿਤ ਧਾਰਮਿਕ ਅਸਥਾਨਾਂ ਪ੍ਰਤੀ ਉਨ੍ਹਾਂ ਦੀ ਸ਼ਰਧਾ ਨੂੰ ਕਿਉਂ ਨਜ਼ਰਅੰਦਾਜ਼ ਜਾਣਾ ਚਾਹੀਦਾ ਹੈ? ਜਾਂ ਤੁਸੀਂ ਪਾਕਿਸਤਾਨ ਨਾਲ ਹਰ ਤਰ੍ਹਾਂ ਤੇ ਸਬੰਧਾਂ ਆਗਿਆ ਦਿਓ ਜਾਂ ਫਿਰ ਕਿਸੇ ਵੀ ਚੀਜ਼ ਦੀ ਆਗਿਆ ਨਾ ਦਿੱਤੀ ਜਾਵੇ।"




FOR SALE & PURCHASE OF ANY KIND OF PROPERTY



RE/MAX
Outstanding Agents
Outstanding Results®
DRE Lic. # 01215931 (Broker)

Gurjatinder S. Randhawa
REALTOR CA DRE licence # 01490567
916-320-9444

# ਬ੍ਰਿਟੇਨ, ਆਸਟ੍ਰੇਲੀਆ ਤੇ ਕੈਨੇਡਾ ਦੇ ਫਲਸਤੀਨ ਨੂੰ ਰਾਸ਼ਟਰ ਵਜੋਂ ਮਾਨਤਾ ਦੇਣ ਦੇ ਫੈਸਲੇ ’ਤੇ ਭੜਕੇ ਬੈਂਜਾਮਿਨ ਨੇਤਨਯਾਹੂ

**■ ਕਿਹਾ: ਫਲਸਤੀਨ ਕਦੇ ਨਹੀਂ ਬਣੇਗਾ ਦੇਸ਼**

**ਵਾਸ਼ਿੰਗਟਨ, (ਪੰਜਾਬ ਮੇਲ)-** ਬ੍ਰਿਟੇਨ, ਆਸਟ੍ਰੇਲੀਆ ਅਤੇ ਕੈਨੇਡਾ ਨੇ ਅਮਰੀਕਾ ਅਤੇ ਇਜ਼ਰਾਈਲ ਦੇ ਵਿਰੋਧ ਨੂੰ ਦਰਕਿਨਾਰ ਕਰਦੇ ਹੋਏ ਫਲਸਤੀਨੀ ਰਾਸ਼ਟਰ ਨੂੰ ਰਸਮੀ ਤੌਰ ’ਤੇ ਮਾਨਤਾ ਦੇਣ ਦੀ ਐਤਵਾਰ ਨੂੰ ਪੁਸ਼ਟੀ ਕੀਤੀ। ਇਨ੍ਹਾਂ ਰਾਸ਼ਟਰਮੰਡਲ ਦੇਸ਼ਾਂ ਅਤੇ ਇਜ਼ਰਾਈਲ ਦੇ ਲੰਬੇ ਸਮੇਂ ਤੋਂ ਸਹਿਯੋਗੀਆਂ ਦਾ ਇਹ ਕਦਮ ਗਾਜ਼ਾ ਵਿਚ ਚੱਲ ਰਹੀ ਜੰਗ ਵਿਚ ਇਜ਼ਰਾਈਲ ਦੀਆਂ ਕਾਰਵਾਈਆਂ ਵਿਰੁੱਧ ਵਧ ਰਹੇ ਗੁੱਸੇ ਨੂੰ ਦਰਸਾਉਂਦਾ ਹੈ।

ਇਸ ਦੌਰਾਨ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਇੱਕ ਫਲਸਤੀਨੀ ਰਾਜ ਦੀ ਸਥਾਪਨਾ “ਨਹੀਂ ਹੋਵੇਗੀ।” ਉਨ੍ਹਾਂ ਵਿਦੇਸ਼ੀ ਨੇਤਾਵਾਂ ’ਤੇ ਹਮਾਸ ਨੂੰ “ਇਨਾਮ” ਦੇਣ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ, “ਅਜਿਹਾ ਨਹੀਂ ਹੋਵੇਗਾ। ਜਾਰਡਨ ਨਦੀ ਦੇ ਪੱਛਮ ਵਿਚ ਇੱਕ ਫਲਸਤੀਨੀ ਰਾਜ ਸਥਾਪਤ ਨਹੀਂ ਹੋਵੇਗਾ।” ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਆਪਣੀ ਸੱਤਾਧਾਰੀ ਲੇਬਰ ਪਾਰਟੀ ਦੇ ਅੰਦਰ ਇਜ਼ਰਾਈਲ ਵਿਰੁੱਧ ਸਖ਼ਤ ਰੁਖ਼ ਨਾ ਅਪਣਾਉਣ ਲਈ ਭਾਰੀ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਸੀ।

ਬ੍ਰਿਟਿਸ਼ ਪ੍ਰਧਾਨ ਮੰਤਰੀ ਨੇ ਸਟਾਰਮਰ ਨੇ ਇੱਕ ਵੀਡੀਓ ਸੰਦੇਸ਼ ’ਚ ਕਿਹਾ, “ਸ਼ਾਂਤੀ ਅਤੇ ਦੋ-ਰਾਜ ਹੱਲ ਦੀ ਉਮੀਦ ਨੂੰ ਮੁੜ ਸੁਰਜੀਤ ਕਰਨ ਲਈ ਮੈਂ ਇਸ ਮਹਾਨ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਸਪੱਸ਼ਟ ਤੌਰ ’ਤੇ ਕਹਿੰਦਾ ਹਾਂ ਕਿ ਬ੍ਰਿਟੇਨ ਰਸਮੀ ਤੌਰ ’ਤੇ ਫਲਸਤੀਨ ਰਾਜ ਨੂੰ ਮਾਨਤਾ ਦਿੰਦਾ ਹੈ।”

ਉਨ੍ਹਾਂ ਅੱਗੇ ਕਿਹਾ, “75 ਸਾਲ ਤੋਂ ਵੱਧ ਸਮਾਂ ਪਹਿਲਾਂ ਅਸੀਂ ਇਜ਼ਰਾਈਲ ਰਾਜ ਨੂੰ ਯਹੂਦੀ ਲੋਕਾਂ ਦੇ ਵਤਨ ਵਜੋਂ ਮਾਨਤਾ ਦਿੱਤੀ ਸੀ। ਅੱਜ ਅਸੀਂ 150 ਤੋਂ ਵੱਧ ਦੇਸ਼ਾਂ ਵਿਚ ਸ਼ਾਮਲ ਹੁੰਦੇ ਹਾਂ, ਜੋ ਫਲਸਤੀਨ ਰਾਜ ਨੂੰ ਵੀ ਮਾਨਤਾ ਦਿੰਦੇ ਹਨ। ਇਹ ਫਲਸਤੀਨ ਅਤੇ ਇਜ਼ਰਾਈਲੀ ਲੋਕਾਂ ਲਈ ਇੱਕ ਬਿਹਤਰ ਭਵਿੱਖ ਦਾ ਵਾਅਦਾ ਹੈ।” ਜੁਲਾਈ ਵਿਚ ਸਟਾਰਮਰ ਨੇ ਕਿਹਾ ਕਿ ਜੇਕਰ ਇਜ਼ਰਾਈਲ ਗਾਜ਼ਾ ਪੱਟੀ ਵਿਚ ਜੰਗਬੰਦੀ ਲਈ ਸਹਿਮਤ ਨਹੀਂ ਹੁੰਦਾ ਹੈ, ਤਾਂ ਬ੍ਰਿਟੇਨ ਫਲਸਤੀਨ ਰਾਜ ਨੂੰ ਮਾਨਤਾ ਦੇਵੇਗਾ। ਫਰਾਂਸ ਸਮੇਤ ਹੋਰ ਦੇਸ਼ਾਂ ਤੋਂ ਇਸ ਹਫ਼ਤੇ ਸੰਯੁਕਤ ਰਾਸ਼ਟਰ ਮਹਾਸਭਾ ਵਿਚ ਅਜਿਹਾ ਕਰਨ ਦੀ ਉਮੀਦ ਹੈ। ਬ੍ਰਿਟੇਨ ਵਾਂਗ, ਫਰਾਂਸ ਸੁਰੱਖਿਆ ਪ੍ਰੀਸ਼ਦ ਦੇ ਪੰਜ ਸਥਾਈ ਮੈਂਬਰਾਂ ਵਿਚੋਂ ਇੱਕ ਹੈ।

ਫਲਸਤੀਨ ਦੇ ਰਾਸ਼ਟਰਪਤੀ ਮਹਿਮੂਦ ਅੱਬਾਸ ਨੇ ਬ੍ਰਿਟਿਸ਼ ਐਲਾਨ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਇਹ ਅੰਤਰਰਾਸ਼ਟਰੀ ਕਾਨੂੰਨ ਦੇ ਅਨੁਸਾਰ ਇੱਕ ਨਿਆਂਪੂਰਨ ਸ਼ਾਂਤੀ ਪ੍ਰਾਪਤ ਕਰਨ ਵੱਲ ਇੱਕ ਮਹੱਤਵਪੂਰਨ ਅਤੇ ਜ਼ਰੂਰੀ ਕਦਮ ਹੈ। ਬ੍ਰਿਟੇਨ ਨੇ ਅਮਰੀਕਾ ਦੇ ਵਿਰੋਧ ਦੇ ਬਾਵਜੂਦ ਇਹ ਕਦਮ ਚੁੱਕਿਆ। ਕੁਝ ਦਿਨ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੀ ਬ੍ਰਿਟੇਨ ਫੇਰੀ ਦੌਰਾਨ ਇਸ ਯੋਜਨਾ ਨਾਲ ਆਪਣੀ ਅਸਹਿਮਤੀ ਪ੍ਰਗਟ ਕੀਤੀ। ਟਰੰਪ ਨੇ ਕਿਹਾ, “ਮੈਂ ਇਸ ਮਾਮਲੇ ’ਤੇ ਪ੍ਰਧਾਨ ਮੰਤਰੀ (ਸਟਾਰਮਰ) ਨਾਲ ਅਸਹਿਮਤ ਹਾਂ।”

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :**
**www.punjabmailusa.com**

# ਹੁਣ ਆਸਟ੍ਰੇਲੀਆ ਵੱਲੋਂ ਵੀ ਫਲਸਤੀਨ ਨੂੰ ਸੁਤੰਤਰ ਰਾਸ਼ਟਰ ਵਜੋਂ ਮਾਨਤਾ ਦੇਣ ਦਾ ਐਲਾਨ

**ਨਿਊਯਾਰਕ, (ਪੰਜਾਬ ਮੇਲ)-** ਬ੍ਰਿਟੇਨ ਅਤੇ ਕੈਨੇਡਾ ਤੋਂ ਬਾਅਦ, ਆਸਟ੍ਰੇਲੀਆ ਨੇ ਹੁਣ ਫਲਸਤੀਨ ਨੂੰ ਇੱਕ ਪ੍ਰਭੂਸੱਤਾ ਸੰਪੰਨ ਅਤੇ ਸੁਤੰਤਰ ਰਾਸ਼ਟਰ ਵਜੋਂ ਰਸਮੀ ਮਾਨਤਾ ਦੇਣ ਦਾ ਐਲਾਨ ਕੀਤਾ ਹੈ। ਇਹ ਕਦਮ ਇਜ਼ਰਾਈਲ-ਗਾਜ਼ਾ ਯੁੱਧ ਦੇ ਵਿਚਕਾਰ ਵਿਦੇਸ਼ ਨੀਤੀ ਵਿਚ ਇੱਕ ਇਤਿਹਾਸਕ ਤਬਦੀਲੀ ਦੀ ਨਿਸ਼ਾਨਦੇਹੀ ਕਰਦਾ ਹੈ। ਆਸਟ੍ਰੇਲੀਆਈ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਐਤਵਾਰ ਨੂੰ ਇਸ ਮਾਨਤਾ ਨੂੰ ਲਾਗੂ ਕੀਤਾ। ਇਹ ਐਲਾਨ ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਅਤੇ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੁਆਰਾ ਪਹਿਲਾਂ ਲਏ ਗਏ ਇਸੇ ਤਰ੍ਹਾਂ ਦੇ ਫੈਸਲਿਆਂ ਤੋਂ ਬਾਅਦ ਹੈ। ਇਸ ਕਦਮ ਦਾ ਉਦੇਸ਼ ਮੱਧ ਪੂਰਬ ਵਿਚ ਦੋ-ਰਾਜ ਹੱਲ ਨੂੰ ਤੇਜ਼ ਕਰਨਾ ਹੈ, ਜਿਸ ਵਿਚ ਗਾਜ਼ਾ ਵਿਚ ਜੰਗਬੰਦੀ ਨੂੰ ਯਕੀਨੀ ਬਣਾਉਣਾ ਅਤੇ 7 ਅਕਤੂਬਰ, 2023 ਤੱਕ ਹਮਾਸ ਦੁਆਰਾ ਅੱਤਵਾਦੀ ਹਮਲਿਆਂ ਵਿਚ ਲਏ ਗਏ ਬੰਧਕਾਂ ਦੀ ਰਿਹਾਈ ਸ਼ਾਮਲ ਹੈ।

ਅਲਬਾਨੀਜ਼ ਨੇ ਇਹ ਐਲਾਨ ਨਿਊਯਾਰਕ ਵਿਚ ਸੰਯੁਕਤ ਰਾਸ਼ਟਰ ਮਹਾਸਭਾ ਅਤੇ ਦੋ-ਰਾਜ ਹੱਲ ’ਤੇ ਇੱਕ ਪ੍ਰਮੁੱਖ ਕਾਨਫਰੰਸ ਦੌਰਾਨ ਕੀਤਾ। ਉਨ੍ਹਾਂ ਕਿਹਾ, “ਆਸਟ੍ਰੇਲੀਆ ਆਪਣੇ ਰਾਸ਼ਟਰ ਦੀ ਆਜ਼ਾਦੀ ਲਈ ਫਲਸਤੀਨੀਆਂ ਦੀਆਂ ਜਾਇਜ਼ ਅਤੇ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਇੱਛਾਵਾਂ ਨੂੰ ਮਾਨਤਾ ਦਿੰਦਾ ਹੈ।” ਫਲਸਤੀਨ ਨਾਲ ਪੂਰੇ ਕੂਟਨੀਤਕ ਸਬੰਧ ਅਤੇ ਦੂਤਾਵਾਸ ਦੀ ਸਥਾਪਨਾ ਤਾਂ ਹੀ ਹੋਵੇਗੀ, ਜੇਕਰ ਫਲਸਤੀਨੀਆਂ ਦੇ ਨਾਲ ਪੂਰੇ ਕੂਟਨੀਤਕ ਸਬੰਧ ਅਤੇ ਦੂਤਾਵਾਸ ਦੀ ਸਥਾਪਨਾ ਅੰਤਰਰਾਸ਼ਟਰੀ ਭਾਈਚਾਰੇ ਦੁਆਰਾ ਮੰਗੀਆਂ ਗਈਆਂ ਸੁਧਾਰ ਵਚਨਬੱਧਤਾਵਾਂ ਨੂੰ ਪੂਰਾ ਕਰਦੀ ਹੈ। ਇਨ੍ਹਾਂ ਵਿਚ ਇਜ਼ਰਾਈਲ ਦੇ ਹੋਂਦ ਅਤੇ ਸੁਰੱਖਿਆ ਦੇ ਅਧਿਕਾਰ ਨੂੰ ਮਾਨਤਾ ਦੇਣਾ ਸ਼ਾਮਲ ਹੈ।

ਅਗਸਤ ਵਿਚ, ਆਸਟ੍ਰੇਲੀਆ ਨੇ ਫਰਾਂਸ ਦੀ ਅਗਵਾਈ ਵਾਲੇ ਅੰਤਰਰਾਸ਼ਟਰੀ ਦਬਾਅ ਵਿਚ ਸ਼ਾਮਲ ਹੋਣ ਦੇ ਆਪਣੇ ਇਰਾਦੇ ਦਾ ਐਲਾਨ ਕੀਤਾ, ਜਿਸ ਨਾਲ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਰਾਜ਼ ਹੋ ਗਏ। ਅਮਰੀਕੀ ਰਿਪਬਲਿਕਨ ਨੇਤਾਵਾਂ ਨੇ ਚੇਤਾਵਨੀ ਦਿੱਤੀ ਕਿ ਫਲਸਤੀਨ ਨੂੰ ਮਾਨਤਾ ਦੇਣ ਨਾਲ “ਦੰਡਕਾਰੀ” ਉਪਾਅ ਹੋ ਸਕਦੇ ਹਨ। ਇਸ ਕਦਮ ਨੂੰ ਮੱਧ ਪੂਰਬ ਵਿਚ ਸਥਾਈ ਸ਼ਾਂਤੀ ਸਥਾਪਤ ਕਰਨ ਅਤੇ ਦੋ-ਰਾਜ ਹੱਲ ਨੂੰ ਮੁੜ ਸੁਰਜੀਤ ਕਰਨ ਦੇ ਯਤਨ ਵਜੋਂ ਦੇਖਿਆ ਜਾ ਰਿਹਾ ਹੈ।

# ਟਰੰਪ ਨੇ ਡਰੱਗਜ਼ ਨਾਲ 300 ਮਿਲੀਅਨ ਅਮਰੀਕੀਆਂ ਦੀ ਮੌਤ ਹੋਣ ਦਾ ਕੀਤਾ ਦਾਅਵਾ

**ਵਾਸ਼ਿੰਗਟਨ, (ਪੰਜਾਬ ਮੇਲ)-** ਟਰੰਪ ਨੇ ਦਾਅਵਾ ਕੀਤਾ ਕਿ 2024 ’ਚ ਡਰੱਗਜ਼ ਨਾਲ 300 ਮਿਲੀਅਨ ਅਮਰੀਕੀਆਂ (30 ਕਰੋੜ) ਦੀ ਮੌਤ ਹੋਈ। ਇਹ ਅੰਕੜਾ ਅਮਰੀਕਾ ਦੀ ਕੁੱਲ ਆਬਾਦੀ (34 ਕਰੋੜ) ਦੇ ਬਰਾਬਰ ਹੈ। ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰਿਵੈਂਸ਼ਨ ਦੇ ਅੰਕੜਿਆਂ ਮੁਤਾਬਕ 2024 ’ਚ ਸਿਰਫ 79,383 ਮੌਤਾਂ ਹੋਈਆਂ ਸਨ। ਇਸ ’ਤੇ ਟਰੰਪ ਦਾ ਮਜ਼ਾਕ ਵੀ ਉੱਡ ਰਿਹਾ ਹੈ। ਹਲਾਂਕਿ, ਟਰੰਪ ਨੇ ਫਰਵਰੀ 2025 ’ਚ ‘ਮੇਕ ਅਮਰੀਕਾ ਹੈਲਦੀ ਅਗੇਨ ਕਮਿਸ਼ਨ’ ਸਥਾਪਤ ਕੀਤਾ, ਜਿਸ ’ਚ ਕਿਹਾ ਗਿਆ ਕਿ ਨੌਜਵਾਨਾਂ ’ਚ ਡਰੱਗਜ਼ ਦੀ ਵਰਤੋਂ ਨਾਲ 77 ਫੀਸਦੀ ਮਿਲਟਰੀ ਸੇਵਾ ਲਈ ਅਯੋਗ ਹਨ। 1 ਅਪ੍ਰੈਲ ਨੂੰ ਟਰੰਪ ਸਰਕਾਰ ਨੇ ਰਾਸ਼ਟਰੀ ਨਸ਼ਾ ਕੰਟਰੋਲ ਰਣਨੀਤੀ ਜਾਰੀ ਕੀਤੀ, ਜਿਸ ’ਚ ਡਰੱਗ ਓਵਰਡੋਜ਼ ਮੌਤਾਂ ਨੂੰ ਘੱਟ ਕਰਨ ਅਤੇ ਗ਼ੈਰ-ਕਾਨੂੰਨੀ ਡਰੱਗਜ਼ ਦੀ ਵਰਤੋਂ ਘਟਾਉਣ ’ਤੇ ਜ਼ੋਰ ਦਿੱਤਾ।

31 ਜੁਲਾਈ ਨੂੰ ਟਰੰਪ ਨੇ ਕੈਨੇਡਾ ’ਤੇ ਟੈਰਿਫ ਵਧਾ ਕੇ 25 ਫੀਸਦੀ ਤੋਂ 35 ਫੀਸਦੀ ਕਰਨ ਦੇ ਕਾਰਜਕਾਰੀ ਹੁਕਮਾਂ ’ਤੇ ਦਸਤਖ਼ਤ ਕੀਤੇ। ਉਨ੍ਹਾਂ ਕਿਹਾ ਕਿ ਫੈਂਟੇਨਾਇਲ ਦੀ ਸਮੱਗਲਿੰਗ ਨਾਲ ਨੈਸ਼ਨਲ ਐਮਰਜੈਂਸੀ ਪੈਦਾ ਹੋ ਗਈ ਹੈ।




# ਸੁਪਰੀਮ ਕੋਰਟ ਵੱਲੋਂ ਪਰਾਲੀ ਸਾੜਨ ਵਾਲੇ ਕਿਸਾਨਾਂ ਖ਼ਿਲਾਫ਼ ਸਖ਼ਤੀ ਵਰਤਣ ਦੇ ਨਿਰਦੇਸ਼

**ਨਵੀਂ ਦਿੱਲੀ, (ਪੰਜਾਬ ਮੇਲ)**- ਪਰਾਲੀ ਸਾੜਨ ਵਾਲੇ ਕਿਸਾਨਾਂ ਖ਼ਿਲਾਫ਼ ਸਖ਼ਤ ਰੁਖ਼ ਅਖ਼ਤਿਆਰ ਕਰਦਿਆਂ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਕਿਹਾ ਹੈ ਕਿ ਪਹਿਲਾਂ ਵਾਰ-ਵਾਰ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਕਿਸਾਨਾਂ 'ਚੋਂ ਕੁਝ ਨੂੰ ਜੇਲ੍ਹ ਭੇਜੋ। ਅਦਾਲਤ ਨੇ ਕਿਹਾ ਕਿ ਜਦੋਂ ਪਰਾਲੀ ਸਾੜਨ ਵਾਲਿਆਂ 'ਚੋਂ ਕੁਝ ਨੂੰ ਜੇਲ੍ਹ ਭੇਜਿਆ ਜਾਵੇਗਾ ਤਾਂ ਸਾਰੇ ਠੀਕ ਹੋ ਜਾਣਗੇ। ਉਨ੍ਹਾਂ ਇਹ ਵੀ ਪੁੱਛਿਆ ਕਿ ਪਰਾਲੀ ਸਾੜਨ ਵਾਲੇ ਕਿਸਾਨਾਂ 'ਤੇ ਕਾਰਵਾਈ ਕਰਨ ਤੋਂ ਪਾਸਾ ਕਿਉਂ ਵੱਟਿਆ ਜਾ ਰਿਹਾ ਹੈ?

■ **ਕਿਹਾ: ਕੁਝ ਨੂੰ ਜੇਲ੍ਹ ਭੇਜੋ ਤਾਂ ਸਾਰੇ ਠੀਕ ਹੋ ਜਾਣਗੇ**

ਭਾਰਤ ਦੇ ਚੀਫ਼ ਜਸਟਿਸ (ਸੀ.ਜੇ.ਆਈ.) ਬੀ.ਆਰ. ਗਵਈ ਤੇ ਜਸਟਿਸ ਕੇ. ਵਿਨੋਦ ਚੰਦਰਨ ਦੀ ਬੈਂਚ ਨੇ ਇਸ ਮੁੱਦੇ 'ਤੇ ਸਖ਼ਤ ਟਿੱਪਣੀਆਂ ਕਰਦੇ ਹੋਏ ਕਿਹਾ ਕਿ ਤੁਸੀਂ ਫੈਸਲਾ ਲਓ ਨਹੀਂ ਤਾਂ ਅਸੀਂ ਇਕ ਹੁਕਮ ਜਾਰੀ ਕਰਾਂਗੇ। ਦਿੱਲੀ-ਐੱਨ.ਸੀ.ਆਰ. 'ਚ ਹਰ ਸਾਲ ਅਕਤੂਬਰ-ਨਵੰਬਰ ਮਹੀਨੇ 'ਚ ਹੋਣ ਵਾਲੇ ਹਵਾ ਪ੍ਰਦੂਸ਼ਣ ਨਾਲ ਜੁੜੀਆਂ ਪਟੀਸ਼ਨਾਂ 'ਤੇ ਸੁਣਵਾਈ ਕਰਦੇ ਹੋਏ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਪੁੱਛਿਆ ਕਿ ਇਕ ਸਖ਼ਤ ਸੰਦੇਸ਼ ਦੇਣ ਲਈ ਕੁਝ ਗ਼ਲਤ ਕਿਸਾਨਾਂ, ਜੋ ਕਿ ਹਵਾ ਪ੍ਰਦੂਸ਼ਣ 'ਚ ਮੁੱਖ ਯੋਗਦਾਨ ਪਾਉਂਦੇ ਹਨ, ਨੂੰ ਪਰਾਲੀ ਸਾੜਨ 'ਚ ਸ਼ਾਮਲ ਹੋਣ ਲਈ ਕਿਉਂ ਨਹੀਂ ਗ੍ਰਿਫ਼ਤਾਰ ਕੀਤਾ ਜਾਂਦਾ। ਅਦਾਲਤ ਨੇ ਇਹ ਵੀ ਕਿਹਾ ਕਿ ਕਿਸਾਨ ਸਾਡੇ ਲਈ ਖ਼ਾਸ ਹਨ ਤੇ ਅਸੀਂ ਉਨ੍ਹਾਂ ਦੀ ਬਦੌਲਤ ਹੀ ਖਾ ਰਹੇ ਹਾਂ, ਪਰ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਵਾਤਾਵਰਣ ਦੀ ਰੱਖਿਆ ਨਹੀਂ ਕਰ ਸਕਦੇ।

ਚੀਫ਼ ਜਸਟਿਸ ਨੇ ਸੀਨੀਅਰ ਵਕੀਲ ਰਾਹੁਲ ਮਹਿਰਾ, ਜੋ ਅਦਾਲਤ 'ਚ ਪੰਜਾਬ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਸਨ, ਨੂੰ ਪੁੱਛਿਆ ਕਿ ਪਰਾਲੀ ਸਾੜਨ ਲਈ ਗ਼ਲਤ ਕਿਸਾਨਾਂ ਨੂੰ ਗ੍ਰਿਫ਼ਤਾਰ ਕਿਉਂ ਨਹੀਂ ਕੀਤਾ ਜਾਣਾ ਚਾਹੀਦਾ ਤੇ ਸਜ਼ਾ ਕਿਉਂ ਨਹੀਂ ਦਿੱਤੀ ਜਾਣੀ ਚਾਹੀਦੀ। ਚੀਫ ਜਸਟਿਸ ਨੇ ਪੁੱਛਿਆ ਕਿ ਤੁਸੀਂ ਕੁਝ ਜੁਰਮਾਨੇ ਦੇ ਪ੍ਰਬੰਧਾਂ ਬਾਰੇ ਕਿਉਂ ਨਹੀਂ ਸੋਚਦੇ? ਜੇਕਰ ਕੁਝ ਲੋਕ ਸਲਾਖਾਂ ਪਿੱਛੇ ਹੋਣਗੇ, ਤਾਂ ਇਹ ਸਹੀ ਸੁਨੇਹਾ ਦੇਵੇਗਾ। ਤੁਸੀਂ ਕਿਸਾਨਾਂ ਲਈ ਕੁਝ ਜ਼ੁਰਮਾਨੇ ਦੇ ਪ੍ਰਬੰਧਾਂ ਬਾਰੇ ਕਿਉਂ ਨਹੀਂ ਸੋਚਦੇ? ਜੇਕਰ ਤੁਹਾਡਾ ਵਾਤਾਵਰਣ ਦੀ ਰੱਖਿਆ ਕਰਨ ਦਾ ਅਸਲ ਇਰਾਦਾ ਹੈ, ਤਾਂ ਝਿਜਕਦੇ ਕਿਉਂ ਹੋ? ਉਨ੍ਹਾਂ ਕਿਹਾ ਕਿ ਮੈਂ ਅਖ਼ਬਾਰਾਂ 'ਚ ਪੜ੍ਹਿਆ ਹੈ ਕਿ ਪਰਾਲੀ ਨੂੰ ਬਾਇਓਫਿਊਲ ਵਜੋਂ ਵੀ ਵਰਤਿਆ ਜਾ ਸਕਦਾ ਹੈ। ਅਸੀਂ ਇਸ ਨੂੰ ਪੰਜ ਸਾਲਾਂ ਦਾ ਅਭਿਆਸ ਕਿਉਂ ਨਹੀਂ ਬਣਾ ਸਕਦੇ?

ਬੈਂਚ ਨੇ ਪੰਜਾਬ ਸਰਕਾਰ ਦੁਆਰਾ ਪਰਾਲੀ ਸਾੜਨ ਨੂੰ ਰੋਕਣ ਲਈ ਕੀਤੇ ਗਏ ਸਖ਼ਤ ਉਪਾਵਾਂ ਦੀ ਘਾਟ 'ਤੇ ਅਸੰਤੁਸ਼ਟੀ ਪ੍ਰਗਟ ਕੀਤੀ। ਮਹਿਰਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪਹਿਲਾਂ ਹੀ ਕਈ ਕਦਮ ਚੁੱਕੇ ਹਨ ਤੇ ਪ੍ਰਦੂਸ਼ਣ ਦਾ ਪੱਧਰ ਹੌਲੀ-ਹੌਲੀ ਹੇਠਾਂ ਆ ਗਿਆ ਹੈ। ਸਰਵਉੱਚ ਅਦਾਲਤ ਨੇ ਪੰਜਾਬ, ਹਰਿਆਣਾ, ਯੂ.ਪੀ. ਤੇ ਰਾਜਸਥਾਨ ਸਰਕਾਰ ਨੂੰ ਰਾਜਾਂ 'ਚ ਪ੍ਰਦੂਸ਼ਣ ਰੋਕਥਾਮ ਬੋਰਡਾਂ 'ਚ ਖ਼ਾਲੀ ਪਈਆਂ ਅਸਾਮੀਆਂ ਨੂੰ ਲੈ ਕੇ ਫਿਟਕਾਰ ਲਗਾਉਂਦੇ ਹੋਏ ਤਿੰਨ ਮਹੀਨੇ 'ਚ ਇਨ੍ਹਾਂ ਖ਼ਾਲੀ ਅਸਾਮੀਆਂ ਨੂੰ ਭਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਤੋਂ ਇਲਾਵਾ ਅਦਾਲਤ ਨੇ ਹਵਾ ਪ੍ਰਦੂਸ਼ਣ ਰੋਕਣ ਦੇ ਉਪਾਵਾਂ ਬਾਰੇ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ ਤੋਂ ਤਿੰਨ ਹਫ਼ਤੇ 'ਚ ਰਿਪੋਰਟ ਮੰਗੀ ਹੈ।

# 'ਆਪ' ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਨੂੰ ਹਾਈਕੋਰਟ ਤੋਂ ਵੱਡੀ ਰਾਹਤ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਆਮ ਆਦਮੀ ਪਾਰਟੀ (ਆਪ) ਦੀ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਨੂੰ ਵੱਡੀ ਰਾਹਤ ਦਿੱਤੀ ਹੈ। ਅਦਾਲਤ ਨੇ ਐੱਨ.ਆਰ.ਆਈ. ਅਮਰਜੀਤ ਕੌਰ ਵੱਲੋਂ ਦਾਇਰ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਇਸ ਪਟੀਸ਼ਨ 'ਚ ਉਸ ਨੇ ਵਿਧਾਇਕਾ ਅਤੇ ਉਨ੍ਹਾਂ ਦੇ ਪਰਿਵਾਰ 'ਤੇ ਉਸ ਦੀ ਕੋਠੀ 'ਤੇ ਕਬਜ਼ਾ ਕਰਨ ਦੇ ਦੋਸ਼ ਲਾਏ ਸਨ। ਐੱਨ.ਆਰ.ਆਈ. ਅਮਰਜੀਤ ਕੌਰ ਵੱਲੋਂ ਦਾਇਰ ਪਟੀਸ਼ਨ 'ਚ ਦੋਸ਼ ਲਾਇਆ ਗਿਆ ਸੀ ਕਿ ਵਿਧਾਇਕਾ ਮਾਣੂੰਕੇ ਨੇ ਜਗਰਾਓਂ ਦੇ ਹੀਰਾ ਬਾਗ 'ਚ ਸਥਿਤ ਉਸ ਦੀ ਕੋਠੀ 'ਤੇ ਕਬਜ਼ਾ ਕੀਤਾ ਹੈ। ਇਸ ਮਾਮਲੇ ਨੂੰ 2023 'ਚ ਵਿਰੋਧੀ ਧਿਰ ਵੱਲੋਂ ਵੱਡੇ ਪੱਧਰ 'ਤੇ ਮਾਮਲਾ ਚੁੱਕ ਕੇ ਵਿਧਾਇਕਾ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਅਦਾਲਤ ਵੱਲੋਂ ਕੇਸ ਰੱਦ ਕੀਤੇ ਜਾਣ ਤੋਂ ਬਾਅਦ ਵਿਧਾਇਕਾ ਮਾਣੂੰਕੇ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਕਲੀਨ ਚਿੱਟ ਮਿਲਣ ਨਾਲ ਹਲਕੇ ਦੇ ਲੋਕਾਂ, ਸਮਰਥਕਾਂ ਅਤੇ ਆਮ ਆਦਮੀ ਪਾਰਟੀ ਦੇ ਵਰਕਰਾਂ 'ਚ ਖੁਸ਼ੀ ਦੀ ਲਹਿਰ ਹੈ।

■ **ਅਦਾਲਤ ਵੱਲੋਂ ਐੱਨ.ਆਰ.ਆਈ. ਅਮਰਜੀਤ ਕੌਰ ਵੱਲੋਂ ਦਾਇਰ ਪਟੀਸ਼ਨ ਖਾਰਜ**

ਇਸ ਮੌਕੇ ਵਿਧਾਇਕਾ ਮਾਣੂੰਕੇ ਨੇ ਕਿਹਾ ਕਿ ਵਾਹਿਗੁਰੂ ਦੇ ਘਰ ਦੇਰ ਹੈ, ਹਨ੍ਹੇਰ ਨਹੀਂ। ਕੋਈ ਕਿੰਨਾ ਵੀ ਕੂੜ ਪ੍ਰਚਾਰ ਕਰ ਲਵੇ, ਸੱਚ ਦੀ ਹਮੇਸ਼ਾ ਜਿੱਤ ਹੁੰਦੀ ਹੈ। ਵਿਰੋਧੀਆਂ ਵੱਲੋਂ ਸਾਜ਼ਿਸ਼ਾਂ ਰਚ ਕੇ ਉਨ੍ਹਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਅਦਾਲਤ ਨੇ ਸੱਚਾਈ ਨੂੰ ਸਾਹਮਣੇ ਲਿਆ ਕੇ ਉਨ੍ਹਾਂ ਨੂੰ ਇਨਸਾਫ਼ ਦਿੱਤਾ ਹੈ।

## ਮੈਟਰੀਮੋਨੀਅਲ

ਜੱਟ ਸਿੱਖ ਗਰੇਵਾਲ ਲੜਕਾ, ਜਨਮ 1998, ਕੱਦ 6 ਫ਼ੁੱਟ 1 ਇੰਚ, Diploma in Designing Drafting, ਵਿਜ਼ਟਰ 'ਤੇ ਅਮਰੀਕਾ ਰਹਿ ਰਹੇ, ਸੋਹਣੇ-ਸੁਨੱਖੇ, ਨਸ਼ਿਆਂ ਤੋਂ ਰਹਿਤ ਲਈ ਅਮਰੀਕੀ ਜਾਂ ਕੈਨੇਡੀਅਨ ਇਮੀਗ੍ਰੈਂਟ ਜਾਂ ਸਿਟੀਜ਼ਨ, ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ (ਬਿਨਾਂ ਬੱਚੇ ਤੋਂ) ਲੜਕੀ 'ਤੇ ਵੀ ਵਿਚਾਰ ਕੀਤਾ ਜਾਵੇਗਾ। ਜਾਣਕਾਰੀ ਲਈ : +1-604-749-2805 (whatsapp) 'ਤੇ ਸੰਪਰਕ ਕਰੋ। 871

## MATRIMONIAL

South Indian man, 65, (Look's 50), 5'-7", transportation business. looking a good loving girl of any age. Down to earth, anyone interested to living together. Pls send a photograph and little information with phone number. He can live anywhere in USA. Cell: 727-870-0052 855


PUNJAB MAIL USA

TV Channel, Newspaper, Radio

All over America, Canada, Australia & Europe

All over America, Canada, Australia & Europe

24 Hours 7 Days

● IP TV (24 Hours)
● App: Punjab Mail USA (24 Hours)
Youtube : Punjab Mail USA
● Facebook Page : Punjab Mail USA
● Instagram : Punjab Mail USA
● Website: punjabmailusa.com
● E-mail: punjabmailtv@gmail.com

Gold #2867, Gem #375, TV Zon #6888, Glow TV #1828, Tashan #131, Real TV etc.

For any Information & Advertisement Call at
+1-916-320-9444



# ਹਲਵਾਰਾ ਅੰਤਰਰਾਸ਼ਟਰੀ ਹਵਾਈ ਅੱਡਾ ਜਲਦ ਹੋਵੇਗਾ ਚਾਲੂ

**ਹਲਵਾਰਾ, (ਪੰਜਾਬ ਮੇਲ)-** ਲੁਧਿਆਣਾ ਜ਼ਿਲ੍ਹੇ ਦੇ ਪਿੰਡ ਐਤੀਆਣਾ ਵਿਖੇ ਬਣੇ ਅੰਤਰਰਾਸ਼ਟਰੀ ਹਵਾਈ ਅੱਡੇ (ਹਲਵਾਰਾ ਏਅਰਪੋਰਟ) ਤੋਂ ਉਡਾਣ ਭਰਨ ਦੇ ਸੁਫ਼ਨੇ ਵੇਖ ਰਹੇ ਲੋਕਾਂ ਲਈ ਖ਼ੁਸ਼ਖਬਰੀ ਸਾਹਮਣੇ ਆਈ ਹੈ। ਲੋਕ ਨਿਰਮਾਣ ਵਿਭਾਗ ਵੱਲੋਂ ਹਵਾਈ ਅੱਡੇ ਦਾ ਉਦਘਾਟਨ ਜਲਦ ਹੀ ਕਰ ਦਿੱਤਾ ਜਾਵੇਗਾ ਅਤੇ ਇਸ ਦੀ ਕਮਾਂਡ ਭਾਰਤੀ ਹਵਾਈ ਅੱਡਾ ਅਥਾਰਿਟੀ ਦੇ ਹਵਾਲੇ ਕਰ ਦਿੱਤੀ ਜਾਵੇਗੀ।

25 ਸਤੰਬਰ ਨੂੰ ਦਿੱਲੀ ਵਿਚ ਪੰਜਾਬ ਸਰਕਾਰ, ਭਾਰਤੀ ਹਵਾਈ



ਅੱਡਾ ਅਥਾਰਿਟੀ, ਨਾਗਰਿਕ ਹਵਾਈ ਉਡਾਣ ਮੰਤਰਾਲਾ ਅਤੇ ਭਾਰਤੀ ਹਵਾਈ ਸੈਨਾ ਵਿਚਕਾਰ ਇਕ ਮਹੱਤਵਪੂਰਨ ਮੀਟਿੰਗ ਤਹਿ ਕੀਤੀ ਗਈ ਹੈ। ਜ਼ਿਲ੍ਹਾ ਕਲੈਕਟਰ ਹਿਮਾਂਸ਼ੂ ਜੈਨ ਦੇ ਦਿੱਲੀ ਤੋਂ ਵਾਪਸ ਆਉਣ ਉਪਰੰਤ ਜ਼ਿਲ੍ਹਾ ਪੱਧਰ 'ਤੇ ਸਾਰੇ ਸੰਬੰਧਤ ਵਿਭਾਗਾਂ ਦੀ ਉੱਚ ਪੱਧਰੀ ਬੈਠਕ ਹੋਵੇਗੀ, ਜਿਸ ਵਿਚ ਹਲਵਾਰਾ ਹਵਾਈ ਸੈਨਾ ਕੇਂਦਰ ਦੇ ਅਧਿਕਾਰੀ ਵੀ ਮੌਜੂਦ ਰਹਿਣਗੇ।

ਸਰਕਾਰੀ ਸੂਤਰਾਂ ਅਨੁਸਾਰ ਹਵਾਈ ਅੱਡੇ ਦੇ ਤਬਾਦਲੇ ਦੀਆਂ ਅਧਿਕਾਰਤ ਰਸਮਾਂ ਪੂਰੀਆਂ ਹੋਣ ਤੋਂ ਬਾਅਦ ਉਡਾਣਾਂ ਦੀ ਸਮਾਂ-ਸਾਰਣੀ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ। ਭਾਜਪਾ ਵੱਲੋਂ ਵੀ ਇਸ ਸਮਾਗਮ ਨੂੰ ਖ਼ਾਸ ਮਹੱਤਤਾ ਦਿੱਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਕੇਂਦਰੀ ਨਾਗਰਿਕ ਹਵਾਈ ਉਡਾਣ ਮੰਤਰੀ ਰਾਮ ਮੋਹਨ ਨਾਇਡੂ, ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ, ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਅਤੇ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਬਿੱਟੂ ਸਮੇਤ ਕਈ ਭਾਜਪਾ ਨੇਤਾ ਹਲਵਾਰਾ ਵਿਚ ਹੋਣ ਵਾਲੇ ਸਮਾਗਮ ਵਿਚ ਸ਼ਾਮਲ ਹੋ ਸਕਦੇ ਹਨ। ਇਸ ਸਮਾਗਮ ਦੌਰਾਨ ਹਵਾਈ ਅੱਡੇ ਦੇ ਸਰਕਾਰੀ ਉਦਘਾਟਨ ਅਤੇ ਉਡਾਣਾਂ ਦੀ ਸ਼ੁਰੂਆਤ ਲਈ ਰੂਪ-ਰੇਖਾ ਨੂੰ ਅੰਤਿਮ ਰੂਪ ਦਿੱਤੇ ਜਾਣ ਦੀ ਉਮੀਦ ਹੈ। 7 ਸਾਲਾਂ ਦੀ ਲੰਮੀ ਪ੍ਰਕਿਰਿਆ ਤੋਂ ਬਾਅਦ ਤਿਆਰ ਹੋਇਆ ਇਹ ਪ੍ਰਾਜੈਕਟ ਮੁੱਖ ਮੰਤਰੀ ਭਗਵੰਤ ਮਾਨ ਦੇ ਡਰੀਮ ਪ੍ਰਾਜੈਕਟ ਵਜੋਂ ਜਾਣਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਰਾਜਨੀਤਿਕ ਪੱਧਰ 'ਤੇ ਕਾਂਗਰਸ, ਭਾਜਪਾ ਅਤੇ ਆਮ ਆਦਮੀ ਪਾਰਟੀ ਵਿਚਕਾਰ ਇਸ ਪ੍ਰਾਜੈਕਟ ਦਾ ਸਿਹਰਾ ਲੈਣ ਲਈ ਹੋੜ ਵੀ ਤੇਜ਼ ਹੋ ਚੁੱਕੀ ਹੈ।


## Help Wanted in Missouri
## ਲੋੜ ਹੈ

**ਨੌਕਰੀ ਦੇ ਮੌਕੇ -ਸਾਡੇ ਕੋਲ ਮਿਸੂਰੀ ਏਰੀਆ ਵਿਚ ਕਈ ਅਸਾਮੀਆਂ ਖਾਲੀ ਹਨ। ਹੇਠਾਂ ਦਿੱਤੀਆਂ ਜਗ੍ਹਾਂ ਲਈ ਕਰਮਚਾਰੀਆਂ ਦੀ ਲੋੜ ਹੈ:**

■ ਗੈਸ ਸਟੇਸ਼ਨ ■ ਲਿਕੁਰ ਸਟੋਰ ■ ਪੰਜਾਬੀ ਰੈਸਟੋਰੈਂਟ

ਅਸਾਮੀਆਂ: ਕੈਸ਼ਿਅਰ / ਦੁਕਾਨ ਸਹਾਇਕ / ਰਸੋਈ ਸਹਾਇਕ/ ਰਸੋਈਏ / ਸਫਾਈ ਕਰਮਚਾਰੀ

- ਪਹਿਲਾਂ ਦਾ ਤਜਰਬਾ ਵਧੀਆ ਹੈ ਪਰ ਜ਼ਰੂਰੀ ਨਹੀਂ (ਟ੍ਰੇਨਿੰਗ ਦਿੱਤੀ ਜਾਵੇਗੀ)
- ਬੁਨਿਆਦੀ ਅੰਗਰੇਜ਼ੀ ਜਾਂ ਪੰਜਾਬੀ ਬੋਲੀ ਜਾਣੀ ਚਾਹੀਦੀ

**ਸੰਪਰਕ ਕਰੋ: ਜੇਕਰ ਤੁਸੀਂ ਦਿਲਚਸਪੀ ਰੱਖਦੇ ਹੋ, ਤਾਂ ਇਸ ਨੰਬਰ 'ਤੇ ਸੰਪਰਕ ਕਰੋ: 417-382-9100** 869


## ਬਿਕਰਮ ਮਜੀਠੀਆ ਦੀ ਨਿਯਮਿਤ ਜ਼ਮਾਨਤ ਅਰਜ਼ੀ 'ਤੇ ਸੁਣਵਾਈ 14 ਅਕਤੂਬਰ ਤੱਕ ਮੁਲਤਵੀ



**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ 'ਚ ਨਿਯਮਿਤ ਜ਼ਮਾਨਤ ਲਈ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਹੈ। ਵੀਰਵਾਰ ਨੂੰ ਹਾਈ ਕੋਰਟ ਨੇ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ 14 ਅਕਤੂਬਰ ਤੱਕ ਮੁਲਤਵੀ ਕਰ ਦਿੱਤੀ ਹੈ। ਜ਼ਿਲ੍ਹਾ ਅਦਾਲਤ ਵਲੋਂ ਮਜੀਠੀਆ ਦੀ ਪਟੀਸ਼ਨ ਖ਼ਾਰਜ ਕਰਨ ਤੋਂ ਬਾਅਦ ਉਨ੍ਹਾਂ ਆਪਣੇ ਵਕੀਲਾਂ ਰਾਹੀਂ ਇਹ ਪਟੀਸ਼ਨ ਦਾਇਰ ਕੀਤੀ ਹੈ। ਇਸ ਮਾਮਲੇ ਵਿਚ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ 14 ਅਕਤੂਬਰ ਤੱਕ ਆਪਣਾ ਜਵਾਬ ਦਾਇਰ ਕਰਨ ਦਾ ਹੁਕਮ ਦਿੱਤਾ ਹੈ ਤੇ ਇਸ ਦੇ ਨਾਲ ਹੀ ਮਾਮਲੇ ਦੀ ਸਟੇਟਸ ਰਿਪੋਰਟ ਦਾਇਰ ਕਰਨ ਦੇ ਵੀ ਨਿਰਦੇਸ਼ ਜਾਰੀ ਕੀਤੇ ਹਨ।

ਦੱਸ ਦੇਈਏ ਕਿ ਬਿਕਰਮ ਸਿੰਘ ਮਜੀਠੀਆ 6 ਜੁਲਾਈ ਤੋਂ ਨਵੀਂ ਨਾਭਾ ਜੇਲ੍ਹ 'ਚ ਨਜ਼ਰਬੰਦ ਹਨ, ਜਿਨ੍ਹਾਂ ਨੂੰ ਪੰਜਾਬ ਵਿਜੀਲੈਂਸ ਬਿਊਰੋ ਨੇ 25 ਜੂਨ ਨੂੰ ਅੰਮ੍ਰਿਤਸਰ ਤੋਂ ਕਥਿਤ ਤੌਰ 'ਤੇ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਸੀ। ਮਜੀਠੀਆ ਨੇ ਹਾਈ ਕੋਰਟ 'ਚ ਰਾਹਤ ਲਈ ਪਟੀਸ਼ਨ ਦਾਇਰ ਕੀਤੀ ਸੀ, ਜਿਸ ਵਿਚ ਦਾਅਵਾ ਕੀਤਾ ਗਿਆ ਕਿ ਪੰਜਾਬ ਵਿਜੀਲੈਂਸ ਬਿਊਰੋ ਵਲੋਂ ਕਥਿਤ ਤੌਰ 'ਤੇ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ਾਂ 'ਚ ਉਸ ਦੀ ਗ੍ਰਿਫ਼ਤਾਰੀ ਗੈਰ-ਕਾਨੂੰਨੀ ਸੀ। ਪਟੀਸ਼ਨ ਵਿਚ ਮਜੀਠੀਆ ਨੇ ਇਹ ਵੀ ਦਾਅਵਾ ਕੀਤਾ ਕਿ ਉਨ੍ਹਾਂ ਖ਼ਿਲਾਫ਼ ਦਰਜ ਕੀਤੀ ਗਈ ਐੱਫ.ਆਈ.ਆਰ. ਰਾਜਨੀਤਿਕ ਬਦਲਾਖੋਰੀ ਦਾ ਨਤੀਜਾ ਸੀ।


ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com


## ਸਾਬਕਾ ਕੈਬਨਿਟ ਮੰਤਰੀ ਸ. ਹਰਮੇਲ ਸਿੰਘ ਟੌਹੜਾ ਦਾ ਦੇਹਾਂਤ

**ਚੰਡੀਗੜ੍ਹ/ਪਟਿਆਲਾ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੀ ਤਤਕਾਲੀਨ ਸਰਕਾਰ ਦੌਰਾਨ ਕੈਬਨਿਟ ਮੰਤਰੀ ਰਹੇ ਸ. ਹਰਮੇਲ ਸਿੰਘ ਟੌਹੜਾ ਦਾ ਦੇਹਾਂਤ ਹੋ ਗਿਆ। ਉਹ ਪਿਛਲੇ ਕਾਫੀ ਸਮੇਂ ਤੋਂ ਬਿਮਾਰ ਚੱਲ ਰਹੇ ਸਨ ਅਤੇ ਚੰਡੀਗੜ੍ਹ ਦੇ ਹਸਪਤਾਲ ਵਿਚ ਇਲਾਜ ਹੇਠ ਦਾਖਲ ਸਨ।



ਸ. ਟੌਹੜਾ ਨੇ ਆਪਣੇ ਰਾਜਨੀਤਿਕ ਜੀਵਨ ਦੌਰਾਨ ਪੰਜਾਬ ਦੀ ਸਿਆਸਤ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਕੈਬਨਿਟ ਮੰਤਰੀ ਵਜੋਂ ਉਨ੍ਹਾਂ ਨੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਹਮੇਸ਼ਾਂ ਆਗੂ ਭੂਮਿਕਾ ਨਿਭਾਈ। ਉਨ੍ਹਾਂ ਦੀ ਸਾਦਗੀ, ਨਿਮਰਤਾ ਅਤੇ ਲੋਕ ਸੇਵਾ ਦੀ ਭਾਵਨਾ ਕਾਰਨ ਉਹ ਲੋਕਾਂ ਦੇ ਦਿਲਾਂ 'ਚ ਵੱਖਰੀ ਪਛਾਣ ਰੱਖਦੇ ਸਨ।

ਉਨ੍ਹਾਂ ਦੇ ਅਚਾਨਕ ਚਲੇ ਜਾਣ ਨਾਲ ਅਕਾਲੀ ਦਲ ਸਮੇਤ ਪੰਜਾਬ ਦੀ ਸਿਆਸਤ ਨੂੰ ਵੱਡਾ ਝਟਕਾ ਲੱਗਿਆ ਹੈ। ਸਿਆਸੀ ਅਤੇ ਸਮਾਜਿਕ ਧਿਰਾਂ ਵੱਲੋਂ ਉਨ੍ਹਾਂ ਦੇ ਦੇਹਾਂਤ 'ਤੇ ਦੁੱਖ ਪ੍ਰਗਟਾਇਆ ਜਾ ਰਿਹਾ ਹੈ।







# ਐੱਸ.ਆਈ.ਆਰ.: ਬਹੁਤੇ ਸੂਬਿਆਂ ’ਚ ਵੋਟਰਾਂ ਨੂੰ ਨਹੀਂ ਦੇਣੇ ਪੈਣਗੇ ਦਸਤਾਵੇਜ਼

**ਨਵੀਂ ਦਿੱਲੀ, (ਪੰਜਾਬ ਮੇਲ)-** ਚੋਣ ਕਮਿਸ਼ਨ ਦੇ ਅਧਿਕਾਰੀਆਂ ਨੇ ਕਿਹਾ ਕਿ ਦੇਸ਼ ਦੇ ਬਹੁਤੇ ਸੂਬਿਆਂ ’ਚ ਅੱਧੇ ਤੋਂ ਵੱਧ ਵੋਟਰਾਂ ਨੂੰ ਐੱਸ.ਆਈ.ਆਰ. ਲਈ ਸੰਭਾਵੀ ਤੌਰ ’ਤੇ ਕੋਈ ਵੀ ਦਸਤਾਵੇਜ਼ ਜਮ੍ਹਾ ਕਰਵਾਉਣ ਦੀ ਲੋੜ ਨਹੀਂ ਪਵੇਗੀ ਕਿਉਂਕਿ ਉਹ ਸਬੰਧਤ ਸੂਬਿਆਂ ’ਚ ਹੋਈ ਪਿਛਲੀ ਵਿਸ਼ੇਸ਼ ਵਿਆਪਕ ਪੜਤਾਲ (ਐੱਸ.ਆਈ.ਆਰ.) ਮਗਰੋਂ ਤਿਆਰ ਵੋਟਰ ਸੂਚੀਆਂ ’ਚ ਪਹਿਲਾਂ ਹੀ ਸ਼ਾਮਲ ਹੋਣਗੇ। ਉਨ੍ਹਾਂ ਦੱਸਿਆ ਕਿ ਬਹੁਤੇ ਸੂਬਿਆਂ ’ਚ ਵੋਟਰ ਸੂਚੀਆਂ ਦੀ ਆਖਰੀ ਵਿਸ਼ੇਸ਼ ਵਿਆਪਕ ਪੜਤਾਲ 2002 ਅਤੇ 2004 ਦੌਰਾਨ ਹੋਈ ਸੀ। ਅਗਲੇ ਸਾਲ ਹੋਣ ਵਾਲੀ ਐੱਸ.ਆਈ.ਆਰ. ਲਈ ਉਸ ਸਾਲ ਨੂੰ ਕੱਟ-ਆਫ ਡੇਟ ਦਾ ਆਧਾਰ ਮੰਨਿਆ ਜਾਵੇਗਾ।

ਅਧਿਕਾਰੀਆਂ ਨੇ ਕਿਹਾ ਕਿ ਕਮਿਸ਼ਨ ਜਲਦੀ ਹੀ ਪੂਰੇ ਦੇਸ਼ ’ਚ ਵਿਸ਼ੇਸ਼ ਵਿਆਪਕ ਪੜਤਾਲ ਦੀ ਸ਼ੁਰੂਆਤ ਲਈ ਤਰੀਕ ਤੈਅ ਕਰੇਗਾ

## ■ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੀ ਮੰਗ

ਅਤੇ ਸੂਬਿਆਂ ’ਚ ਵੋਟਰ ਸੂਚੀਆਂ ਦੀ ਸੁਧਾਈ ਇਹ ਵਰ੍ਹਾ ਖਤਮ ਹੋਣ ਤੋਂ ਪਹਿਲਾਂ ਸ਼ੁਰੂ ਹੋ ਸਕਦੀ ਹੈ। ਮੁੱਖ ਚੋਣ ਅਧਿਕਾਰੀਆਂ ਨੂੰ ਪਿਛਲੀ ਐੱਸ.ਆਈ.ਆਰ. ਮਗਰੋਂ ਪ੍ਰਕਾਸ਼ਿਤ ਆਪਣੇ ਰਾਜਾਂ ਦੀ ਵੋਟਰਾਂ ਸੂਚੀਆਂ ਤਿਆਰ ਰੱਖਣ ਦਾ ਨਿਰਦੇਸ਼ ਦਿੱਤਾ ਗਿਆ ਹੈ। ਕੁਝ ਸੂਬਿਆਂ ਦੇ ਮੁੱਖ ਚੋਣ ਅਧਿਕਾਰੀਆਂ ਨੇ ਪਿਛਲੀ ਵਿਸ਼ੇਸ਼ ਵਿਆਪਕ ਪੜਤਾਲ ਮਗਰੋਂ ਪ੍ਰਕਾਸ਼ਿਤ ਵੋਟਰ ਸੂਚੀਆਂ ਆਪਣੀਆਂ ਵੈੱਬਸਾਈਟਾਂ ’ਤੇ ਅਪਲੋਡ ਕੀਤੀਆਂ ਹੋਈਆਂ ਹਨ।

ਦਿੱਲੀ ’ਚ ਐੱਸ.ਆਈ.ਆਰ. ਸ਼ੁਰੂ ਕਰਨ ਦੀ ਤਿਆਰੀ

ਨਵੀਂ ਦਿੱਲੀ : ਦਿੱਲੀ ਚੋਣ ਕਮਿਸ਼ਨ ਨੇ ਕੌਮੀ ਰਾਜਧਾਨੀ ਦਿੱਲੀ ’ਚ ਵਿਸ਼ੇਸ਼ ਵਿਆਪਕ ਪੜਤਾਲ (ਐੱਸ.ਆਈ.ਆਰ.) ਸ਼ੁਰੂ ਕਰਨ ਲਈ ਤਿਆਰੀ ਵਿੱਢ ਦਿੱਤੀ ਹੈ ਅਤੇ ਦਿੱਲੀ ਦੇ ਉਨ੍ਹਾਂ ਵੋਟਰਾਂ ਜਿਨ੍ਹਾਂ ਦੇ ਨਾਂ 2002 ਦੀ ਵੋਟਰ ਸੂਚੀ ਵਿਚ ਨਹੀਂ ਹਨ, ਨੂੰ ਆਪਣਾ ਨਾਂ ਸ਼ਾਮਲ ਕਰਵਾਉਣ ਲਈ ਸ਼ਨਾਖਤੀ ਸਬੂਤ ਦੇਣਾ ਪਵੇਗਾ। ਐੱਸ.ਆਈ.ਆਰ. ਲਈ ਤਰੀਕਾਂ ਦਾ ਐਲਾਨ ਬਾਅਦ ਵਿਚ ਕੀਤਾ ਜਾਵੇਗਾ। ਅਧਿਕਾਰਤ ਬਿਆਨ ਮੁਤਾਬਕ ਚੋਣ ਕਮਿਸ਼ਨ ਨੇ ਵੋਟਰਾਂ ਵੋਟਰ ਸੂਚੀਆਂ ਦੀ ਪਾਰਦਰਸ਼ਿਤਾ ਬਣਾਈ ਰੱਖਣ ਲਈ ਪੂਰੇ ਦੇਸ਼ ’ਚ ਵਿਸ਼ੇਸ਼ ਵਿਆਪਕ ਪੜਤਾਲ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਹੈ। ਦਿੱਲੀ ਦੇ ਮੁੱਖ ਚੋਣ ਅਧਿਕਾਰੀ (ਸੀ.ਈ.ਓ.) ਦਫ਼ਤਰ ਨੇ ਵੀ ਇਸ ਪ੍ਰਕਿਰਿਆ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਬਿਆਨ ’ਚ ਕਿਹਾ ਗਿਆ ਕਿ ਸਾਰੇ ਅਸੈਂਬਲੀ ਹਲਕਿਆਂ ’ਚ ਬੂਥ ਲੈਵਲ ਅਧਿਕਾਰੀ ਨਿਯੁਕਤ ਕੀਤੇ ਗਏ ਹਨ। ਬੀ.ਐੱਲ.ਓਜ਼ ਸਣੇ ਹੋਰ ਅਧਿਕਾਰੀਆਂ ਨੂੰ ਇਸ ਸਬੰਧੀ ਟਰੇਨਿੰਗ ਵੀ ਦਿੱਤੀ ਗਈ ਹੈ।

# ਸ਼੍ਰੋਮਣੀ ਕਮੇਟੀ ਦੀ ਅਧਿਕਾਰਤ ਵੈੱਬਸਾਈਟ ’ਤੇ ਸੰਗਤਾਂ ਨੂੰ ਮਿਲੇਗੀ ਮੁਕੰਮਲ ਜਾਣਕਾਰੀ : ਐਡਵੋਕੇਟ ਧਾਮੀ



**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਕੀਤੇ ਜਾ ਰਹੇ ਰਾਹਤ ਕਾਰਜਾਂ ਅਤੇ ਸੰਗਤਾਂ ਵੱਲੋਂ ਭੇਜੀ ਜਾ ਰਹੀ ਵਿੱਤੀ ਸਹਾਇਤਾ ਦੇ ਵੇਰਵਿਆਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਧਿਕਾਰਤ ਵੈੱਬਸਾਈਟ ’ਤੇ ਜਾਰੀ ਕੀਤਾ ਹੈ। ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਪ੍ਰੈੱਸ ਕਾਨਫ਼ਰੰਸ ਦੌਰਾਨ ਵੈੱਬ ਪੋਰਟਲ ਜਾਰੀ ਕਰਨ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਹੜ੍ਹਾਂ ਦੌਰਾਨ ਹੋਏ ਨੁਕਸਾਨ ਦੇ ਮੱਦੇਨਜ਼ਰ ਲੋੜਵੰਦਾਂ ਤੱਕ ਲਗਾਤਾਰ ਪਹੁੰਚ ਅਪਣਾ ਰਹੀ ਹੈ ਅਤੇ ਸੰਗਤਾਂ ਦੀ ਮੰਗ ਅਤੇ ਲੋੜਾਂ ਨੂੰ ਮੁੱਖ ਰੱਖਦਿਆਂ ਸਿੱਖ ਸੰਸਥਾ ਵੱਲੋਂ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜਿਥੇ ਸ਼੍ਰੋਮਣੀ ਕਮੇਟੀ ਨੇ ਰਾਹਤ ਕਾਰਜਾਂ ਲਈ 20 ਕਰੋੜ ਰੁਪਏ ਰਾਖਵੇਂ ਰੱਖੇ ਹਨ, ਉਥੇ ਸੰਗਤਾਂ ਵੱਲੋਂ ਵੀ ਵੱਡਾ ਸਹਿਯੋਗ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਸੰਗਤਾਂ ਵੱਲੋਂ ਚੜ੍ਹਤ ਵਿਚ ਭੇਜੀਆਂ ਰਸਦਾਂ ਅਤੇ ਜ਼ਰੂਰੀ ਸਮਾਨ ਵੀ ਪੀੜਤਾਂ ਤੱਕ ਪੁੱਜਦਾ ਕੀਤਾ ਜਾ ਰਿਹਾ ਹੈ।

ਐਡਵੋਕੇਟ ਧਾਮੀ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਹੜ੍ਹਾਂ ਨਾਲ ਨੁਕਸਾਨੇ ਬੰਨ੍ਹਾਂ ਦੀ ਮਜ਼ਬੂਤੀ ਲਈ ਕਾਰਜ ਕਰ ਰਹੀਆਂ ਸੰਗਤਾਂ ਨੂੰ ਹੁਣ ਤੱਕ 22 ਹਜ਼ਾਰ ਲੀਟਰ ਡੀਜ਼ਲ ਦਿੱਤਾ ਜਾ ਚੁੱਕਾ ਹੈ, ਜਿਸ ਵਿਚ ਖੇਮਕਰਨ ਹਲਕੇ ਲਈ 6 ਹਜ਼ਾਰ ਲੀਟਰ, ਡੇਰਾ ਬਾਬਾ ਨਾਨਕ ਲਈ 5 ਹਜ਼ਾਰ ਲੀਟਰ ਅਤੇ ਸੁਲਤਾਨਪੁਰ ਲੋਧੀ ਏਰੀਏ ਲਈ 11 ਹਜ਼ਾਰ ਲੀਟਰ ਡੀਜ਼ਲ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਸੁਲਤਾਨਪੁਰ ਲੋਧੀ ਦੀਆਂ ਸੰਗਤਾਂ ਦੀ ਮੰਗ ਅਨੁਸਾਰ ਆਉਂਦੇ ਦਿਨਾਂ ਵਿਚ 8 ਹਜ਼ਾਰ ਲੀਟਰ ਡੀਜ਼ਲ ਹੋਰ ਦਿੱਤਾ ਜਾਵੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਸੇ ਤਰ੍ਹਾਂ ਕਿਸਾਨਾਂ ਨੂੰ ਕਣਕ ਦੀ ਬਿਜਾਈ ਸਮੇਂ ਡੀਜ਼ਲ ਅਤੇ ਮਿਆਰੀ ਬੀਜ ਦੇਣ ਦਾ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਭਾਵਿਤ ਖੇਤਰਾਂ ਅੰਦਰ ਗੁਰਦੁਆਰਾ ਸਾਹਿਬਾਨ ਦੇ ਹੋਏ ਨੁਕਸਾਨ ਦੇ ਵੇਰਵੇ ਵੀ ਇਕੱਤਰ ਕੀਤੇ ਜਾ ਰਹੇ ਹਨ, ਤਾਂ ਜੋ ਲੋੜ ਅਨੁਸਾਰ ਸਹਾਇਤਾ ਰਾਸ਼ੀ ਦਿੱਤੀ ਜਾ ਸਕੇ। ਉਨ੍ਹਾਂ ਕਿਹਾ ਕਿ ਅੱਗੇ ਸਰਦੀ ਦੇ ਆ ਰਹੇ ਮੌਸਮ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਹੜ੍ਹ ਪੀੜਤਾਂ ਨੂੰ ਕੰਬਲ ਤੇ ਗੱਦੇ ਮੁਹੱਈਆ ਕਰਵਾਉਣ ਦੇ ਵੀ ਪ੍ਰਬੰਧ ਕੀਤੇ ਜਾ ਰਹੇ ਹਨ।

# ਪੁਤਿਨ ਵੱਲੋਂ ਟਰੰਪ ਨੂੰ ਇੱਕ ਸਾਲ ਲਈ ਪ੍ਰਮਾਣੂ ਹਥਿਆਰ ਨਿਯੰਤਰਣ ਸਮਝੌਤੇ ਦੀ ਪੇਸ਼ਕਸ਼



**ਮਾਸਕੋ, (ਪੰਜਾਬ ਮੇਲ)-** ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਕਿਹਾ ਕਿ ਜੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੀ ਅਜਿਹਾ ਕਰਦੇ ਹਨ, ਤਾਂ ਉਹ ਵਾਸ਼ਿੰਗਟਨ ਅਤੇ ਮਾਸਕੋ ਦਰਮਿਆਨ ਪ੍ਰਮਾਣੂ ਹਥਿਆਰਾਂ ਦੀ ਗਿਣਤੀ ਨੂੰ ਸੀਮਤ ਕਰਨ ਵਾਲੀ ਆਖਰੀ ਹਥਿਆਰ ਨਿਯੰਤਰਣ ਸੰਧੀ ਨੂੰ ਇੱਕ ਸਾਲ ਲਈ ਵਧਾਉਣ ਲਈ ਤਿਆਰ ਹਨ।

ਨਿਊ ਸਟ੍ਰੈਟਜਿਕ ਆਰਮਜ਼ ਰਿਡਕਸ਼ਨ ਟ੍ਰੀਟੀ ਜਾਂ ਨਿਊ ਸਟਾਰਟ ਸੰਧੀ 5 ਫਰਵਰੀ 2026 ਨੂੰ ਖਤਮ ਹੋਣ ਵਾਲੀ ਹੈ। ਇਹ ਸਮਝੌਤਾ ਸੰਯੁਕਤ ਰਾਜ ਅਤੇ ਰੂਸ ਵੱਲੋਂ ਤਾਇਨਾਤ ਕੀਤੇ ਜਾ ਸਕਣ ਵਾਲੇ ਰਣਨੀਤਕ ਪ੍ਰਮਾਣੂ ਹਥਿਆਰਾਂ ਅਤੇ ਉਨ੍ਹਾਂ ਨੂੰ ਲਿਜਾਣ ਵਾਲੀਆਂ ਜ਼ਮੀਨ, ਪਣਡੁੱਬੀ-ਆਧਾਰਿਤ ਮਿਜ਼ਾਈਲਾਂ, ਬੰਬਾਂ ਦੀ ਤੈਨਾਤੀ ਦੀ ਗਿਣਤੀ ਨੂੰ ਸੀਮਤ ਕਰਦਾ ਹੈ। ਇਸ ਦੇ ਖਤਮ ਹੋਣ ਵਿਚ ਚਾਰ ਮਹੀਨਿਆਂ ਤੋਂ ਵੱਧ ਦਾ ਸਮਾਂ ਬਾਕੀ ਹੈ। ਯੂਕਰੇਨ ਵਿਚ ਜੰਗ ਨੂੰ ਲੈ ਕੇ ਮਤਭੇਦਾਂ ਕਾਰਨ ਰੂਸ ਅਤੇ ਸੰਯੁਕਤ ਰਾਜ ਨੇ ਸੰਧੀ ਨੂੰ ਨਵਿਆਉਣ ਜਾਂ ਇਸ ਵਿਚ ਸੁਧਾਰ ਕਰਨ ਬਾਰੇ ਗੱਲਬਾਤ ਸ਼ੁਰੂ ਨਹੀਂ ਕੀਤੀ ਹੈ, ਹਾਲਾਂਕਿ ਟਰੰਪ ਨੇ ਇੱਕ ਨਵੇਂ ਪਰਮਾਣੂ ਹਥਿਆਰ ਨਿਯੰਤਰਣ ਸਮਝੌਤੇ, ਜਿਸ ਵਿਚ ਚੀਨ ਨੂੰ ਵੀ ਸ਼ਾਮਲ ਕਰਨ ਦੀ ਇੱਛਾ ਬਾਰੇ ਗੱਲ ਕੀਤੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com

# ਹਵਾਈ ਜਹਾਜ਼ ਦੇ ਲੈਂਡਿੰਗ ਗੇਅਰ ’ਚ ਲੁਕ ਕੇ ਦਿੱਲੀ ਪੁੱਜਿਆ 13 ਸਾਲਾ ਅਫ਼ਗਾਨ ਲੜਕਾ

**ਨਵੀਂ ਦਿੱਲੀ, (ਪੰਜਾਬ ਮੇਲ)-** 13 ਸਾਲ ਦਾ ਅਫ਼ਗਾਨ ਲੜਕਾ ਕਾਬੁਲ ਤੋਂ ਉਡਾਣ ਭਰਨ ਵਾਲੇ ਜਹਾਜ਼ ਦੇ ਲੈਂਡਿੰਗ ਗੇਅਰ ਕੰਪਾਰਟਮੈਂਟ ਅੰਦਰ ਕਿਸੇ ਤਰ੍ਹਾਂ ਦਾਖ਼ਲ ਹੋ ਕੇ ਦਿੱਲੀ ਪਹੁੰਚ ਗਿਆ। ਇਸ ਦਾ ਪਤਾ ਉਦੋਂ ਲੱਗਿਆ, ਜਦੋਂ ਐਤਵਾਰ ਸਵੇਰੇ 11 ਵਜੇ ਦੇ ਕਰੀਬ ਕੇ.ਏ.ਐੱਮ. ਏਅਰਲਾਈਨਜ਼ ਦਾ ਜਹਾਜ਼ ਆਰ ਕਿਉ-4401 ਦੋ ਘੰਟੇ ਦੀ ਯਾਤਰਾ ਤੋਂ ਬਾਅਦ ਇੱਥੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ’ਤੇ ਉਤਰਿਆ। ਹਾਲਾਂਕਿ ਲੜਕੇ ਨੂੰ ਐਤਵਾਰ ਨੂੰ ਉਸੇ ਉਡਾਣ ਰਾਹੀਂ ਅਫ਼ਗਾਨਿਸਤਾਨ ਵਾਪਸ ਭੇਜ ਦਿੱਤਾ ਗਿਆ। ਕੁੰਦੂਜ਼ ਸ਼ਹਿਰ ਦੇ ਰਹਿਣ ਵਾਲੇ ਇਸ ਲੜਕੇ ਨੂੰ ਏਅਰਲਾਈਨ ਦੇ ਕਰਮਚਾਰੀਆਂ ਨੇ ਫੜ ਲਿਆ ਅਤੇ ਸੀ.ਆਈ.ਐੱਸ.ਐੱਫ. ਦੇ ਜਵਾਨਾਂ ਨੂੰ ਸੌਂਪ ਦਿੱਤਾ। ਉਨ੍ਹਾਂ ਪੁੱਛ-ਪੜਤਾਲ ਮਗਰੋਂ ਲੜਕੇ ਨੂੰ ਉਸੇ ਉਡਾਣ ਰਾਹੀਂ ਵਾਪਸ ਅਫ਼ਗਾਨਿਸਤਾਨ ਭੇਜ ਦਿੱਤਾ।

# 2 ਅਮਰੀਕੀ ਸੰਸਦ ਮੈਂਬਰ ਵੱਲੋਂ ਭਾਰਤ ’ਤੇ ‘ਝੀਂਗਾ ਟੈਰਿਫ ਐਕਟ’ ਦੀ ਮੰਗ!

**ਨਵੀਂ ਦਿੱਲੀ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਪਹਿਲਾਂ ਹੀ ਭਾਰਤ ’ਤੇ 50 ਪ੍ਰਤੀਸ਼ਤ ਟੈਰਿਫ ਲਗਾ ਚੁੱਕੇ ਹਨ ਅਤੇ ਹੁਣ ਦੋ ਅਮਰੀਕੀ ਸੰਸਦ ਮੈਂਬਰ ਝੀਂਗਾ ਟੈਰਿਫ ਐਕਟ ਦੀ ਮੰਗ ਕਰ ਰਹੇ ਹਨ। ਇਸ ਖ਼ਬਰ ਤੋਂ ਬਾਅਦ ਝੀਂਗਾ ਨਿਰਯਾਤ ਕਰਨ ਵਾਲੀਆਂ ਕੰਪਨੀਆਂ ਦੇ ਸ਼ੇਅਰ ਸਟਾਕ ਮਾਰਕੀਟ ਵਿਚ ਤੇਜ਼ੀ ਨਾਲ ਡਿੱਗ ਗਏ। ਇਹ ਟੈਰਿਫ ਐਕਟ ਭਾਰਤੀ ਝੀਂਗਾ ਨਿਰਯਾਤਕਾਂ ’ਤੇ ਲਗਾਉਣ ਦੀ ਮੰਗ ਕੀਤੀ ਜਾ ਰਹੀ ਹੈ। ਅਮਰੀਕੀ ਸੈਨੇਟਰ ਬਿਲ ਕੈਸੀਡੀ ਅਤੇ ਸਿੰਡੀ ਹਾਈਡ-ਸਮਿਥ ਨੇ ਪਿਛਲੇ ਹਫ਼ਤੇ ਅਮਰੀਕੀ ਕਾਂਗਰਸ ਵਿਚ “ਇੰਡੀਆ ਝੀਂਗਾ ਟੈਰਿਫ ਐਕਟ” ਪੇਸ਼ ਕੀਤਾ ਸੀ।

ਇਨ੍ਹਾਂ ਅਮਰੀਕੀ ਸੰਸਦ ਮੈਂਬਰਾਂ ਦਾ ਤਰਕ ਹੈ ਕਿ ਉਹ ਭਾਰਤ ਦੁਆਰਾ ਅਨੁਚਿਤ ਵਪਾਰਕ ਅਭਿਆਸਾਂ ਨੂੰ ਰੋਕਣਾ ਚਾਹੁੰਦੇ ਹਨ, ਕਿਉਂਕਿ ਇਹ ਲੁਈਸਿਆਨਾ ਦੇ ਝੀਂਗਾ ਅਤੇ ਕੈਟਫਿਸ਼ ਉਦਯੋਗਾਂ ਲਈ ਖ਼ਤਰਾ ਹੈ।

ਪ੍ਰਸਤਾਵਿਤ ਐਕਟ ਦਾ ਉਦੇਸ਼ ਅਮਰੀਕੀ ਬਾਜ਼ਾਰਾਂ ਵਿਚ ਭਾਰਤੀ ਝੀਂਗਾ ਦੀ ਡੰਪਿੰਗ ਨੂੰ ਰੋਕਣਾ ਹੈ। ਅਮਰੀਕੀ ਕਾਂਗਰਸ ਮੈਂਬਰ ਕੈਸੀਡੀ, ਜਿਸਨੇ ਅਮਰੀਕੀ ਕਾਂਗਰਸ ਵਿਚ ਐਕਟ ਪੇਸ਼ ਕੀਤਾ, ਨੇ ਕਿਹਾ, “ਇੱਕ ਬਰਾਬਰੀ ਦਾ ਮੈਦਾਨ ਪ੍ਰਦਾਨ ਕਰਕੇ, ਇਹ ਬਿੱਲ ਲੁਈਸਿਆਨਾ ਦੇ ਸਮੁੰਦਰੀ ਭੋਜਨ ਅਤੇ ਇਸ ’ਤੇ ਨਿਰਭਰ ਨੌਕਰੀਆਂ ਦੀ ਰੱਖਿਆ ਕਰਦਾ ਹੈ।”

ਹਾਈਡ-ਸਮਿਥ ਨੇ ਕਿਹਾ ਕਿ ਬੇਕਾਬੂ ਆਯਾਤ ਨੇ ਅਮਰੀਕੀ ਝੀਂਗਾ ਉਤਪਾਦਕਾਂ, ਪ੍ਰੋਸੈਸਰਾਂ ਅਤੇ ਖਪਤਕਾਰਾਂ ਨੂੰ ਨੁਕਸਾਨ ਪਹੁੰਚਾਇਆ ਹੈ। ਉਸਨੇ ਅੱਗੇ ਕਿਹਾ, “ਇਹ ਬਿੱਲ ਸਾਡੇ ਘਰੇਲੂ ਉਦਯੋਗ ਨੂੰ ਇੱਕ ਹੋਰ ਬਰਾਬਰੀ ਦਾ ਮੌਕਾ ਪ੍ਰਦਾਨ ਕਰੇਗਾ।” ਜੇਕਰ ਇਹ ਬਿੱਲ ਪਾਸ ਹੋ ਜਾਂਦਾ ਹੈ, ਤਾਂ ਇਹ ਨਿਰਯਾਤ-ਮੁਖੀ ਝੀਂਗਾ ਫੀਡ ਕੰਪਨੀਆਂ ਦੇ ਮੁਨਾਫ਼ੇ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

ਪਿਛਲੇ ਹਫ਼ਤੇ ਦੇ ਸ਼ੁਰੂ ਵਿਚ, ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐੱਨ. ਚੰਦਰਬਾਬੂ ਨਾਇਡੂ ਨੇ ਕਿਹਾ ਸੀ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਟੈਰਿਫ ਭਾਰਤੀ ਝੀਂਗਾ ਨਿਰਯਾਤਕਾਂ ਨੂੰ 25,000 ਕਰੋੜ ਰੁਪਏ ਦਾ ਨੁਕਸਾਨ ਪਹੁੰਚਾ ਸਕਦੇ ਹਨ ਅਤੇ ਅੱਧੇ ਤੋਂ ਵੱਧ ਨਿਰਯਾਤ ਆਰਡਰ ਰੱਦ ਹੋਣ ਦੀ ਉਮੀਦ ਹੈ।

ਜ਼ਿਕਰਯੋਗ ਹੈ ਕਿ ਆਂਧਰਾ ਪ੍ਰਦੇਸ਼ ਭਾਰਤ ਦੇ ਝੀਂਗਾ ਨਿਰਯਾਤ ਦਾ 80 ਪ੍ਰਤੀਸ਼ਤ ਹੈ, ਜਿਸਦਾ ਸਾਲਾਨਾ ਮੁੱਲ 21,000 ਕਰੋੜ ਰੁਪਏ ਤੋਂ ਵੱਧ ਹੈ। ਸਮੁੰਦਰੀ ਉਤਪਾਦ ਨਿਰਯਾਤ ਵਿਕਾਸ ਅਥਾਰਟੀ ਦੇ ਅੰਕੜਿਆਂ ਅਨੁਸਾਰ, ਵਿੱਤੀ ਸਾਲ 2024 ਦੌਰਾਨ, ਭਾਰਤ ਨੇ 7.38 ਬਿਲੀਅਨ ਡਾਲਰ ਮੁੱਲ ਦਾ ਸਮੁੰਦਰੀ ਭੋਜਨ ਨਿਰਯਾਤ ਕੀਤਾ। ਅਮਰੀਕਾ ਅਤੇ ਚੀਨ ਪ੍ਰਮੁੱਖ ਆਯਾਤਕ ਸਨ ਅਤੇ ਜੰਮੇ ਹੋਏ ਝੀਂਗਾ ਸਭ ਤੋਂ ਵੱਡੇ ਨਿਰਯਾਤ ਵਸਤੂ ਸਨ।






# ਚੀਨ ਨੇ ਦੁਨੀਆਂ ਭਰ ਦੇ ਪੇਸ਼ੇਵਰਾਂ ਲਈ ਖੋਲ੍ਹੇ ਆਪਣੇ ਦਰਵਾਜ਼ੇ; 'ਕੇ ਵੀਜ਼ਾ' ਦੀ ਸ਼ੁਰੂਆਤ ਦਾ ਐਲਾਨ

**ਬੀਜਿੰਗ, (ਪੰਜਾਬ ਮੇਲ)-** ਅਮਰੀਕੀ ਵੀਜ਼ਾ ਨਿਯਮਾਂ ਨੂੰ ਲੈ ਕੇ ਸਿਰਫ਼ ਭਾਰਤ ਹੀ ਨਹੀਂ, ਸਗੋਂ ਦੁਨੀਆਂ ਭਰ ਦੇ ਪੇਸ਼ੇਵਰ ਚਿੰਤਾ 'ਚ ਡੁੱਬੇ ਹੋਏ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਹਾਲੀਆ ਫ਼ਰਮਾਨ ਅਨੁਸਾਰ ਹੁਣ ਨਵੇਂ ਐੱਚ.-1ਬੀ. ਵੀਜ਼ਾ ਲਈ ਬਿਨੈਕਾਰਾਂ ਨੂੰ ਇਕ ਲੱਖ ਡਾਲਰ (ਲੱਗਭਗ 88 ਲੱਖ ਰੁਪਏ) ਦੀ ਫੀਸ ਦੇਣੀ ਪਵੇਗੀ। ਇਸ ਦੇ ਉਲਟ ਚੀਨ ਨੇ ਦੁਨੀਆਂ ਭਰ ਦੇ ਪੇਸ਼ੇਵਰਾਂ ਲਈ ਆਪਣੇ ਦਰਵਾਜ਼ੇ ਖੋਲ੍ਹ ਦਿੱਤੇ ਹਨ।

ਦਰਅਸਲ ਅਮਰੀਕੀ ਫ਼ਰਮਾਨ ਤੋਂ ਬਾਅਦ ਚੀਨ ਨੇ ਇਕ ਅਧਿਕਾਰਤ ਬਿਆਨ ਜਾਰੀ ਕਰ ਕੇ ਇਕ ਨਵੀਂ 'ਕੇ ਵੀਜ਼ਾ' ਸ਼੍ਰੇਣੀ ਦੀ ਸ਼ੁਰੂਆਤ ਕਰਨ ਦਾ ਐਲਾਨ ਕੀਤਾ ਹੈ। ਇਸ ਰਾਹੀਂ ਦੁਨੀਆਂ ਭਰ ਦੇ ਨੌਜਵਾਨ ਅਤੇ ਪ੍ਰਤਿਭਾਸ਼ਾਲੀ ਪੇਸ਼ੇਵਰਾਂ ਨੂੰ ਦੇਸ਼ 'ਚ ਲਿਆਂਦਾ ਜਾਵੇਗਾ। ਦੱਸਿਆ ਜਾ ਰਿਹਾ ਹੈ ਕਿ ਚੀਨ ਵਿਸ਼ੇਸ਼ ਤੌਰ 'ਤੇ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ (ਐੱਸ.ਟੀ.ਈ.ਐੱਮ.) ਨਾਲ ਜੁੜੇ ਪੇਸ਼ੇਵਰਾਂ ਨੂੰ ਆਪਣੇ ਦੇਸ਼ 'ਚ ਲਿਆਉਣਾ ਚਾਹੁੰਦਾ ਹੈ। ਮਾਹਿਰਾਂ

**■ ਅਮਰੀਕਾ ਦੇ ਐੱਚ.-1ਬੀ. ਵੀਜ਼ਾ ਨੂੰ ਦੇਵੇਗਾ ਟੱਕਰ !**

ਦਾ ਕਹਿਣਾ ਹੈ ਕਿ ਇਹ ਵੀਜ਼ਾ ਅਮਰੀਕਾ ਦੇ ਐੱਚ.-1ਬੀ. ਨੂੰ ਟੱਕਰ ਦੇਵੇਗਾ।

ਇਕ ਰਿਪੋਰਟ ਅਨੁਸਾਰ ਚੀਨ ਦਾ ਨਵੀਂ ਵੀਜ਼ਾ ਸ਼੍ਰੇਣੀ ਬਾਰੇ ਫੈਸਲਾ ਅਗਸਤ 'ਚ ਲਿਆ ਗਿਆ ਸੀ ਪਰ ਹੁਣ ਨਵੀਂ ਵੀਜ਼ਾ ਸ਼੍ਰੇਣੀ 1 ਅਕਤੂਬਰ 2025 ਤੋਂ ਲਾਗੂ ਕੀਤੀ ਜਾਵੇਗੀ। ਅਮਰੀਕਾ ਐੱਚ-1ਬੀ. ਵੀਜ਼ਾ ਰਾਹੀਂ ਐੱਸ.ਟੀ.ਈ.ਐੱਮ. ਕਰਮਚਾਰੀਆਂ ਨੂੰ ਦੇਸ਼ ਵਿਚ ਲਿਆਉਂਦਾ ਰਿਹਾ ਹੈ ਪਰ ਹੁਣ ਚੀਨ ਦਾ 'ਕੇ. ਵੀਜ਼ਾ' ਵੀ ਅਜਿਹਾ ਹੀ ਕੰਮ ਕਰਨ ਵਾਲਾ ਹੈ। ਬਹੁਤ ਸਾਰੇ ਦੇਸ਼ ਕੰਮ ਕਰਨ ਵਾਲੇ ਪੇਸ਼ੇਵਰਾਂ ਲਈ ਐਂਟਰੀ ਪਾਬੰਦੀਆਂ ਨੂੰ ਸਖ਼ਤ ਕਰ ਰਹੇ ਹਨ। ਅਜਿਹੇ 'ਚ ਚੀਨ ਨੇ ਇਸ ਦਾ ਫਾਇਦਾ ਉਠਾਉਂਦੇ ਹੋਏ ਉਨ੍ਹਾਂ ਨੂੰ ਦੇਸ਼ ਵਿਚ ਲਿਆਉਣ ਲਈ ਇਕ ਨਵਾਂ ਵੀਜ਼ਾ ਸ਼ੁਰੂ ਕੀਤਾ ਹੈ।

ਚੀਨ ਦੇ ਨਿਆਂ ਮੰਤਰਾਲੇ ਦਾ ਕਹਿਣਾ ਹੈ ਕਿ 'ਕੇ. ਵੀਜ਼ਾ' ਨੌਜਵਾਨ ਵਿਦੇਸ਼ੀ ਵਿਗਿਆਨੀਆਂ ਅਤੇ ਤਕਨਾਲੋਜੀ ਨਾਲ ਜੁੜੇ ਪ੍ਰਤਿਭਾਸ਼ਾਲੀ ਲੋਕਾਂ ਨੂੰ ਦਿੱਤਾ ਜਾਵੇਗਾ, ਜਿਨ੍ਹਾਂ ਨੇ ਚੀਨ ਜਾਂ ਵਿਦੇਸ਼ ਵਿਚ ਕਿਸੇ ਵੱਕਾਰੀ ਯੂਨੀਵਰਸਿਟੀ ਜਾਂ ਖੋਜ ਸੰਸਥਾ ਤੋਂ ਐੱਸ.ਟੀ.ਈ.ਐੱਮ. 'ਚ ਡਿਗਰੀ ਹਾਸਲ ਕੀਤੀ ਹੈ। ਕੁੱਲ ਮਿਲਾ ਕੇ ਚੀਨ ਦਾ ਧਿਆਨ ਇੰਜੀਨੀਅਰਿੰਗ ਅਤੇ ਤਕਨਾਲੋਜੀ ਖੇਤਰਾਂ ਦੇ ਲੋਕਾਂ ਨੂੰ ਆਕਰਸ਼ਿਤ ਕਰਨ 'ਤੇ ਕੇਂਦ੍ਰਿਤ ਹੈ। ਇੰਨਾ ਹੀ ਨਹੀਂ, 'ਕੇ. ਵੀਜ਼ਾ' ਚੀਨ ਜਾਂ ਵਿਦੇਸ਼ ਵਿਚ ਕਿਸੇ ਵੱਕਾਰੀ ਸੰਸਥਾ 'ਚ ਪੜ੍ਹਾਉਣ ਜਾਂ ਖੋਜ ਕਰਨ 'ਚ ਲੱਗੇ ਨੌਜਵਾਨ ਪੇਸ਼ੇਵਰਾਂ ਨੂੰ ਵੀ ਦਿੱਤਾ ਜਾਵੇਗਾ।

ਬਿਨੈਕਾਰਾਂ ਨੂੰ 'ਕੇ. ਵੀਜ਼ਾ' ਤਾਂ ਹੀ ਮਿਲੇਗਾ, ਜੇਕਰ ਉਹ ਚੀਨੀ ਅਧਿਕਾਰੀਆਂ ਦੁਆਰਾ ਨਿਰਧਾਰਤ ਵਿੱਦਿਅਕ ਯੋਗਤਾਵਾਂ ਅਤੇ ਸ਼ਰਤਾਂ ਨੂੰ ਪੂਰਾ ਕਰਨਗੇ। ਉਨ੍ਹਾਂ ਨੂੰ ਜ਼ਰੂਰੀ ਦਸਤਾਵੇਜ਼ ਵੀ ਦਿਖਾਉਣਗੇ ਪੈਣਗੇ। ਹਾਲਾਂਕਿ ਵੀਜ਼ਾ ਦੀਆਂ ਸ਼ਰਤਾਂ ਅਜੇ ਜਾਰੀ ਨਹੀਂ ਕੀਤੀਆਂ ਗਈਆਂ ਪਰ ਚੀਨੀ ਦੂਤਘਰ ਅਤੇ ਕੌਂਸਲੇਟ ਜਲਦੀ ਹੀ ਉਨ੍ਹਾਂ ਨੂੰ ਜਾਰੀ ਕਰਨਗੇ।

## ਚੀਨ 'ਚ ਕੋਰੋਨਾ ਦੇ ਸ਼ੁਰੂਆਤੀ ਕਹਿਰ ਦੀ ਰਿਪੋਰਟਿੰਗ ਕਰਨ ਵਾਲੀ ਪੱਤਰਕਾਰ ਨੂੰ ਮੁੜ 4 ਸਾਲ ਦੀ ਕੈਦ

**ਬੀਜਿੰਗ (ਪੰਜਾਬ ਮੇਲ)-**ਚੀਨੀ ਪੱਤਰਕਾਰ ਝਾਂਗ ਝਾਨ ਨੂੰ ਵੁਹਾਨ 'ਚ ਕੋਵਿਡ-19 ਦੇ ਸ਼ੁਰੂਆਤੀ ਕਹਿਰ ਬਾਰੇ ਰਿਪੋਰਟਿੰਗ ਕਰਨ ਲਈ ਮੁੜ 4 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਹ ਜਾਣਕਾਰੀ ਪ੍ਰੈੱਸ ਦੀ ਆਜ਼ਾਦੀ ਲਈ ਕੰਮ ਕਰਨ ਵਾਲੀ ਸੰਸਥਾ 'ਰਿਪੋਰਟਰਜ਼ ਵਿਦਾਊਟ ਬਾਰਡਰਜ਼' ਵੱਲੋਂ ਦਿੱਤੀ ਗਈ ਸੀ। 42 ਸਾਲਾ ਝਾਂਗ ਝਾਨ ਨੂੰ 'ਹਿੰਸਾ ਭੜਕਾਉਣ' ਦਾ ਦੋਸ਼ੀ ਠਹਿਰਾਇਆ ਗਿਆ ਸੀ। ਉਸ ਨੂੰ 2020 'ਚ ਵੀ ਇਸੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ, ਜਦੋਂ ਉਸ ਨੇ ਸੋਸ਼ਲ ਮੀਡੀਆ 'ਤੇ ਵੁਹਾਨ ਵਿਚ ਕੋਰੋਨਾਵਾਇਰਸ ਦੇ ਕਹਿਰ ਬਾਰੇ ਖ਼ਬਰਾਂ ਅਤੇ ਵੀਡੀਓਜ਼ ਪੋਸਟ ਕੀਤੀਆਂ ਸਨ।

ਸੰਸਥਾ ਦੇ ਅਧਿਕਾਰੀ ਅਲੈਕਸੈਂਡਰਾ ਬਿਆਲਾਕੋਵਸਕਾ ਨੇ ਕਿਹਾ ਕਿ ਝਾਂਗ ਝਾਨ ਦੁਨੀਆਂ ਭਰ ਵਿਚ ਸਤਿਕਾਰ ਦੀ ਹੱਕਦਾਰ ਹੈ, ਨਾ ਕਿ ਜੇਲ੍ਹ ਦੇ ਮੁਸ਼ਕਲ ਹਾਲਾਤਾਂ ਦੀ। ਉਸ ਦੀ ਪੀੜਾ ਖਤਮ ਹੋਣੀ ਚਾਹੀਦੀ ਹੈ। ਦੁਨੀਆਂ ਨੂੰ ਚੀਨ 'ਤੇ ਉਸ ਨੂੰ ਤੁਰੰਤ ਰਿਹਾਅ ਕਰਨ ਲਈ ਦਬਾਅ ਪਾਉਣਾ ਚਾਹੀਦਾ ਹੈ।

# ਬ੍ਰਿਟਿਸ਼ ਕੋਲੰਬੀਆ ਦੇ ਵਾਈਟਰੌਕ ਦੀ ਉਪ ਚੋਣ 'ਚ 4 ਪੰਜਾਬੀ ਉਮੀਦਵਾਰ ਮੈਦਾਨ 'ਚ ਨਿੱਤਰੇ



**ਐਬਟਸਫੋਰਡ, (ਪੰਜਾਬ ਮੇਲ)-** ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਅਮੀਰਾਂ ਦੀ ਨਗਰੀ ਵਜੋਂ ਜਾਣੇ ਜਾਂਦੇ ਸ਼ਹਿਰ ਵਾਈਟਰੌਕ ਨਗਰਪਾਲਿਕਾ ਦੇ 2 ਕੌਂਸਲਰਾਂ ਵਾਸਤੇ ਹੋ ਰਹੀ ਉਪ ਚੋਣ ਵਿਚ 21 ਉਮੀਦਵਾਰ ਕੌਂਸਲਰ ਬਣਨ ਵਾਸਤੇ ਆਪਣੀ ਕਿਸਮਤ ਅਜ਼ਮਾ ਰਹੇ ਹਨ, ਜਿਨ੍ਹਾਂ ਵਿਚ 2 ਪੰਜਾਬੀ ਜੈਸ ਸਿੰਘ ਧਾਲੀਵਾਲ ਤੇ ਮਨਦੀਪ ਸੰਧੂ ਅਤੇ 2 ਪੰਜਾਬਣਾਂ ਸੂਜ਼ਨ ਬੈਂਸ ਤੇ ਇੰਦਰ ਬੁੱਟਰ ਵੀ ਚੋਣ ਜਿੱਤਣ ਲਈ ਸਖ਼ਤ ਮਿਹਨਤ ਕਰ ਰਹੇ ਹਨ। ਇਹ ਉਪ ਚੋਣ 2 ਕੌਂਸਲਰਾਂ ਵੱਲੋਂ ਦਿੱਤੇ ਅਸਤੀਫ਼ੇ ਕਾਰਨ ਖਾਲੀ ਹੋਈਆਂ ਸੀਟਾਂ 'ਤੇ ਹੋ ਰਹੀ ਹੈ। ਵੋਟਾਂ 27 ਸਤੰਬਰ ਨੂੰ ਪੈਣਗੀਆਂ। ਤਕਰੀਬਨ 24 ਹਜ਼ਾਰ ਦੀ ਆਬਾਦੀ ਵਾਲੇ ਵਾਈਟਰੌਕ ਸ਼ਹਿਰ ਦਾ ਕਦੇ ਕੋਈ ਪੰਜਾਬੀ ਕੌਂਸਲਰ ਨਹੀਂ ਬਣਿਆ ਪਰ ਇਸ ਵਾਰ ਪੰਜਾਬੀਆਂ 'ਚ ਇਸ ਉਪ ਚੋਣ ਪ੍ਰਤੀ ਭਾਰੀ ਦਿਲਚਸਪੀ ਪਾਈ ਜਾ ਰਹੀ ਹੈ। ਈਕੁਅਲ ਐਕਸੈੱਸ ਕੁਲੈਕਟਿਵ ਦੀ ਪ੍ਰਧਾਨ ਸੂਜ਼ਨ ਬੈਂਸ ਸਪਾਈਨਲ ਕੋਰਡ ਇੰਜਰੀ ਬ੍ਰਿਟਿਸ਼ ਕੋਲੰਬੀਆ ਦੇ ਬੋਰਡ ਆਫ਼ ਡਾਇਰੈਕਟਰਜ਼ ਦੀ ਮੈਂਬਰ ਹੈ ਤੇ ਕਿੱਤੇ ਵਜੋਂ ਨਰਸ ਇੰਦਰ ਬੁੱਟਰ ਐਜੂਕੇਟਰ ਤੇ ਕਮਿਊਨਟੀ ਐਡਵੋਕੇਟ ਹੈ। ਕੈਨੇਡਾ ਦੇ ਜੰਮਪਲ ਜੈਸ ਸਿੰਘ ਧਾਲੀਵਾਲ ਉੱਘੇ ਵਕੀਲ ਹਨ, ਜਦਕਿ ਮਨਦੀਪ ਸੰਧੂ ਚਾਰਟਰਡ ਪ੍ਰੋਫੈਸ਼ਨਲ ਅਕਾਊਂਟੈਂਟ ਹੈ। ਇਹ 27 ਸਤੰਬਰ ਨੂੰ ਹੀ ਪਤਾ ਲੱਗੇਗਾ ਕਿ ਕਿਹੜਾ ਉਮੀਦਵਾਰ ਵਾਈਟਰੌਕ ਦਾ ਕੌਂਸਲਰ ਬਣਨ ਵਿਚ ਸਫਲ ਹੁੰਦਾ ਹੈ।

# ਅਮਰੀਕੀ ਐੱਚ-1ਬੀ ਵੀਜ਼ਾ ਦੀ ਫੀਸ 'ਚ ਵਾਧੇ 'ਤੇ ਚੀਨ ਨੇ ਚੁੱਪ ਧਾਰੀ

**ਪੇਈਚਿੰਗ, (ਪੰਜਾਬ ਮੇਲ)-** ਚੀਨ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਐੱਚ-1ਬੀ ਵੀਜ਼ਿਆਂ 'ਤੇ ਇੱਕ ਲੱਖ ਅਮਰੀਕੀ ਡਾਲਰ ਦੀ ਭਾਰੀ ਫੀਸ ਲਗਾਉਣ ਦੇ ਫੈਸਲੇ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ, ਪਰ ਨਾਲੋ-ਨਾਲ ਉਸ ਨੇ ਦੁਨੀਆਂ ਭਰ ਦੇ ਪੇਸ਼ੇਵਰਾਂ ਨੂੰ ਆਪਣੇ ਦੇਸ਼ ਵਿਚ ਕੰਮ ਕਰਨ ਲਈ ਸੱਦਾ ਦਿੱਤਾ ਹੈ ਕਿਉਂਕਿ ਉਹ ਅਗਲੇ ਮਹੀਨੇ ਇੱਕ ਨਵਾਂ ਰੁਜ਼ਗਾਰ ਵੀਜ਼ਾ ਸ਼ੁਰੂ ਕਰਨ ਦੀ ਤਿਆਰੀ ਕਰ ਰਿਹਾ ਹੈ।

ਪਿਛਲੇ ਹਫ਼ਤੇ ਸ਼ੁੱਕਰਵਾਰ ਨੂੰ ਟਰੰਪ ਪ੍ਰਸ਼ਾਸਨ ਨੇ ਐੱਚ-1ਬੀ ਵੀਜ਼ਿਆਂ 'ਤੇ 1,00,000 ਅਮਰੀਕੀ ਡਾਲਰ ਦੀ ਫੀਸ ਦਾ ਐਲਾਨ ਕੀਤਾ ਸੀ। ਇਹ ਫੀਸ ਇੱਕ ਨਵੀਂ ਐੱਚ-1ਬੀ ਅਰਜ਼ੀ ਜਮ੍ਹਾਂ ਕਰਵਾਉਣ 'ਤੇ ਇੱਕ ਵਾਰ ਦੀ ਫੀਸ ਹੈ।

ਇੱਥੇ ਮੀਡੀਆ ਬ੍ਰੀਫਿੰਗ ਵਿਚ, ਚੀਨੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਗੁਓ ਜਿਆਕੁਨ ਨੇ ਟਰੰਪ ਦੇ ਫੈਸਲੇ ਬਾਰੇ ਪੁੱਛਣ 'ਤੇ ਕਿਹਾ, "ਚੀਨ, ਅਮਰੀਕੀ ਵੀਜ਼ਾ ਨੀਤੀ 'ਤੇ ਟਿੱਪਣੀ ਨਹੀਂ ਕਰੇਗਾ।" ਹਾਲਾਂਕਿ, ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਵਿਸ਼ਵੀਕਰਨ ਦੇ ਇਸ ਦੌਰ ਵਿਚ ਸਰਹੱਦ ਪਾਰ ਦੀ ਪ੍ਰਤਿਭਾ ਵਿਸ਼ਵ ਪੱਧਰ 'ਤੇ ਤਕਨਾਲੋਜੀ ਅਤੇ ਆਰਥਿਕ ਤਰੱਕੀ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਪੇਈਚਿੰਗ ਦੁਨੀਆਂ ਭਰ ਦੇ ਪੇਸ਼ੇਵਰ ਪ੍ਰਤਿਭਾਸ਼ਾਲੀ ਲੋਕਾਂ ਦਾ ਦੇਸ਼ ਵਿਚ ਮੌਕੇ ਲੱਭਣ ਲਈ ਸਵਾਗਤ ਕਰਦਾ ਹੈ।"

# ਬਾਇਡਨ ਦੇ ਚੋਣ ਲੜਨ ਦੇ ਫੈਸਲੇ ਖਿਲਾਫ਼ ਆਪਣੀਆਂ ਚਿੰਤਾਵਾਂ ਜ਼ਾਹਰ ਨਾ ਕਰਨ ਦਾ ਅਫ਼ਸੋਸ : ਕਮਲਾ ਹੈਰਿਸ

**ਵਾਸ਼ਿੰਗਟਨ, (ਪੰਜਾਬ ਮੇਲ)-** ਕਮਲਾ ਹੈਰਿਸ ਨੇ ਕਿਹਾ ਕਿ ਉਸ ਨੂੰ ਰਾਸ਼ਟਰਪਤੀ ਜੋਅ ਬਾਇਡਨ ਦੇ ਦੂਜੇ ਕਾਰਜਕਾਲ ਲਈ ਚੋਣ ਲੜਨ ਦੇ ਫੈਸਲੇ ਖਿਲਾਫ਼ ਆਪਣੀਆਂ ਚਿੰਤਾਵਾਂ ਜ਼ਾਹਰ ਨਾ ਕਰਨ ਦਾ ਅਫ਼ਸੋਸ ਹੈ, ਜਦੋਂ ਬਹੁਤੇ ਅਮਰੀਕੀਆਂ ਨੂੰ ਲੱਗਦਾ ਸੀ ਕਿ ਉਹ ਇਸ ਅਹੁਦੇ ਲਈ ਬਹੁਤ ਉਮਰਦਰਾਜ਼ ਹਨ।

ਹੈਰਿਸ ਨੇ ਚੋਣਾਂ ਤੋਂ ਬਾਅਦ ਆਪਣੇ ਪਹਿਲੇ ਲਾਈਵ ਟੈਲੀਵਿਜ਼ਨ ਇੰਟਰਵਿਊ 'ਚ ਰਕੇਲ ਮੈਡੋ ਨੂੰ ਕਿਹਾ, "ਮੇਰੀ ਇੱਕ ਖਾਸ ਜ਼ਿੰਮੇਵਾਰੀ ਹੈ ਅਤੇ ਸੀ, ਜਿਸ ਦੀ ਮੈਨੂੰ ਪਾਲਣਾ ਕਰਨੀ ਚਾਹੀਦੀ ਸੀ।" ਸਾਬਕਾ ਉਪ ਰਾਸ਼ਟਰਪਤੀ ਤੇ ਡੈਮੋਕਰੈਟਿਕ ਆਗੂ ਦੀਆਂ ਇਹ ਟਿੱਪਣੀਆਂ ਉਨ੍ਹਾਂ ਦੀ ਕਿਤਾਬ '107 ਡੇਜ਼' ਵਿਚਲੇ ਇਕ ਅੰਸ਼ 'ਤੇ ਆਧਾਰਿਤ ਹਨ, ਜਿਸ ਵਿਚ ਉਨ੍ਹਾਂ 2024 ਦੇ ਡੈਮੋਕਰੈਟਿਕ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਦੇ ਰੂਪ 'ਚ ਬਾਇਡਨ ਦੇ ਦੌੜ 'ਚੋਂ ਬਾਹਰ ਹੋਣ ਮਗਰੋਂ ਉਨ੍ਹਾਂ ਦੀ ਥਾਂ ਲੈਣ ਦੇ ਆਪਣੇ ਤਜ਼ਰਬੇ 'ਤੇ ਚਾਨਣਾ ਪਾਇਆ ਹੈ। ਹੈਰਿਸ ਉਦੋਂ ਰਿਪਬਲਿਕਨ ਉਮੀਦਵਾਰ ਡੋਨਲਡ ਟਰੰਪ ਕੋਲੋਂ ਹਾਰ ਗਈ ਸੀ। ਹੈਰਿਸ ਨੇ ਕਿਤਾਬ ਵਿਚ ਡੈਮੋਕਰੈਟਿਕ



ਰਾਸ਼ਟਰਪਤੀ ਅਤੇ ਪਹਿਲੀ ਮਹਿਲਾ ਦਾ ਹਵਾਲਾ ਦਿੰਦੇ ਹੋਏ ਲਿਖਿਆ ਕਿ ਵ੍ਹਾਈਟ ਹਾਊਸ ਵਿਚ ਹਰ ਕੋਈ ਕਹੇਗਾ ਕਿ 'ਇਹ ਜੋਅ ਅਤੇ ਜਿਲ ਦਾ ਫੈਸਲਾ ਹੈ ਕਿ ਉਹ ਦੁਬਾਰਾ ਚੋਣ ਲੜ ਰਹੇ ਹਨ।' ਹੈਰਿਸ ਨੇ ਲਿਖਿਆ, "ਕੀ ਇਹ ਸ਼ਾਲੀਨਤਾ ਸੀ ਜਾਂ ਅਣਗਹਿਲੀ ? ਪਿੱਛੇ ਮੁੜ ਕੇ ਦੇਖਣ 'ਤੇ ਮੈਨੂੰ ਲੱਗਦਾ ਹੈ ਕਿ ਇਹ ਅਣਗਹਿਲੀ ਹੀ ਸੀ।"

ਉਨ੍ਹਾਂ ਕਿਹਾ, "ਦਾਅ ਬਹੁਤ ਵੱਡਾ ਸੀ। ਇਹ ਇਕ ਅਜਿਹੀ ਚੋਣ ਨਹੀਂ ਸੀ, ਜਿਸ ਨੂੰ ਕਿਸੇ ਵਿਅਕਤੀ ਦੀ ਹਉਮੈ, ਕਿਸੇ ਵਿਅਕਤੀ ਦੀ ਲਾਲਸਾ ਉੱਤੇ ਛੱਡ ਦੇਣਾ ਚਾਹੀਦਾ ਸੀ। ਇਹ ਇਕ ਵਿਅਕਤੀਗਤ ਫੈਸਲੇ ਤੋਂ ਵੱਧ ਕੇ ਹੋਣਾ ਚਾਹੀਦਾ ਸੀ।" ਇੰਟਰਵਿਊ 'ਚ ਹੈਰਿਸ ਨੇ ਕਿਹਾ, "ਜਦੋਂ ਮੈਂ ਅਣਗਹਿਲੀ ਦੀ ਗੱਲ ਕਰਦੀ ਹਾਂ, ਤਾਂ ਮੈਂ ਆਪਣੇ ਬਾਰੇ ਹੀ ਗੱਲ ਕਰ ਰਹੀ ਹੁੰਦੀ ਹਾਂ।" ਹੈਰਿਸ ਨੇ ਕਿਹਾ ਕਿ ਉਨ੍ਹਾਂ ਨੂੰ ਫ਼ਿਕਰ ਸੀ ਕਿ ਜੇ ਉਨ੍ਹਾਂ ਬਾਇਡਨ ਨੂੰ ਮੁੜ ਚੋਣ ਨਾ ਲੜਨ ਦੀ ਸਲਾਹ ਦਿੱਤੀ, ਤਾਂ 'ਇਹ ਪੂਰੀ ਤਰ੍ਹਾਂ ਨਾਲ ਸੁਆਰਥੀ ਸਾਬਤ ਹੋਵੇਗਾ।" ਹੈਰਿਸ ਨੇ 2020 ਵਿਚ ਪਾਰਟੀ ਦੀ ਨਾਮਜ਼ਦਗੀ ਲਈ ਬਾਇਡਨ ਖਿਲਾਫ਼ ਚੋਣ ਲੜੀ ਸੀ ਤੇ ਉਹ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਮੁੜ ਤੋਂ ਚੋਣ ਲੜਨ ਦੀ ਚੰਗੀ

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

## ਪੰਜਾਬ 'ਤੇ ਪਿਛਲੇ ਪੰਜ ਸਾਲਾਂ 'ਚ ਵਧਿਆ 1.25 ਲੱਖ ਕਰੋੜ ਦਾ ਕਰਜ਼ਾ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਸਿਰ ਕਰਜ਼ੇ ਦੀ ਪੰਡ ਤੇਜ਼ੀ ਨਾਲ ਵਧਦੀ ਜਾ ਰਹੀ ਹੈ। ਕੈਗ ਦੀ ਨਵੀਂ ਰਿਪੋਰਟ (2023-24) ਦੇ ਖ਼ੁਲਾਸਿਆਂ ਨੇ ਹਾਲਾਤ ਨੂੰ ਹੋਰ ਚਿੰਤਾਜਨਕ ਬਣਾ ਦਿੱਤਾ ਹੈ। ਰਿਪੋਰਟ ਮੁਤਾਬਕ ਪਿਛਲੇ ਪੰਜ ਸਾਲਾਂ ਦੌਰਾਨ ਪੰਜਾਬ ਸਰਕਾਰ ਵੱਲੋਂ ਕੁੱਲ 1,25,508 ਕਰੋੜ ਰੁਪਏ ਦਾ ਨਵਾਂ ਕਰਜ਼ਾ ਲਿਆ ਗਿਆ ਹੈ। ਇਸ ਕਾਰਨ ਸੂਬੇ ਦਾ ਕੁੱਲ ਕਰਜ਼ਾ ਹੁਣ 3.55 ਲੱਖ ਕਰੋੜ ਰੁਪਏ ਤੋਂ ਵੀ ਵੱਧ ਪਹੁੰਚ ਗਿਆ ਹੈ। ਵਿਰੋਧੀ ਪਾਰਟੀਆਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਇਸ ਮਾਮਲੇ 'ਤੇ ਘੇਰਦਿਆਂ ਕਿਹਾ ਕਿ ਜੇਕਰ ਕਰਜ਼ੇ ਦੀ ਇਹ ਰਫ਼ਤਾਰ ਜਾਰੀ ਰਹੀ, ਤਾਂ 2025 ਦੇ ਅਖ਼ੀਰ ਤੱਕ ਪੰਜਾਬ ਦੇ ਸਿਰ ਕਰਜ਼ਾ 4.17 ਲੱਖ ਕਰੋੜ ਦੇ ਨੇੜੇ ਪਹੁੰਚ ਜਾਵੇਗਾ, ਜੋ ਕਿ ਖ਼ਤਰੇ ਦੀ ਵੱਡੀ ਘੰਟੀ ਹੈ। ਕੈਗ ਦੀ ਰਿਪੋਰਟ ਮੁਤਾਬਕ ਕਰਜ਼ੇ ਦੇ ਵਿਆਜ ਦੀਆਂ ਦੇਣਦਾਰੀਆਂ ਹੁਣ 22,489 ਕਰੋੜ ਰੁਪਏ ਤੱਕ ਪਹੁੰਚ ਗਈਆਂ ਹਨ, ਜੋ ਕਿ ਪੰਜਾਬ ਦੇ ਕੁੱਲ ਮਾਲੀਏ ਦਾ 19 ਫ਼ੀਸਦੀ ਹੈ। ਸਾਲ 2023-24 'ਚ ਇਹ ਰਕਮ ਪਿਛਲੇ ਸਾਲਾਂ ਦੇ ਮੁਕਾਬਲੇ 2,641 ਕਰੋੜ ਵਧ ਗਈ ਹੈ।

## ਸਫਾ 1 ਦਾ ਬਾਕੀ ਦਿੱਲੀ ਅਦਾਲਤ ਵੱਲੋਂ ਸੱਜਣ ਕੁਮਾਰ ਵਿਰੁੱਧ ...

ਵਿਸ਼ੇਸ਼ ਜੱਜ ਡੀ.ਆਈ.ਜੀ. ਵਿਨੈ ਸਿੰਘ ਨੇ ਸੱਜਣ ਕੁਮਾਰ ਦੇ ਵਕੀਲ ਵੱਲੋਂ ਬਚਾਅ ਪੱਖ ਦੇ ਸਬੂਤ ਦਰਜ ਕਰਨ ਤੋਂ ਬਾਅਦ ਮਾਮਲੇ ਨੂੰ ਅੰਤਿਮ ਬਹਿਸ ਲਈ ਸੂਚੀਬੱਧ ਕੀਤਾ। ਅਦਾਲਤ ਨੇ ਇਸ ਮਾਮਲੇ ਦੀ ਅੰਤਿਮ ਬਹਿਸ ਲਈ ਸੁਣਾਈ 29 ਅਕਤੂਬਰ ਨੂੰ ਨਿਰਧਾਰਤ ਕੀਤੀ ਹੈ। ਸੱਜਣ ਕੁਮਾਰ ਨੇ 7 ਜੁਲਾਈ ਨੂੰ ਆਪਣੇ ਬਿਆਨ ਦਰਜ ਕਰਵਾਏ ਸਨ, ਜਿਸ ਦੌਰਾਨ ਸਾਬਕਾ ਕਾਂਗਰਸੀ ਸੰਸਦ ਮੈਂਬਰ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿਚ ਆਪਣੇ ਉੱਤੇ ਲਗਾਏ ਗਏ ਦੋਸ਼ਾਂ ਤੋਂ ਇਨਕਾਰ ਕੀਤਾ ਸੀ। ਉਸ ਨੇ ਅਦਾਲਤ ਨੂੰ ਕਿਹਾ ਸੀ ਕਿ ਉਹ ਦੰਗਿਆਂ ਵਾਲੀ ਥਾਂ 'ਤੇ ਮੌਜੂਦ ਨਹੀਂ ਸੀ ਅਤੇ ਉਸ ਨੂੰ ਇਸ ਮਾਮਲੇ ਵਿਚ ਝੂਠਾ ਫਸਾਇਆ ਗਿਆ ਹੈ। ਜਨਕਪੁਰੀ ਕੇਸ 1 ਨਵੰਬਰ 1984 ਨੂੰ ਦੋ ਸਿੱਖਾਂ ਸੋਹਣ ਸਿੰਘ ਅਤੇ ਉਸ ਦੇ ਜਵਾਈ ਅਵਤਾਰ ਸਿੰਘ ਦੇ ਕਤਲ ਨਾਲ ਸਬੰਧਤ ਹੈ। ਦੂਜਾ ਕੇਸ ਵਿਕਾਸਪੁਰੀ ਥਾਣੇ ਵਿਚ 2 ਨਵੰਬਰ 1984 ਨੂੰ ਗੁਰਚਰਨ ਸਿੰਘ ਨੂੰ ਅੱਗ ਲਾਉਣ ਨਾਲ ਸਬੰਧਤ ਹੈ।

## ਸਫਾ 1 ਦਾ ਬਾਕੀ ਹੁਣ ਕਾਨੂੰਨੀ ਤੌਰ 'ਤੇ ਵੀ ਅਮਰੀਕਾ ਜਾਣਾ...

ਦੱਖਣੀ ਏਸ਼ੀਆ ਦੇ ਹੋਰ ਦੇਸ਼ਾਂ ਦੇ ਮੁਕਾਬਲੇ, ਭਾਰਤ ਸਭ ਤੋਂ ਵੱਧ ਪੀੜਤ ਹੈ। ਨੇਪਾਲ ਵਿਚ ਐੱਫ1 ਵੀਜ਼ਾ ਵਿਚ 262% ਅਤੇ ਐੱਲ2 ਵੀਜ਼ਾ ਵਿਚ 113% ਦਾ ਵੱਡਾ ਵਾਧਾ ਹੋਇਆ ਹੈ। ਬੰਗਲਾਦੇਸ਼ ਵਿਚ ਐੱਚ4 ਵੀਜ਼ਾ ਵਿਚ 28% ਅਤੇ ਐੱਫ1 ਵੀਜ਼ਾ ਵਿਚ 5% ਦਾ ਛੋਟਾ ਵਾਧਾ ਹੋਇਆ ਹੈ। ਪਾਕਿਸਤਾਨ ਨੇ ਐੱਫ1 ਵੀਜ਼ਾ ਲਗਭਗ ਦੁੱਗਣਾ ਕਰ ਦਿੱਤਾ ਹੈ ਅਤੇ ਐੱਚ4 ਵੀਜ਼ਾ ਵਿਚ ਵੀ 40% ਵਾਧਾ ਹੋਇਆ ਹੈ। ਸ਼੍ਰੀਲੰਕਾ ਵਿਚ ਸਥਿਤੀ ਵਧੇਰੇ ਮਿਲੀ-ਜੁਲੀ ਹੈ, ਜਿੱਥੇ ਐੱਚ4 ਵੀਜ਼ਾ ਵਧਿਆ ਹੈ ਪਰ ਵਿਦਿਆਰਥੀ ਵੀਜ਼ਾ ਘੱਟ ਗਿਆ ਹੈ।

ਰਿਪੋਰਟਾਂ ਅਨੁਸਾਰ, ਪਿਛਲੇ ਦੋ ਸਾਲਾਂ ਵਿਚ ਐੱਚ-1ਬੀ ਵੀਜ਼ਾ ਦੀ ਗਿਣਤੀ ਵਿਚ 37% ਤੋਂ ਵੱਧ ਦੀ ਗਿਰਾਵਟ ਆਈ ਹੈ। ਇਸ ਨਾਲ ਨਾ ਸਿਰਫ਼ ਕੰਮ ਕਰਨ ਵਾਲੇ ਲੋਕਾਂ, ਸਗੋਂ ਉਨ੍ਹਾਂ ਦੇ ਪਰਿਵਾਰਾਂ ਅਤੇ ਵਿਦਿਅਕ ਮੌਕਿਆਂ 'ਤੇ ਵੀ ਅਸਰ ਪਿਆ ਹੈ। ਇਸ ਤੋਂ ਇਲਾਵਾ ਅਮਰੀਕੀ ਸਰਕਾਰ ਦੀ ਨਵੀਂ ਯੋਜਨਾ, ਜੋ ਐੱਚ-1ਬੀ ਵੀਜ਼ਾ ਲਈ 100,000 ਡਾਲਰ ਦੀ ਸਾਲਾਨਾ ਫੀਸ ਦਾ ਪ੍ਰਸਤਾਵ ਰੱਖਦੀ ਹੈ, ਨੇ ਭਾਰਤੀ ਬਿਨੈਕਾਰਾਂ ਦੀਆਂ ਉਮੀਦਾਂ 'ਤੇ ਹੋਰ ਬੋਝ ਪਾ ਦਿੱਤਾ ਹੈ।

# ਫਗਵਾੜਾ ਸਾਈਬਰ ਧੋਖਾਧੜੀ ਮਾਮਲਾ: 2.05 ਕਰੋੜ ਰੁਪਏ ਦੀ ਹਵਾਲਾ ਮਨੀ ਨਾਲ ਇੱਕ ਹੋਰ ਕਾਬੂ

**ਕਪੂਰਥਲਾ, (ਪੰਜਾਬ ਮੇਲ)-** ਫਗਵਾੜਾ ਵਿਚ ਵੱਡੇ ਅੰਤਰਰਾਸ਼ਟਰੀ ਸਾਈਬਰ ਧੋਖਾਧੜੀ ਸਿੰਡੀਕੇਟ ਦੇ ਹਾਲ ਹੀ ਵਿਚ ਹੋਏ ਪਰਦਾਫਾਸ਼ ਤੋਂ ਬਾਅਦ ਅਹਿਮ ਕਾਰਵਾਈ ਤਹਿਤ ਕਪੂਰਥਲਾ ਪੁਲਿਸ ਨੇ ਲੁਧਿਆਣਾ ਤੋਂ ਇੱਕ ਹੋਰ ਮੁਲਜ਼ਮ ਨੂੰ 2.05 ਕਰੋੜ ਰੁਪਏ ਹਵਾਲਾ ਰਾਸ਼ੀ ਸਮੇਤ ਗ੍ਰਿਫਤਾਰ ਕੀਤਾ ਹੈ, ਜਿਸ ਦੇ ਨਾਲ ਗ੍ਰਿਫਤਾਰੀਆਂ ਦੀ ਗਿਣਤੀ ਹੁਣ 39 ਹੋ ਗਈ ਹੈ ਅਤੇ ਇਸ ਮਾਮਲੇ ਵਿਚ ਕੁੱਲ ਬਰਾਮਦ ਕੀਤੀ ਗਈ ਰਕਮ ਹੁਣ 2.15 ਕਰੋੜ ਰੁਪਏ ਤੱਕ ਪਹੁੰਚ ਗਈ ਹੈ। ਇਹ ਜਾਣਕਾਰੀ ਪੰਜਾਬ ਦੇ ਪੁਲਿਸ ਡਾਇਰੈਕਟਰ ਜਨਰਲ (ਡੀ.ਜੀ.ਪੀ.) ਗੌਰਵ ਯਾਦਵ ਨੇ ਦਿੱਤੀ। ਗ੍ਰਿਫਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਪਵਨ ਵਜੋਂ ਹੋਈ ਹੈ, ਜੋ ਰਾਜਸਥਾਨ ਦੇ ਬੀਕਾਨੇਰ ਦਾ ਰਹਿਣ ਵਾਲਾ ਹੈ।

ਜਾਣਕਾਰੀ ਅਨੁਸਾਰ, ਕਪੂਰਥਲਾ ਪੁਲਿਸ ਨੇ ਫਗਵਾੜਾ ਵਿਚ 38 ਵਿਅਕਤੀਆਂ ਨੂੰ 40 ਲੈਪਟਾਪ, 67 ਮੋਬਾਈਲਾਂ ਅਤੇ ਨਕਦੀ ਸਮੇਤ ਗ੍ਰਿਫਤਾਰ ਕਰਕੇ ਇੱਕ ਵੱਡੇ ਸਾਈਬਰ ਧੋਖਾਧੜੀ ਰੈਕੇਟ ਦਾ ਪਰਦਾਫਾਸ਼ ਕੀਤਾ ਸੀ। ਇਸ ਮਾਡਿਊਲ ਵੱਲੋਂ ਸਾਫਟਵੇਅਰ ਸਬੰਧੀ ਸੇਵਾਵਾਂ ਪ੍ਰਦਾਨ ਕਰਨ ਦੀ ਆੜ ਵਿਚ ਅਮਰੀਕਾ ਅਤੇ ਕੈਨੇਡਾ ਦੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਸੀ।

ਡੀ.ਜੀ.ਪੀ. ਗੌਰਵ ਯਾਦਵ ਨੇ ਕਿਹਾ ਕਿ ਪੁਲਿਸ ਟੀਮਾਂ ਨੇ ਲੁਧਿਆਣਾ ਸਥਿਤ ਇੱਕ ਹਵਾਲਾ ਆਪਰੇਟਰ 'ਤੇ ਵੀ ਤਿੱਖੀ ਨਜ਼ਰ ਰੱਖੀ ਹੋਈ ਹੈ ਅਤੇ ਉਸਨੂੰ ਫੜਨ ਲਈ ਛਾਪੇਮਾਰੀ ਕੀਤੀ

**■ ਕੁੱਲ ਗ੍ਰਿਫਤਾਰੀਆਂ ਦੀ ਗਿਣਤੀ 39 ਤੱਕ ਪਹੁੰਚੀ**

ਜਾ ਰਹੀ ਹੈ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਲੈਣ-ਦੇਣ ਮੁੱਖ ਤੌਰ 'ਤੇ ਬਿਟਕੋਇਨ ਰਾਹੀਂ ਕੀਤਾ ਜਾਂਦਾ ਸੀ ਅਤੇ ਹਵਾਲਾ ਚੈਨਲ ਵੀ ਵਰਤੇ ਜਾਂਦੇ ਸਨ। ਡੀ.ਜੀ.ਪੀ. ਨੇ ਕਿਹਾ ਕਿ ਇਸ ਮਾਮਲੇ ਵਿਚ ਅਗਲੇ ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ, ਤਾਂ ਜੋ ਸਬੰਧਤ ਗਠਜੋੜ ਦਾ ਪਰਦਾਫਾਸ਼ ਕੀਤਾ ਜਾ ਸਕੇ। ਆਪਰੇਸਨ ਦੇ ਵੇਰਵੇ ਸਾਂਝੇ ਕਰਦੇ ਹੋਏ, ਸੀਨੀਅਰ ਸੁਪਰਡੈਂਟ ਆਫ ਪੁਲਿਸ (ਐੱਸ.ਐੱਸ.ਪੀ.) ਕਪੂਰਥਲਾ ਗੌਰਵ ਤੂਰਾ ਨੇ ਕਿਹਾ ਕਿ ਮਾਮਲੇ ਦੀ ਤਕਨੀਕੀ ਜਾਂਚ ਦੌਰਾਨ ਪੁਲਿਸ ਟੀਮਾਂ ਵੱਲੋਂ ਇਸ ਰੈਕੇਟ ਵਿਚ ਲੁਧਿਆਣਾ ਦੇ ਵਿਅਕਤੀ ਦੀ ਸ਼ਮੂਲੀਅਤ ਹੋਣ ਦਾ ਪਤਾ ਲੱਗਾ। ਜਿਸ 'ਤੇ ਤੇਜੀ ਨਾਲ ਕਾਰਵਾਈ ਕਰਦੇ ਹੋਏ, ਐੱਸ.ਪੀ. ਇਨਵੈਸਟੀਗੇਸ਼ਨ ਪ੍ਰਭਜੋਤ ਸਿੰਘ ਵਿਰਕ ਦੀ ਨਿਗਰਾਨੀ ਅਤੇ ਡੀ.ਐੱਸ.ਪੀ. ਡਿਟੈਕਟਿਵ ਪਰਮਿੰਦਰ ਸਿੰਘ, ਇੰਚਾਰਜ ਸੀ.ਆਈ.ਏ. ਜਰਨੈਲ ਸਿੰਘ ਅਤੇ ਐੱਸ.ਐੱਚ.ਓ. ਸਾਈਬਰ ਕ੍ਰਾਈਮ ਅਮਨਦੀਪ ਕੌਰ ਦੀ ਅਗਵਾਈ ਹੇਠ ਪੁਲਿਸ ਟੀਮਾਂ ਨੇ ਲੁਧਿਆਣਾ ਵਿਚ ਹਵਾਲਾ ਆਪਰੇਟਰ ਦੇ ਘਰ ਛਾਪਾ ਮਾਰਿਆ, ਜਿੱਥੇ ਉਸਦੇ ਸਹਾਇਕ ਪਵਨ ਨੂੰ 2.05 ਕਰੋੜ ਰੁਪਏ ਦੀ ਨਕਦੀ ਨਾਲ ਮੌਕੇ ਤੋਂ ਗ੍ਰਿਫਤਾਰ ਕਰ ਲਿਆ ਗਿਆ।

# PUNJAB MAIL USA

## TV Channel, Newspaper, Radio

## All over America, Canada, Australia & Europe

### All over America, Canada, Australia & Europe

24 Hours 7 Days

- IP TV (24 Hours)
- App: Punjab Mail USA (24 Hours)
  Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

*For any Information & Advertisement Call at*

**+1-916-320-9444**




-ਡਾ. ਸਤਿਆਵਾਨ 'ਸੌਰਭ'
ਹਰਿਆਣਾ
94665-26148, 01255281381



ਪੰਜਾਬ ਮੇਲ USA

# ਅਮਰੀਕਾ ਦਾ ਐੱਚ-1ਬੀ ਵੀਜ਼ਾ ਵਿਵਾਦ: ਭਾਰਤੀ ਪ੍ਰਵਾਸੀਆਂ ਲਈ ਸੰਕਟ, ਭਾਰਤ ਲਈ ਮੌਕਾ

**ਅਮਰੀਕਾ ਦੀ ਨਵੀਂ ਐੱਚ-1ਬੀ ਵੀਜ਼ਾ ਫੀਸ ਸਿਰਫ਼ ਇੱਕ ਇਮੀਗ੍ਰੇਸ਼ਨ ਨੀਤੀ ਮੁੱਦਾ ਨਹੀਂ ਹੈ, ਸਗੋਂ ਵਿਸ਼ਵਵਿਆਪੀ ਆਰਥਿਕ ਗਤੀਸ਼ੀਲਤਾ ਦਾ ਪ੍ਰਤੀਬਿੰਬ ਹੈ। ਜਿੱਥੇ ਇਸਨੇ ਭਾਰਤੀ ਪ੍ਰਵਾਸੀਆਂ ਵਿਚ ਅਸੁਰੱਖਿਆ ਵਧਾ ਦਿੱਤੀ ਹੈ, ਉੱਥੇ ਇਹ ਭਾਰਤ ਨੂੰ ਦਿਮਾਗੀ ਨਿਕਾਸ ਨੂੰ ਉਲਟਾਉਣ ਦਾ ਮੌਕਾ ਵੀ ਪ੍ਰਦਾਨ ਕਰਦੀ ਹੈ। ਜੇਕਰ ਵਾਪਸ ਆਉਣ ਵਾਲੇ ਪੇਸ਼ੇਵਰਾਂ ਦੇ ਤਜ਼ਰਬੇ, ਨੈੱਟਵਰਕ ਅਤੇ ਤਕਨੀਕੀ ਹੁਨਰਾਂ ਨੂੰ ਸਹੀ ਨੀਤੀਗਤ ਸਹਾਇਤਾ ਮਿਲਦੀ ਹੈ, ਤਾਂ ਭਾਰਤ ਦੇ ਸਟਾਰਟਅੱਪ, ਖੋਜ ਅਤੇ ਆਤਮਨਿਰਭਰ ਭਾਰਤ ਮੁਹਿੰਮ ਨੂੰ ਊਰਜਾਵਾਨ ਬਣਾਇਆ ਜਾ ਸਕਦਾ ਹੈ। ਇਸ ਚੁਣੌਤੀ ਨੂੰ ਇੱਕ ਮੌਕੇ ਵਿਚ ਬਦਲ ਕੇ, ਭਾਰਤ ਨਾ ਸਿਰਫ਼ ਆਪਣੇ ਪ੍ਰਤਿਭਾ ਪੂਲ ਦੀ ਵਰਤੋਂ ਕਰੇਗਾ, ਸਗੋਂ ਵਿਸ਼ਵਵਿਆਪੀ ਮੁੱਲ ਲੜੀ ਵਿਚ ਵੀ ਮਜ਼ਬੂਤੀ ਨਾਲ ਉਭਰੇਗਾ। – ਡਾ. ਸਤਿਆਵਾਨ ਸੌਰਭ**

ਹਾਲ ਹੀ ਵਿਚ, ਸੰਯੁਕਤ ਰਾਜ ਅਮਰੀਕਾ ਨੇ ਆਪਣੀ ਬਹੁਤ-ਉਮੀਦ ਕੀਤੀ ਗਈ ਐੱਚ-1ਬੀ ਵੀਜ਼ਾ ਨੀਤੀ ਵਿਚ ਇੱਕ ਵੱਡਾ ਬਦਲਾਅ ਕੀਤਾ ਹੈ, ਨਵੀਆਂ ਅਰਜ਼ੀਆਂ 'ਤੇ 100,000 ਅਮਰੀਕੀ ਡਾਲਰ ਦੀ ਭਾਰੀ ਫੀਸ ਦਾ ਪ੍ਰਸਤਾਵ ਰੱਖਿਆ ਹੈ। ਇਹ ਫੈਸਲਾ ਸਿਰਫ਼ ਇਮੀਗ੍ਰੇਸ਼ਨ ਨੀਤੀ ਦਾ ਮਾਮਲਾ ਨਹੀਂ ਹੈ, ਸਗੋਂ ਬਦਲਦੇ ਵਿਸ਼ਵ ਆਰਥਿਕ ਗਤੀਸ਼ੀਲਤਾ ਅਤੇ ਡੂੰਘੇ ਕਿਰਤ ਬਾਜ਼ਾਰ ਗਤੀਸ਼ੀਲਤਾ ਨੂੰ ਵੀ ਦਰਸਾਉਂਦਾ ਹੈ। ਭਾਰਤੀ ਪੇਸ਼ੇਵਰ, ਜੋ ਹੁਣ ਤੱਕ ਐੱਚ-1ਬੀ ਵੀਜ਼ਾ ਧਾਰਕਾਂ ਦਾ ਲਗਭਗ ਸੱਤਰ ਪ੍ਰਤੀਸ਼ਤ ਸਨ, ਇਸ ਕਦਮ ਤੋਂ ਸਿੱਧੇ ਤੌਰ 'ਤੇ ਪ੍ਰਭਾਵਿਤ ਹੁੰਦੇ ਹਨ। ਹਾਲਾਂਕਿ, ਇਹ ਸੰਕਟ ਭਾਰਤ ਲਈ ਮੌਕੇ ਵੀ ਲਿਆ ਸਕਦਾ ਹੈ। ਜੇਕਰ ਵਾਪਸ ਆਉਣ ਵਾਲੀ ਪ੍ਰਤਿਭਾ, ਭਾਵ, ਰਿਵਰਸ ਬ੍ਰੇਨ ਡਰੇਨ ਦੀ ਸਹੀ ਵਰਤੋਂ ਕੀਤੀ ਜਾਂਦੀ ਹੈ, ਤਾਂ ਇਹ ਇੱਕ ਸਵੈ-ਨਿਰਭਰ ਭਾਰਤ ਵੱਲ ਇੱਕ ਇਤਿਹਾਸਕ ਮੀਲ ਪੱਥਰ ਸਾਬਤ ਹੋ ਸਕਦਾ ਹੈ।

ਐੱਚ-1ਬੀ ਵੀਜ਼ਾ ਲੰਬੇ ਸਮੇਂ ਤੋਂ ਅਮਰੀਕੀ ਤਕਨਾਲੋਜੀ ਕੰਪਨੀਆਂ ਦੀ ਰੀੜ੍ਹ ਦੀ ਹੱਡੀ ਰਿਹਾ ਹੈ। ਗੂਗਲ, ਮਾਈਕ੍ਰੋਸਾਫਟ ਅਤੇ ਐਮਾਜ਼ਾਨ ਵਰਗੀਆਂ ਵੱਡੀਆਂ ਕੰਪਨੀਆਂ ਵੱਡੀ ਗਿਣਤੀ ਵਿਚ ਭਾਰਤੀ ਆਈ.ਟੀ. ਪੇਸ਼ੇਵਰਾਂ ਨੂੰ ਰੁਜ਼ਗਾਰ ਦਿੰਦੀਆਂ ਹਨ। ਹਾਲਾਂਕਿ, ਸੁਰੱਖਿਆਵਾਦੀ ਰੁਝਾਨ ਅਤੇ ਆਰਥਿਕ ਰਾਸ਼ਟਰਵਾਦ ਹੁਣ ਸੰਯੁਕਤ ਰਾਜ ਅਮਰੀਕਾ ਵਿਚ ਸਪੱਸ਼ਟ ਹੋ ਰਹੇ ਹਨ। ਆਪਣੇ ਘਰੇਲੂ ਕਰਮਚਾਰੀਆਂ ਨੂੰ ਸੰਤੁਸ਼ਟ ਕਰਨ ਦੇ ਦਬਾਅ ਹੇਠ, ਵਿਕਸਿਤ ਦੇਸ਼ ਵਿਦੇਸ਼ੀ ਪ੍ਰਤਿਭਾ 'ਤੇ ਆਪਣੀ ਨਿਰਭਰਤਾ ਘਟਾ ਰਹੇ ਹਨ। ਇਹ ਇੱਕ ਵਿਰੋਧਾਭਾਸੀ ਸਥਿਤੀ ਹੈ, ਕਿਉਂਕਿ ਅਮਰੀਕੀ ਕਿਰਤ ਬਾਜ਼ਾਰ ਵਿਚ ਉੱਚ-ਤਕਨੀਕੀ ਖੇਤਰਾਂ ਵਿਚ ਲੋੜੀਂਦੇ ਘਰੇਲੂ ਸਰੋਤਾਂ ਦੀ ਘਾਟ ਹੈ, ਫਿਰ ਵੀ ਰਾਜਨੀਤਿਕ ਦਬਾਅ ਇਸਨੂੰ ਵਿਦੇਸ਼ੀ ਆਮਦ ਨੂੰ ਸੀਮਤ ਕਰਨ ਲਈ ਮਜਬੂਰ ਕਰ ਰਿਹਾ ਹੈ। ਸੰਯੁਕਤ ਰਾਜ ਅਮਰੀਕਾ ਇਮੀਗ੍ਰੇਸ਼ਨ ਨੂੰ ਸਿਰਫ਼ ਕਿਰਤ ਗਤੀਸ਼ੀਲਤਾ ਦੇ ਮਾਮਲੇ ਵਜੋਂ ਨਹੀਂ ਦੇਖਦਾ, ਸਗੋਂ ਇਸਨੂੰ ਇੱਕ ਵਪਾਰਕ ਸਾਧਨ ਵਜੋਂ ਵੀ ਵਰਤ ਰਿਹਾ ਹੈ। ਵੀਜ਼ਾ ਫੀਸਾਂ ਵਿਚ ਅਜਿਹਾ ਵਾਧਾ ਨਾ ਸਿਰਫ਼ ਮਾਲੀਆ ਪੈਦਾ ਕਰੇਗਾ, ਬਲਕਿ ਦੂਜੇ ਦੇਸ਼ਾਂ 'ਤੇ ਰਾਜਨੀਤਿਕ ਦਬਾਅ ਵੀ ਪਾਵੇਗਾ। ਇਸ ਦੌਰਾਨ, ਕੈਨੇਡਾ, ਯੂਨਾਈਟਿਡ ਕਿੰਗਡਮ ਅਤੇ ਆਸਟ੍ਰੇਲੀਆ ਵਰਗੇ ਦੇਸ਼ ਆਪਣੀਆਂ ਇਮੀਗ੍ਰੇਸ਼ਨ ਨੀਤੀਆਂ ਨੂੰ ਉਦਾਰ ਬਣਾ ਰਹੇ ਹਨ। ਇਸਦਾ ਸਿੱਧਾ ਅਰਥ ਹੈ ਕਿ ਵਿਸ਼ਵਵਿਆਪੀ ਪ੍ਰਤਿਭਾ ਮੁਕਾਬਲੇ ਦਾ ਭੂਗੋਲ ਬਦਲ ਰਿਹਾ ਹੈ ਅਤੇ ਸੰਯੁਕਤ ਰਾਜ ਅਮਰੀਕਾ ਦੀ ਖਿੱਚ ਹੌਲੀ-ਹੌਲੀ ਘੱਟ ਸਕਦੀ ਹੈ।






ਇਸ ਨੀਤੀਗਤ ਬਦਲਾਅ ਦਾ ਭਾਰਤੀ ਪ੍ਰਵਾਸੀਆਂ 'ਤੇ ਪ੍ਰਭਾਵ ਬਹੁਪੱਖੀ ਹੈ। ਇੱਕ ਪਾਸੇ, ਲੱਖਾਂ ਪਰਿਵਾਰ ਨੌਕਰੀ ਦੀ ਅਸੁਰੱਖਿਆ ਅਤੇ ਆਪਣੇ ਭਵਿੱਖ ਬਾਰੇ ਅਨਿਸ਼ਚਿਤਤਾ ਦਾ ਸਾਹਮਣਾ ਕਰ ਰਹੇ ਹਨ। ਇਹ ਬੱਚਿਆਂ ਦੀ ਸਿੱਖਿਆ, ਸਮਾਜਿਕ ਜੀਵਨ ਅਤੇ ਪਰਿਵਾਰਕ ਸਥਿਰਤਾ ਨੂੰ ਪ੍ਰਭਾਵਤ ਕਰ ਰਿਹਾ ਹੈ। ਦੂਜੇ ਪਾਸੇ, ਭਾਰਤ ਵਿਚ ਇੱਕ ਸਕਾਰਾਤਮਕ ਪਹਿਲੂ ਵੀ ਉਭਰ ਰਿਹਾ ਹੈ। ਵੱਡੀ ਗਿਣਤੀ ਵਿਚ ਪੇਸ਼ੇਵਰਾਂ ਨੂੰ ਭਾਰਤ ਵਾਪਸ ਆਉਣ ਲਈ ਉਤਸ਼ਾਹਿਤ ਕੀਤਾ ਜਾਵੇਗਾ। ਉਹ ਨਾ ਸਿਰਫ਼ ਪੂੰਜੀ, ਸਗੋਂ ਵਿਸ਼ਵਵਿਆਪੀ ਅਨੁਭਵ, ਨੈੱਟਵਰਕ ਅਤੇ ਤਕਨੀਕੀ ਮੁਹਾਰਤ ਵੀ ਲਿਆਉਣਗੇ। ਇਹ ਭਾਰਤ ਦੇ ਸਟਾਰਟ-ਅੱਪ ਅਤੇ ਯੂਨੀਕੋਰਨ ਈਕੋਸਿਸਟਮ ਨੂੰ ਮੁੜ ਸੁਰਜੀਤ ਕਰ ਸਕਦਾ ਹੈ। ਵਾਪਸ ਆਉਣ ਵਾਲੇ ਪੇਸ਼ੇਵਰਾਂ ਕੋਲ ਨਿਵੇਸ਼ਕ ਦ੍ਰਿਸ਼ਟੀਕੋਣ ਅਤੇ ਅੰਤਰਰਾਸ਼ਟਰੀ ਬਾਜ਼ਾਰਾਂ ਦਾ ਤਜ਼ਰਬਾ ਹੋਵੇਗਾ, ਜੋ ਭਾਰਤ ਦੇ ਉੱਦਮੀ ਈਕੋਸਿਸਟਮ ਨੂੰ ਹੋਰ ਮਜ਼ਬੂਤ ਕਰ ਸਕਦਾ ਹੈ।

ਇੱਕ ਹੋਰ ਵੱਡਾ ਮੌਕਾ ਇਹ ਹੈ ਕਿ ਵਾਪਸ ਆਉਣ ਵਾਲੇ ਮਾਹਰ ਭਾਰਤ ਦੇ ਖੋਜ ਅਤੇ ਵਿਕਾਸ ਖੇਤਰ ਵਿਚ ਮਹੱਤਵਪੂਰਨ ਯੋਗਦਾਨ ਪਾਉਣਗੇ। ਆਰਟੀਫੀਸ਼ੀਅਲ ਇੰਟੈਲੀਜੈਂਸ, ਬਾਇਓਟੈਕਨਾਲੋਜੀ, ਕੁਆਂਟਮ ਕੰਪਿਊਟਿੰਗ ਅਤੇ ਸੈਮੀਕੰਡਕਟਰਾਂ ਵਰਗੇ ਖੇਤਰਾਂ ਵਿਚ ਵਿਸ਼ਵਵਿਆਪੀ ਮੁਕਾਬਲਾ ਵਧ ਰਿਹਾ ਹੈ। ਜੇਕਰ ਵਾਪਸ ਆਉਣ ਵਾਲੇ ਵਿਗਿਆਨੀ ਅਤੇ ਇੰਜੀਨੀਅਰ ਭਾਰਤੀ ਸੰਸਥਾਵਾਂ ਵਿਚ ਸ਼ਾਮਲ ਹੁੰਦੇ ਹਨ, ਤਾਂ ਦੇਸ਼ ਵਿਚ ਨਵੀਨਤਾ ਦੀ ਗਤੀ ਤੇਜ਼ ਹੋ ਸਕਦੀ ਹੈ। ਇਹ ਆਤਮਨਿਰਭਰ ਭਾਰਤ ਮੁਹਿੰਮ ਨੂੰ ਅਸਲ ਹੁਲਾਰਾ ਪ੍ਰਦਾਨ ਕਰੇਗਾ। ਇਸ ਤੋਂ ਇਲਾਵਾ, ਡਿਜ਼ੀਟਲ ਇੰਡੀਆ ਅਤੇ ਮੇਕ ਇਨ ਇੰਡੀਆ ਵਰਗੀਆਂ ਪਹਿਲਕਦਮੀਆਂ ਨੂੰ ਪ੍ਰਤਿਭਾਸ਼ਾਲੀ ਪੇਸ਼ੇਵਰਾਂ ਦੁਆਰਾ ਮਜ਼ਬੂਤ ਕੀਤਾ ਜਾਵੇਗਾ, ਜੋ ਵਿਦੇਸ਼ਾਂ ਤੋਂ ਉੱਨਤ ਤਕਨੀਕੀ ਅਨੁਭਵ ਲਿਆਉਂਦੇ ਹਨ।

ਭਾਰਤ ਲਈ, ਇਹ ਸਿਰਫ਼ ਉਡੀਕ ਕਰਨ ਅਤੇ ਦੇਖਣ ਦਾ ਸਮਾਂ ਨਹੀਂ ਹੈ, ਸਗੋਂ ਠੋਸ ਨੀਤੀਗਤ ਕਾਰਵਾਈ ਕਰਨ ਦਾ ਸਮਾਂ ਹੈ। ਸਰਕਾਰ ਨੂੰ ਵਾਪਸ ਆਉਣ ਵਾਲੀ ਪ੍ਰਤਿਭਾ ਦਾ ਸਵਾਗਤ ਕਰਨ ਲਈ ਵਿਸ਼ੇਸ਼ ਯੋਜਨਾਵਾਂ ਵਿਕਸਤ ਕਰਨੀਆਂ ਚਾਹੀਦੀਆਂ ਹਨ। ਉਦਾਹਰਣ ਵਜੋਂ, ਵਾਪਸ ਆਉਣ ਵਾਲੀ ਪ੍ਰਤਿਭਾ ਯੋਜਨਾ ਦੇ ਤਹਿਤ, ਵਿਦੇਸ਼ਾਂ ਤੋਂ ਵਾਪਸ ਆਉਣ ਵਾਲੇ ਪੇਸ਼ੇਵਰਾਂ ਨੂੰ ਟੈਕਸ ਛੋਟਾਂ, ਨਿਵੇਸ਼ ਪ੍ਰੋਤਸਾਹਨ ਅਤੇ ਵਿਸ਼ੇਸ਼ ਸਟਾਰਟ-ਅੱਪ ਪੈਕੇਜ ਪ੍ਰਦਾਨ ਕੀਤੇ ਜਾ ਸਕਦੇ ਹਨ। ਯੂਨੀਵਰਸਿਟੀਆਂ ਅਤੇ ਉਦਯੋਗ ਵਿਚਕਾਰ ਸਹਿਯੋਗ ਨੂੰ ਉਤਸ਼ਾਹਿਤ ਕਰਨ ਲਈ ਉੱਚ-ਪੱਧਰੀ ਖੋਜ ਪ੍ਰਯੋਗਸ਼ਾਲਾਵਾਂ ਅਤੇ ਨਵੀਨਤਾ ਕੇਂਦਰ ਵਿਕਸਤ ਕੀਤੇ ਜਾ ਸਕਦੇ ਹਨ। ਖੋਜ ਅਤੇ ਵਿਕਾਸ ਵਿਚ ਨਿਵੇਸ਼ ਵਧਾਉਣ ਲਈ ਨਿੱਜੀ ਖੇਤਰ ਨੂੰ ਟੈਕਸ ਰਿਆਇਤਾਂ ਅਤੇ ਪ੍ਰੋਤਸਾਹਨ ਪ੍ਰਦਾਨ ਕੀਤੇ ਜਾ ਸਕਦੇ ਹਨ। ਇਸ ਤੋਂ ਇਲਾਵਾ, ਵਿਦੇਸ਼ੀ ਪੇਸ਼ੇਵਰਾਂ ਦੇ ਤਜ਼ਰਬੇ ਨਾਲ ਉੱਦਮ ਪੂੰਜੀ ਅਤੇ ਨਿੱਜੀ ਇਕੁਇਟੀ ਫੰਡਾਂ ਨੂੰ ਜੋੜ ਕੇ ਵਿੱਤੀ ਵਾਤਾਵਰਣ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੋਵੇਗਾ।

ਵਾਪਸ ਪਰਤਣ ਵਾਲੇ ਪ੍ਰਵਾਸੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਸਮਾਜਿਕ ਪੁਨਰਵਾਸ ਪ੍ਰੋਗਰਾਮ ਵੀ ਬਰਾਬਰ ਮਹੱਤਵਪੂਰਨ ਹਨ। ਜੇਕਰ ਉਨ੍ਹਾਂ ਨੂੰ ਭਾਰਤ ਵਿਚ ਵਸਣ ਦੌਰਾਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਤਾਂ ਉਨ੍ਹਾਂ ਦੀ ਪ੍ਰਤਿਭਾ ਦੀ ਪੂਰੀ ਵਰਤੋਂ ਨਹੀਂ ਕੀਤੀ ਜਾਵੇਗੀ। ਸਰਕਾਰ ਨੂੰ ਉਨ੍ਹਾਂ ਨੂੰ ਸਿੱਖਿਆ, ਸਿਹਤ ਅਤੇ ਰਿਹਾਇਸ਼ ਵਰਗੀਆਂ ਬੁਨਿਆਦੀ ਸੇਵਾਵਾਂ ਤੱਕ ਪਹੁੰਚ ਪ੍ਰਦਾਨ ਕਰਨੀ ਚਾਹੀਦੀ ਹੈ, ਤਾਂ ਜੋ ਉਹ ਸਮਾਜ ਅਤੇ ਆਰਥਿਕਤਾ ਵਿਚ ਸਹਿਜੇ ਹੀ ਏਕੀਕਰਨ ਕਰ ਸਕਣ।

ਇਸ ਤਰ੍ਹਾਂ, ਐੱਚ-1ਬੀ ਵੀਜ਼ਾ ਵਿਵਾਦ ਭਾਰਤ ਲਈ ਦੋਹਰੀ ਚੁਣੌਤੀ ਪੇਸ਼ ਕਰਦਾ ਹੈ। ਇੱਕ ਪਾਸੇ, ਲੱਖਾਂ ਭਾਰਤੀ ਪ੍ਰਵਾਸੀਆਂ ਦੀ ਰੋਜ਼ੀ-ਰੋਟੀ ਅਤੇ ਭਵਿੱਖ ਬਾਰੇ ਚਿੰਤਾ ਹੈ, ਜਦੋਂਕਿ ਦੂਜੇ ਪਾਸੇ, ਇਹ ਸੰਕਟ ਭਾਰਤ ਲਈ ਇੱਕ ਸੁਨਹਿਰੀ ਮੌਕਾ ਵੀ ਪੇਸ਼ ਕਰਦਾ ਹੈ। ਜੇਕਰ ਭਾਰਤ ਇਸ ਮੌਕੇ ਨੂੰ ਸੰਭਾਲਦਾ ਹੈ ਅਤੇ ਉਲਟ ਦਿਮਾਗੀ ਡਰੇਨ ਨੂੰ ਆਪਣੀ ਤਾਕਤ ਵਿਚ ਬਦਲਦਾ ਹੈ, ਤਾਂ ਇੱਕ ਸਵੈ-ਨਿਰਭਰ ਭਾਰਤ ਦੇ ਦ੍ਰਿਸ਼ਟੀਕੋਣ ਨੂੰ ਨਵੀਂ ਦਿਸ਼ਾ ਅਤੇ ਊਰਜਾ ਮਿਲੇਗੀ। ਇਹ ਸੰਕਟ ਸਾਨੂੰ ਯਾਦ ਦਿਵਾਉਂਦਾ ਹੈ ਕਿ ਸਵੈ-ਨਿਰਭਰਤਾ ਸਿਰਫ਼ ਨਾਅਰਿਆਂ ਨਾਲ ਨਹੀਂ, ਸਗੋਂ ਦੂਰਦਰਸ਼ੀ ਨੀਤੀਆਂ ਅਤੇ ਵਿਸ਼ਵਵਿਆਪੀ ਮੌਕਿਆਂ ਨੂੰ ਹਾਸਲ ਕਰਨ ਦੀ ਯੋਗਤਾ ਦੁਆਰਾ ਪ੍ਰਾਪਤ ਕੀਤੀ ਜਾਂਦੀ ਹੈ।

# ਪੰਜਾਬ ਵੱਲ ਪਿੱਠ ਕਰਨ ਦਾ ਨਹੀਂ, ਪੰਜਾਬ ਨੂੰ ਹਿੱਕ ਨਾਲ ਲਾਉਣ ਦਾ ਵੇਲਾ

## ਆਓ ਪਹਿਲਾਂ ਪੰਜਾਬ ਦੇ ਸਿਆਸੀ ਹਾਲਾਤ ਵੱਲ ਵੇਖੀਏ


ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA






ਪੰਜਾਬ 'ਚ ਆਈ ਵੱਡੀ ਆਫਤ ਹੜ੍ਹਾਂ ਨੇ ਸਿਆਸੀ ਧਿਰਾਂ ਅਤੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ। ਪੰਜਾਬ ਦੀ ਸਰਕਾਰ ਸੀਮਤ ਸਾਧਨਾਂ ਨਾਲ ਲੋਕਾਂ ਪੱਲੇ ਉਹ ਕੁਝ ਨਹੀਂ ਪਾ ਸਕੀ, ਜਿਸ ਦੀ ਆਸ ਲੋਕਾਂ ਨੂੰ ਸੀ। ਪੰਜਾਬ ਦੀਆਂ ਸਿਆਸੀ ਪਾਰਟੀਆਂ ਦੀ ਪੀੜਤ ਲੋਕਾਂ ਤੱਕ ਪਹੁੰਚ ਦੂਰ ਰਹੀ ਹੈ। ਫੋਟੋ ਖਿਚਵਾਉਣ ਤੱਕ ਦੀ ਮਸ਼ਕ ਨਾਲ ਉਨ੍ਹਾਂ ਦੀ ਲੋਕਾਂ ਨਾਲ ਦੂਰੀ ਵਧ ਗਈ। ਇਹ ਦੂਰੀ ਹੁਣ ਹੋਰ ਵੀ ਵਧ ਰਹੀ ਹੈ, ਜਦੋਂ ਭਾਜਪਾ, ਆਪ, ਕਾਂਗਰਸ, ਅਕਾਲੀ, ਹੜ੍ਹ ਰਾਹਤ ਫੰਡ ਸੰਬੰਧੀ ਬੇਤੁਕੀ ਦੂਸ਼ਣਬਾਜ਼ੀ ਕਰ ਰਹੇ ਹਨ।

ਕਦੇ ਪੰਜਾਬ ਦੀ ਪ੍ਰਮੁੱਖ ਸਿਆਸੀ ਧਿਰ ਗਿਣਿਆ ਜਾਣ ਵਾਲਾ ਸ਼੍ਰੋਮਣੀ ਅਕਾਲੀ ਦਲ ਅੱਜ ਅੰਦਰੂਨੀ ਕਾਟੋ-ਕਲੇਸ਼ ਕਾਰਨ ਖ਼ਤਰਨਾਕ ਤੌਰ 'ਤੇ ਟੁੱਟ ਚੁੱਕਾ ਹੈ। ਇੱਕ ਧਿਰ ਗਿਆਨੀ ਹਰਪ੍ਰੀਤ ਸਿੰਘ ਨਾਲ ਬੱਝੀ ਹੈ। ਦੂਜੇ ਧਿਰ 'ਤੇ ਸੁਖਬੀਰ ਸਿੰਘ ਬਾਦਲ ਦਾ ਕਬਜ਼ਾ ਹੈ ਅਤੇ ਤੀਜੀ ਧਿਰ ਸਿੱਖ ਰਾਜਨੀਤੀ ਦੀ ਤਾਕਤ ਰੂਪ ਵਿਚ ਅੱਗੇ ਵੱਧ ਰਹੇ ਸ਼੍ਰੋਮਣੀ ਅਕਾਲੀ ਦਲ (ਵਾਰਿਸ ਪੰਜਾਬ ਦੇ) ਦੀ ਹੈ। ਇਹ ਸਾਰੀਆਂ ਧਿਰਾਂ ਨਵੀਂ ਦਿੱਲੀ ਦੇ ਵਿਰੋਧ ਵਿਚ ਖੜ੍ਹੀਆਂ ਹਨ। ਪਰ ਇਹ ਸਿੱਖ ਵੋਟ ਆਪੋ-ਆਪਣੇ ਫ਼ਾਇਦਿਆਂ, ਮੁੱਦਿਆਂ ਨੂੰ ਲੈ ਕੇ ਵੰਡੀ ਹੋਈ ਨਜ਼ਰ ਆਉਂਦੀ ਹੈ।

ਭਾਜਪਾ ਇੱਕ ਲਗਾਤਾਰ ਚੋਣ ਲੜਨ ਵਾਲੀ ਸੈਨਾ ਦੀ ਤਰ੍ਹਾਂ ਹੈ ਅਤੇ ਪੰਜਾਬ ਵਿਚ ਸਰਗਰਮ ਹੈ। ਉਸ ਦੇ ਨੇਤਾ ਸੋਚਦੇ ਹਨ ਕਿ ਜੇਕਰ ਸਿੱਖ ਵੋਟ ਤਿੰਨ ਹਿੱਸਿਆਂ-ਸ਼੍ਰੋਮਣੀ ਅਕਾਲੀ ਦਲ (ਦੋਵੇਂ ਧੜੇ), ਕਾਂਗਰਸ ਅਤੇ ਗਰਮ ਖਿਆਲੀਆਂ ਦਰਮਿਆਨ ਵੰਡੀ ਜਾਏ, ਤਾਂ ਉਹ ਇਕੱਲਿਆਂ ਸੱਤਾ ਹਾਸਲ ਕਰ ਸਕਦੀ ਹੈ।

ਹਿੰਦੂ-ਮੁਸਲਿਮ ਧਰੁਵੀਕਰਨ ਦੇ ਜ਼ਰੀਏ ਜਿੱਤਣਾ ਖ਼ਾਸ ਕਰਕੇ ਉੱਥੇ, ਜਿੱਥੇ ਮੁਸਲਮਾਨ ਘੱਟ ਗਿਣਤੀ ਵਿਚ ਹਨ, ਭਾਜਪਾ ਦੀ ਰਣਨੀਤੀ ਹੈ ਪਰ ਪੰਜਾਬ 'ਚ ਸਥਿਤੀ ਬਿਲਕੁਲ ਵੱਖਰੀ ਹੈ। ਇੱਥੇ ਸਿੱਖ ਬਹੁਮਤ ਵਿਚ ਹਨ।

ਪਿਛਲੀਆਂ ਲੋਕ ਸਭਾ ਚੋਣਾਂ ਵਿਚ ਵੀ ਅਕਾਲੀਆਂ ਦਾ ਪ੍ਰਦਰਸ਼ਨ ਇਸ ਲਈ ਇੰਨਾ ਖਰਾਬ ਰਿਹਾ ਸੀ, ਕਿਉਂਕਿ ਉਨ੍ਹਾਂ ਦਾ ਅੱਧਾ ਵੋਟ, ਲਗਭਗ 13 ਫ਼ੀਸਦੀ ਗਰਮ ਖਿਆਲੀਆਂ ਨੇ ਹਥਿਆ ਲਿਆ। ਚਾਹੇ ਕਿਸੇ ਨੂੰ ਪਸੰਦ ਆਵੇ ਜਾਂ ਨਾ ਆਵੇ, ਲੇਕਿਨ ਪੰਜਾਬ ਗਰਮ ਖਿਆਲੀਆਂ ਦੀ ਹਰਮਨਪਿਆਰਤਾ ਬਣ ਚੁੱਕਿਆ ਹੈ। ਲੋਕਾਂ ਦਾ ਅਕਾਲੀਆਂ ਤੋਂ ਮੋਹ-ਭੰਗ ਵੱਧ ਰਿਹਾ ਹੈ। ਭਾਜਪਾ ਨੂੰ ਧਰੁਵੀਕਰਨ ਵਾਲੀ ਪਾਰਟੀ ਦੇ ਰੂਪ ਵਿਚ ਵੇਖਿਆ ਜਾ ਰਿਹਾ ਹੈ।

ਭਾਜਪਾ ਸਭ ਕੁਝ ਜਿੱਤਣ ਦੀ ਸੋਚ ਰੱਖਦੀ ਹੈ। ਪੰਜਾਬ ਦੀ ਉਸ ਤੋਂ ਦੂਰੀ ਭਾਜਪਾ ਨੂੰ ਪ੍ਰੇਸ਼ਾਨ ਕਰ ਰਹੀ ਹੈ। ਹੁਣ ਤੱਕ ਇੱਕ ਵੇਰ ਹੀ ਉਹ ਸੱਤਾ ਵਿਚ ਆਈ ਹੈ, ਉਹ ਵੀ ਸ਼੍ਰੋਮਣੀ ਅਕਾਲੀ ਦਲ ਨਾਲ ਸਾਂਝੀਦਾਰ ਬਣਕੇ। ਇਹ ਕਦਮ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ 1990 ਦੇ ਦਹਾਕੇ 'ਚ ਉਠਾਇਆ ਸੀ ਪਰ ਮੌਜੂਦਾ ਹਾਕਮਾਂ ਨੇ ਇਹ ਗੱਠਜੋੜ ਤੋੜ ਕੇ ਇਕੱਲਿਆਂ ਚੋਣ ਲੜਨ ਦਾ ਫ਼ੈਸਲਾ ਲਿਆ। ਇਸ ਨਾਲ ਭਾਜਪਾ ਨੂੰ ਪੰਜਾਬ 'ਚ ਕੋਈ ਫ਼ਾਇਦਾ ਨਹੀਂ ਮਿਲਿਆ। ਲੇਕਿਨ ਪੰਜਾਬ 'ਚ ਉਸਦੀ ਵੋਟ ਪ੍ਰਤੀਸ਼ਤ ਵਧੀ ਹੈ।

2022 'ਚ ਵਿਧਾਨ ਸਭਾ ਵਿਚ ਇਹ 6.6 ਫ਼ੀਸਦੀ ਸੀ, ਜੋ 2024 ਲੋਕ ਸਭਾ 'ਚ 18.56 ਫ਼ੀਸਦੀ ਹੋ ਗਈ। ਇਸ ਤਰ੍ਹਾਂ ਉਹ ਆਪਣੇ ਪੁਰਾਣੇ ਸਾਂਝੀਵਾਲ ਸ਼੍ਰੋਮਣੀ ਅਕਾਲੀ ਦਲ ਤੋਂ ਅੱਗੇ ਨਿਕਲ ਗਈ, ਜਿਸ ਨੂੰ 13.2 ਫ਼ੀਸਦੀ ਵੋਟਾਂ ਮਿਲੀਆਂ, ਜਦਕਿ ਆਮ ਆਦਮੀ ਪਾਰਟੀ 26 ਫ਼ੀਸਦੀ ਅਤੇ ਕਾਂਗਰਸ ਵੀ 26 ਫ਼ੀਸਦੀ ਵੋਟਾਂ ਲੈ ਗਈ।

ਆਮ ਆਦਮੀ ਪਾਰਟੀ ਪੰਜਾਬ 'ਚ ਉਹ ਕੁਝ ਨਹੀਂ ਕਰ ਸਕੀ, ਜਿਸ ਦੀ ਤਵੱਕੋ ਪੰਜਾਬ ਵਾਸੀ ਕਰ ਰਹੇ ਸਨ। ਬਿਨਾਂ ਸ਼ੱਕ ਲੋਕਾਂ ਦੇ ਘਰਾਂ ਦੀ ਬਿਜਲੀ ਮੁਆਫ਼ੀ ਅਤੇ ਕੁਝ ਹੋਰ ਭਲਾਈ ਕੰਮਾਂ ਨੇ ਆਮ ਆਦਮੀ ਪਾਰਟੀ ਨੂੰ ਹਾਲੇ ਤੱਕ ਲੋਕਾਂ ਦੇ ਨੇੜੇ ਰੱਖਿਆ ਹੋਇਆ ਹੈ ਪਰ ਉਹ ਭ੍ਰਿਸ਼ਟਾਚਾਰ ਨੂੰ ਠੱਲ੍ਹ ਨਹੀਂ ਪਾ ਸਕੀ। ਰੇਤ ਮਾਫੀਆ ਉਨ੍ਹਾਂ ਤੋਂ ਕਾਬੂ ਨਹੀਂ ਹੋਇਆ। ਲੋਕਾਂ 'ਚ ਇਹ ਪ੍ਰਚਾਰ ਵਧਦਾ ਜਾ ਰਿਹਾ ਹੈ ਕਿ ਪੰਜਾਬ ਦੀ ਸਰਕਾਰ ਨੂੰ ਲੋਕ ਦਿੱਲੀਓਂ ਚਲਾਉਂਦੇ ਹਨ। ਜਿਸ ਨੂੰ ਆਮ ਪੰਜਾਬੀ ਕਦੇ ਮਾਨਸਿਕ ਤੌਰ 'ਤੇ ਪ੍ਰਵਾਨ ਨਹੀਂ ਕਰਦੇ। ਉੱਪਰੋਂ ਹੜ੍ਹਾਂ ਦੀ ਵਿਆਪਕ ਮਾਰ ਨੇ ਪੰਜਾਬ ਦੀ ਸਰਕਾਰ ਉੱਤੇ ਇੰਨੇ ਕੁ ਸਵਾਲ ਖੜ੍ਹੇ ਕਰ ਦਿੱਤੇ ਹਨ ਕਿ 'ਆਪ ਸੂਬਾ ਸਰਕਾਰ' ਕਟਹਿਰੇ 'ਚ ਖੜ੍ਹੀ ਵਿਖਾਈ ਦੇ ਰਹੀ ਹੈ।

ਆਲ ਇੰਡੀਆ ਕਾਂਗਰਸ ਪਾਰਟੀ ਪੰਜਾਬ 'ਚ ਅੱਗੇ ਤਾਂ ਵੱਧ ਰਹੀ ਹੈ, ਦੇਸ਼ ਦੀਆਂ ਬਦਲ ਰਹੀਆਂ ਹਾਲਤਾਂ ਦੇ ਮੱਦੇਨਜ਼ਰ, ਪਰ ਪੰਜਾਬ 'ਚ ਇਸ ਦੀ ਲੀਡਰਸ਼ਿਪ ਖੱਖੜੀਆਂ-ਖੱਖੜੀਆਂ ਹੋਈ ਪਈ ਹੈ, ਲੋਕ ਇਸ ਪਾਰਟੀ ਨੂੰ ਪੰਜਾਬ 'ਚ ਬਦਲ ਦੇ ਰੂਪ 'ਚ ਤਾਂ ਵੇਖਦੇ ਹਨ ਪਰ ਜ਼ਮੀਨੀ ਪੱਧਰ ਉੱਤੇ ਕਾਂਗਰਸ ਦੀ ਕਾਰਗੁਜ਼ਾਰੀ ਵਿਰੋਧੀ ਧਿਰ ਵਜੋਂ ਤਸੱਲੀਬਖਸ਼ ਨਹੀਂ ਹੈ। ਪੰਜਾਬ 'ਚ ਜਿੰਨੇ 5-6 ਕੁ ਉਪਰਲੇ ਕਾਂਗਰਸੀ ਹਨ, ਸਾਰੇ ਹੀ ਮੁੱਖ ਮੰਤਰੀ ਬਣਨ ਦੇ ਇਛੁੱਕ ਹਨ।

ਪੰਜਾਬ 'ਚ ਬਾਕੀ ਸਿਆਸੀ ਧਿਰਾਂ ਖੱਬੇ ਪੱਖੀ, ਬਸਪਾ, ਸ਼੍ਰੋਮਣੀ ਅਕਾਲੀ ਦਲ (ਮਾਨ) ਆਪੋ-ਆਪਣੇ ਤੌਰ 'ਤੇ ਪੰਜਾਬ 'ਚ ਆਪਣੀ ਹੋਂਦ ਵਿਖਾਉਣ ਲਈ ਤੱਤਪਰ ਦਿੱਸਦੇ ਹਨ, ਪਰ ਉਨ੍ਹਾਂ ਦੀਆਂ ਸਿਆਸੀ ਪ੍ਰਾਪਤੀਆਂ ਵਜੋਂ ਪ੍ਰਸ਼ਨ ਚਿੰਨ੍ਹ ਵੱਧ ਹਨ।

ਪੰਜਾਬ 'ਚ ਆਈ ਵੱਡੀ ਆਫਤ ਹੜ੍ਹਾਂ ਨੇ ਸਿਆਸੀ ਧਿਰਾਂ ਅਤੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ। ਪੰਜਾਬ ਦੀ ਸਰਕਾਰ ਸੀਮਤ ਸਾਧਨਾਂ ਨਾਲ ਲੋਕਾਂ ਪੱਲੇ ਉਹ ਕੁਝ ਨਹੀਂ ਪਾ ਸਕੀ, ਜਿਸ ਦੀ ਆਸ ਲੋਕਾਂ ਨੂੰ ਸੀ। ਪੰਜਾਬ ਦੀਆਂ ਸਿਆਸੀ ਪਾਰਟੀਆਂ ਦੀ ਪੀੜਤ ਲੋਕਾਂ ਤੱਕ ਪਹੁੰਚ ਦੂਰ ਰਹੀ ਹੈ। ਫੋਟੋ ਖਿਚਵਾਉਣ ਤੱਕ ਦੀ ਮਸ਼ਕ ਨਾਲ ਉਨ੍ਹਾਂ ਦੀ ਲੋਕਾਂ ਨਾਲ ਦੂਰੀ ਵਧ ਗਈ। ਇਹ ਦੂਰੀ ਹੁਣ ਹੋਰ ਵੀ ਵਧ ਰਹੀ ਹੈ, ਜਦੋਂ ਭਾਜਪਾ, ਆਪ, ਕਾਂਗਰਸ, ਅਕਾਲੀ, ਹੜ੍ਹ ਰਾਹਤ ਫੰਡ ਸੰਬੰਧੀ ਬੇਤੁਕੀ ਦੂਸ਼ਣਬਾਜ਼ੀ ਕਰ ਰਹੇ ਹਨ। ਆਖ਼ਿਰ ਪੀੜਤਾਂ ਨੂੰ ਇਸ ਦਾ ਕੀ ਲਾਭ ਹੋਏਗਾ? ਇਹੋ ਜਿਹੀ ਔਖੀ ਘੜੀ ਵੋਟ-ਰਾਜਨੀਤੀ ਨਿੰਦਣਯੋਗ ਹੈ।

ਕੇਂਦਰ ਦੀ ਸਰਕਾਰ ਦੇ ਮੁਖੀ ਨਰਿੰਦਰ ਮੋਦੀ ਨੇ 1600 ਕਰੋੜ ਪੰਜਾਬ ਲਈ ਫੌਰੀ ਰਾਹਤ ਐਲਾਨੀ ਹੈ। ਮੋਦੀ ਜੀ ਦੇ ਦੌਰੇ ਤੋਂ ਵੱਡੀ ਰਾਹਤ ਦੀ ਉਮੀਦ ਸੀ, ਉਹ ਰਤਾ ਭਰ ਵੀ ਪੂਰੀ ਨਹੀਂ ਹੋਈ। ਇਨ੍ਹਾਂ ਐਲਾਨਾਂ ਨਾਲ ਪੰਜਾਬੀ ਇਸ ਦੌਰੇ ਉਪਰੰਤ ਪਰੇਸ਼ਾਨ ਹੋਏ ਹਨ। ਪੰਜਾਬ 'ਚ ਹੜ੍ਹਾਂ ਨੇ ਭਿਆਨਕ ਤਬਾਹੀ ਮਚਾਈ। ਸੂਬੇ ਦੇ 2185 ਪਿੰਡ ਹੜ੍ਹਾਂ ਦੇ ਪਾਣੀ ਦੀ ਮਾਰ ਹੇਠ ਆਏ। ਪੰਜਾਬ 'ਚ 1.91 ਲੱਖ ਹੈਕਟੇਅਰ ਫ਼ਸਲ ਬਰਬਾਦ ਹੋ ਗਈ। ਸਰਕਾਰ ਵੱਲੋਂ ਤੁਛ ਜਿਹੀ ਰਕਮ 20 ਹਜ਼ਾਰ ਰੁਪਏ ਪ੍ਰਤੀ ਏਕੜ ਫ਼ਸਲ ਮੁਆਵਜ਼ੇ ਦਾ ਐਲਾਨ ਹੋਇਆ ਹੈ।

ਵੱਖੋ-ਵੱਖਰੀਆਂ ਸਿਆਸੀ ਧਿਰਾਂ ਕੇਂਦਰੀ ਰਾਹਤ ਨੂੰ ਪੰਜਾਬ ਲਈ ਮਜ਼ਾਕ ਕਹਿ ਰਹੀਆਂ ਹਨ। ਕੇਂਦਰ ਤੇ ਰਾਜ ਸਰਕਾਰ ਦਰਮਿਆਨ 'ਕੌਮੀ ਆਫ਼ਤ ਰਾਹਤ ਫੰਡ' ਨੂੰ ਲੈ ਕੇ ਘਮਸਾਨ ਛਿੜਿਆ ਹੋਇਆ ਹੈ। ਹੜ੍ਹਾਂ ਦੇ ਪਾਣੀ ਤੋਂ ਥੋੜ੍ਹੀ ਰਾਹਤ ਮਿਲਣ ਤੇ ਪਿੰਡਾਂ ਦੇ ਲੋਕ ਆਪਣੇ ਖੇਤਾਂ, ਘਰਾਂ ਦੀ ਸਾਰ ਲੈ ਰਹੇ ਹਨ। ਵਲੰਟੀਅਰ ਸੰਸਥਾਵਾਂ, ਕਿਸਾਨ ਜੱਥੇਬੰਦੀਆਂ ਉਨ੍ਹਾਂ ਨਾਲ ਖੜ੍ਹੀਆਂ ਹਨ। ਕਿਧਰੇ-ਕਿਧਰੇ ਸਿਆਸੀ ਧਿਰਾਂ ਵੀ ਪੁੱਜਦੀਆਂ ਹਨ। ਕਿਸਾਨ, ਖੇਤ ਮਜ਼ਦੂਰ, ਪੇਂਡੂ ਲੋਕ ਹੜ੍ਹਾਂ ਦੀ ਮਾਰ ਨਾਲ ਪੂਰੀ ਤਰ੍ਹਾਂ ਪਿੰਜੇ ਗਏ ਹਨ। ਸਿਆਸੀ ਧਿਰਾਂ ਤੇ ਸਰਕਾਰ ਵੱਲੋਂ ਐਲਾਨ 'ਤੇ ਐਲਾਨ ਹੋ ਰਹੇ ਹਨ। ਪੰਜਾਬ ਦੇ ਹੜ੍ਹ ਪੀੜਤਾਂ ਨੂੰ ਰਾਹਤ ਕੇਵਲ ਐਲਾਨਾਂ ਨਾਲ ਨਹੀਂ ਮਿਲਣੀ।

ਇਸ ਸਭ ਕੁਝ ਦੇ ਦਰਮਿਆਨ ਲੋਕਾਂ ਦੇ ਮਨਾਂ 'ਚ ਇਹ ਗੱਲ ਘਰ ਕਰ ਰਹੀ ਹੈ ਕਿ ਕੇਂਦਰੀ ਹਾਕਮ ਪੰਜਾਬ ਨਾਲ ਨਫ਼ਰਤ ਕਰਦੇ ਹਨ। ਪੰਜਾਬ ਨੂੰ ਤਬਾਹ ਕਰਨਾ ਚਾਹੁੰਦੇ ਹਨ। ਉਹ ਕਹਿੰਦੇ ਹਨ ਕਿ 1600 ਕਰੋੜ ਦੇ ਐਲਾਨ ਨੇ ਪੰਜਾਬ ਦੇ ਜਜ਼ਬਾਤ ਨੂੰ ਵਲੂੰਧਰਿਆ ਹੈ। 12000 ਕਰੋੜ ਰਾਹਤ ਇੱਕ ਛਲਾਵਾ ਹੈ। ਅਸਲ ਵਿਚ ਉਦੋਂ ਜਦੋਂ ਹੁਣ ਪੰਜਾਬ ਨੂੰ ਵਿਸ਼ੇਸ਼ ਰਾਹਤ ਪੈਕਜ ਦੀ ਲੋੜ ਹੈ। ਉਦੋਂ ਜਦੋਂ ਹੁਣ ਪੰਜਾਬ ਨੂੰ ਪਿੰਡਾਂ ਦੀਆਂ ਸੜਕਾਂ, ਬੁਨਿਆਦੀ ਢਾਂਚੇ ਅਤੇ ਲੋਕਾਂ ਦੇ ਘਰਾਂ ਦੇ ਮੁੜ ਉਸਾਰੀ ਦੀ ਲੋੜ ਹੈ, ਪੰਜਾਬ ਵੱਲ ਹਾਕਮ ਪਿੱਠ ਕਰੀ ਬੈਠੇ ਹਨ। ਪੰਜਾਬ ਉਧੜ ਗਿਆ ਹੈ। ਇਸ ਨੂੰ ਮੁੜ ਉਨਣ ਦੀ ਲੋੜ ਹੈ। ਲੋਕ ਮਨੋਵਿਗਿਆਨਿਕ ਤੌਰ 'ਤੇ ਪਰੇਸ਼ਾਨ ਹੋ ਉਠੇ ਹਨ। ਇਨ੍ਹਾਂ ਨੂੰ ਸਾਂਭਣ ਦੀ ਲੋੜ ਹੈ।

ਭਾਵੇਂ ਦੇਸ਼ ਦੇ ਹੋਰ ਸੂਬਿਆਂ ਜੰਮੂ-ਕਸ਼ਮੀਰ, ਉੱਤਰਾਖੰਡ, ਹਿਮਾਚਲ 'ਚ ਹੜ੍ਹਾਂ ਨੇ ਜਨਜੀਵਨ ਉਥਲ-ਪੁਥਲ ਕਰ ਦਿੱਤਾ ਹੈ। ਪਰ ਪੰਜਾਬ 'ਚ ਸਥਿਤੀ ਗੰਭੀਰ ਹੈ। ਇਸ ਗੰਭੀਰ ਸਥਿਤੀ ਵਿਚੋਂ ਕਿਵੇਂ ਨਿਕਲਿਆ ਜਾਵੇ, ਇਹ ਵੱਡਾ ਸਵਾਲ ਹੈ। ਸਵਾਲ ਇਹ ਵੀ ਹੈ ਕਿ ਪੰਜਾਬ ਉਜੜਦਾ ਹੈ, ਮੁੜ-ਮੁੜ ਉਜੜਦਾ ਹੈ, ਪਰ ਇਸਦੀ ਸਾਂਭ-ਸੰਭਾਲ ਤੇ ਦੇਖ-ਰੇਖ ਦੇਸ਼ "ਸਕੇ ਪੁੱਤਰ" ਵਾਂਗਰ ਨਹੀਂ ਕਰਦਾ। ਜਿਹੜਾ ਹਰ ਘੜੀ ਦੇਸ਼ ਨਾਲ ਔਖੇ ਵੇਲਿਆਂ 'ਚ ਖੜ੍ਹਦਾ ਹੈ। ਬਾਹਰੀ ਹਮਲਿਆਂ ਵੇਲੇ ਵੀ, ਅੰਨ ਭੰਡਾਰਨ ਵੇਲੇ ਵੀ।

ਲੋਕ ਸਮਝਣ ਲੱਗੇ ਹਨ ਕਿ ਪੰਜਾਬ ਨਾਲ ਵੱਡੇ ਹਾਕਮ ਮਤਰੇਆ ਸਲੂਕ ਕਰ ਰਹੇ ਹਨ। ਪੰਜਾਬ ਨਾਲ ਕੀਤੇ ਮਤਰੇਏ ਸਲੂਕ ਕਾਰਨ ਪੈਦਾ ਹੋਈ ਦੂਰੀ ਹੋਰ ਵੱਧ ਰਹੀ ਹੈ। ਪ੍ਰਧਾਨ ਮੰਤਰੀ ਦੇ ਦੌਰੇ ਤੋਂ ਬਾਅਦ 12 ਹਜ਼ਾਰ ਕਰੋੜ ਦੀ ਆਫ਼ਤ ਪ੍ਰਬੰਧਨ ਰਾਹਤ, 1600 ਕਰੋੜ ਦੀ ਰਾਸ਼ੀ ਵਰਗੇ ਖੋਖਲੇ ਐਲਾਨਾਂ ਨਾਲ ਇਹ ਦੂਰੀ ਹੋਰ ਵਧੀ ਹੈ। ਪੰਜਾਬ 'ਚ ਹੜ੍ਹਾਂ ਦੀ ਭਿਆਨਕ ਸਥਿਤੀ ਕਾਰਨ ਪ੍ਰਧਾਨ ਮੰਤਰੀ ਦਾ ਕੁਝ ਵੀ ਨਾ ਬੋਲਣਾ, ਲੋਕਾਂ ਨੂੰ ਪਰੇਸ਼ਾਨ ਕਰਦਾ ਰਿਹਾ। ਇਹ ਪਰੇਸ਼ਾਨੀ ਉਦੋਂ ਹੋਰ ਵੀ ਵਧੀ, ਜਦੋਂ ਪ੍ਰਧਾਨ ਮੰਤਰੀ ਨੇ ਅਫਗਾਨਿਸਤਾਨ 'ਚ ਆਏ ਭੁਚਾਲ ਪ੍ਰਤੀ ਤਾਂ ਤੁਰੰਤ ਬੋਲਿਆ, ਉਨ੍ਹਾਂ ਲਈ ਰਾਹਤ ਦਾ ਐਲਾਨ ਵੀ ਕੀਤਾ ਪਰ ਪੰਜਾਬ ਦੇ ਹੜ੍ਹਾਂ ਸਬੰਧੀ ਕੁਝ ਵੀ ਆਪਣੇ ਮੁਖਾਰਬਿੰਦ ਤੋਂ ਨਹੀਂ ਕਿਹਾ।

ਨਵੇਂ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦਾ ਬਿਆਨ ਪੰਜਾਬੀਆਂ ਦੇ ਮਨਾਂ ਦੀ ਤਰਜ਼ਮਾਨੀ ਕਰਨ ਵਾਲਾ ਹੈ। ਗਿਆਨੀ ਜੀ ਕਹਿੰਦੇ ਹਨ - ਸਤਿਕਾਰਤ ਪ੍ਰਧਾਨ ਮੰਤਰੀ ਜੀ ਅਫਗਾਨਿਸਤਾਨ ਨਾਲ ਦੁੱਖ ਦਾ ਪ੍ਰਗਟਾਵਾ ਚੰਗਾ ਹੈ, ਲੇਕਿਨ ਪੰਜਾਬ, ਦੇਸ਼ ਦਾ ਹਿੱਸਾ ਹੈ, ਜਿੱਥੇ 17 ਅਗਸਤ ਨੂੰ ਲਗਭਗ 1500 ਪਿੰਡ ਅਤੇ 3 ਲੱਖ ਲੋਕ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ।

ਅੱਜ ਪੰਜਾਬ ਦੇ ਲੋਕਾਂ ਨੂੰ ਸਾਂਭਣ ਦੀ ਲੋੜ ਹੈ। ਪੰਜਾਬ ਦੇ ਖਰਾਬ ਹੋਏ ਬੁਨਿਆਦੀ ਢਾਂਚੇ ਨੂੰ ਨਵਿਆਉਣ ਦੀ ਲੋੜ ਹੈ। ਮੁਸੀਬਤ ਦੀ ਘੜੀ ਉਨ੍ਹਾਂ ਦੀ ਬਾਂਹ ਫੜਨ ਦੀ ਲੋੜ ਹੈ। ਇਸ ਆਫ਼ਤ ਮੌਕੇ ਕੇਂਦਰ ਅਤੇ ਭਾਜਪਾ ਲਈ ਪੰਜਾਬ ਦੇ ਨਾਲ ਖੜ੍ਹੇ ਹੋਣ ਦਾ ਵੱਡਾ ਮੌਕਾ ਹੋ ਸਕਦਾ ਹੈ। ਇਹ ਉਸ ਸੂਬੇ ਨਾਲ ਨਵਾਂ ਰਿਸ਼ਤਾ ਬਣਾਉਣ ਦਾ ਮੌਕਾ ਹੋ ਸਕਦਾ ਹੈ, ਜਿਸ ਦੇ ਲੋਕ ਖੇਤੀ ਕਾਨੂੰਨਾਂ ਅਤੇ ਚੰਡੀਗੜ੍ਹ, ਦਰਿਆਈ ਪਾਣੀਆਂ ਜਿਹੇ ਵਿਤਕਰੇ ਕਾਰਨ ਦਿੱਲੀ ਤੋਂ ਦੂਰ ਹੋਏ ਹਨ।

ਵਿਰੋਧੀ ਧਿਰਾਂ ਕਾਂਗਰਸ, ਅਕਾਲੀ, ਪੰਜਾਬ ਦੀ ਸਰਕਾਰ ਵੀ ਇਸ ਸਮੇਂ ਇਸ ਮੁੱਦੇ 'ਤੇ ਸਿਆਸਤ ਨਾ ਕਰੇ। ਇੰਜ ਕੀਤਿਆਂ ਪੰਜਾਬੀਆਂ ਦਾ ਨੇਤਾਵਾਂ ਪ੍ਰਤੀ ਬਚਿਆ ਖੁਚਿਆ ਭਰੋਸਾ ਵੀ ਟੁੱਟ ਜਾਏਗਾ। ਹਾਕਮਾਂ ਨਾਲ ਪੰਜਾਬੀਆਂ ਦੀ ਦੂਰੀ ਪਹਿਲੇ ਕਾਂਗਰਸੀ ਹਾਕਮਾਂ ਨਾਲ ਵੀ ਵੱਡੀ ਰਹੀ ਹੈ।


ਪਰ ਅੱਜ ਦਿੱਲੀ ਹਾਕਮਾਂ ਵੱਲੋਂ, ਪੰਜਾਬ ਨਾਲ, ਪੰਜਾਬ ਦੇ ਲੋਕਾਂ ਨਾਲ ਨਵਾਂ ਰਿਸ਼ਤਾ ਬਣਾਉਣ ਦਾ ਸਮਾਂ ਹੈ। ਭਾਰਤ ਦੀ ਜ਼ਿੰਮੇਵਾਰੀ ਹੈ ਕਿ ਉਹ ਪੰਜਾਬ ਲਈ, ਪੰਜਾਬ ਦੇ ਲੋਕਾਂ ਲਈ ਸਭ ਕੁਝ ਕਰੇ, ਜਿਨ੍ਹਾਂ ਦੇ ਯੋਗਦਾਨ ਬਿਨਾਂ 'ਭਾਰਤੀ ਗਣਰਾਜ' ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਸੀ, ਕਿਉਂਕਿ ਪੰਜਾਬ ਸਰਹੱਦਾਂ ਦਾ ਪਹਿਰੇਦਾਰ ਹੈ। ਪੰਜਾਬ ਦੇਸ਼ ਦਾ ਅੰਨਦਾਤਾ ਹੈ। ਕੀ ਦੇਸ਼ ਪੰਜਾਬ ਪ੍ਰਤੀ ਅੱਖਾਂ ਮੀਟ ਸਕਦਾ ਹੈ? ਦੇਸ਼ ਦੇ ਹਾਕਮਾਂ ਅਤੇ ਸਿਆਸਤਦਾਨਾਂ ਨੂੰ ਸਮਝਣ ਦੀ ਲੋੜ ਹੈ ਕਿ ਇੱਕ ਰਾਸ਼ਟਰ ਜੋ ਆਪਣੇ ਇਤਿਹਾਸ ਤੋਂ ਨਹੀਂ ਸਿੱਖਦਾ, ਉਸਨੂੰ ਕੀਮਤ ਚੁਕਾਉਣੀ ਪੈਂਦੀ ਹੈ। ਪੰਜਾਬ ਜੇ ਦਿੱਲੀ ਤੋਂ ਦੂਰ ਹੁੰਦਾ ਰਿਹਾ, ਤਾਂ ਆਖ਼ਿਰ ਇਸਦਾ ਕੀ ਸਿੱਟਾ ਨਿਕਲੇਗਾ। ਮਿਜ਼ੋਰਮ ਉਦਾਹਰਣ ਹੈ।

# ਪੰਜਾਬ ਨੂੰ ਤਰੱਕੀ ਦੀਆਂ ਲੀਹਾਂ 'ਤੇ ਲਿਜਾਣ ਵਾਲਾ ਮੁੱਖ ਮੰਤਰੀ ਸ. ਪਰਤਾਪ ਸਿੰਘ ਕੈਰੋਂ

## ਜਨਮ ਦਿਨ 'ਤੇ ਵਿਸ਼ੇਸ਼ ਲੇਖ

ਸੁਖਵਿੰਦਰ ਸਿੰਘ ਮੁੱਲਾਂਪੁਰ
ਵ.ਅੱਪ : +91-99141-84794
ਪੰਜਾਬ ਮੇਲ USA





ਭਾਰਤ ਨੂੰ ਆਜ਼ਾਦੀ ਮਿਲਣ ਤੋਂ ਬਾਅਦ ਇਸ ਨੂੰ ਤਰੱਕੀ 'ਤੇ ਲਿਜਾਣ ਲਈ ਚੰਗੇ ਸੂਝਵਾਨ ਲੀਡਰਾਂ ਦੀ ਲੋੜ ਸੀ, ਤਾਂ ਅਣਵੰਡੇ ਪੰਜਾਬ ਜਿਸ ਵਿਚ ਪੰਜਾਬ ਦਾ ਸਾਰਾ ਇਲਾਕਾ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦਾ ਕੁਝ ਇਲਾਕਾ ਸੀ, ਨੂੰ ਤਰੱਕੀ ਲਈ ਜੱਦੋ-ਜਹਿਦ ਕਰਕੇ ਵਿਕਾਸ ਕਰਵਾਉਣ ਵਾਲਾ ਇੱਕੋ ਇੱਕ ਮੁਖ ਮੰਤਰੀ ਸੀ ਸ. ਪਰਤਾਪ ਸਿੰਘ ਕੈਰੋ!

ਸ. ਪਰਤਾਪ ਸਿੰਘ ਕੈਰੋਂ ਦਾ ਜਨਮ 1 ਅਕਤੂਬਰ 1901 ਨੂੰ ਸ. ਨਿਹਾਲ ਸਿੰਘ ਦੇ ਘਰ ਪਿੰਡ ਕੈਰੋਂ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਆਪ ਦੇ ਪਿਤਾ ਨਿਹਾਲ ਸਿੰਘ ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਸਨ।

ਇਸ ਨੇ ਮੁੱਢਲੀ ਵਿੱਦਿਆ ਕੋਲੋਨਲ ਬ੍ਰਾਊਨ ਕੈਂਬ੍ਰਿਜ ਸਕੂਲ ਦੇਹਰਾਦਨ ਤੋਂ ਪਾਸ ਕੀਤੀ। ਫਿਰ ਖ਼ਾਲਸਾ ਕਾਲਜ ਤੋਂ ਬੀ.ਏ. ਕਰਕੇ ਉਚੇਰੀ ਪੜ੍ਹਾਈ ਲਈ ਅਮਰੀਕਾ ਚਲੇ ਗਏ। ਜਿੱਥੇ ਉਨ੍ਹਾਂ ਯੂਨੀਵਰਸਿਟੀ ਕੈਲੀਫ਼ੋਰਨੀਆ ਐਟ ਬਰਕਲੇ ਤੋਂ ਐੱਮ.ਏ. (ਇਕਨਾਮਿਕਸ) ਅਤੇ ਯੂਨੀਵਰਸਿਟੀ ਆਫ਼ ਮਿਸ਼ੀਗਨ ਤੋਂ ਐੱਮ.ਏ. (ਪੋਲੀਟੀਕਲ ਸਾਇੰਸ ਦੀ ਡਿਗਰੀ) ਪ੍ਰਾਪਤ ਕਰਕੇ 1929 ਵਿਚ ਵਾਪਸ ਮੁੜ ਆਏ। ਇੱਥੇ ਆਕੇ ਉਹ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ। 1930 ਵਿਚ ਅਕਾਲੀ ਦਲ ਤੋਂ ਅਸਤੀਫ਼ਾ ਦੇ ਕੇ ਕਾਂਗਰਸ ਵਿਚ ਚਲੇ ਗਏ।

ਇਨ੍ਹਾਂ ਦਾ ਵਿਆਹ ਬੀਬੀ ਰਾਮ ਕੌਰ ਨਾਲ ਹੋਇਆ।

ਇਨ੍ਹਾਂ ਘਰ ਤਿੰਨ ਬੱਚਿਆਂ ਸੁਰਿੰਦਰ ਸਿੰਘ ਕੈਰੋਂ, ਗੁਰਿੰਦਰ ਸਿੰਘ ਕੈਰੋਂ ਅਤੇ ਧੀ ਸਰਬਰਿੰਦਰ ਕੌਰ ਕੈਰੋਂ ਨੇ ਜਨਮ ਲਿਆ।

13 ਅਪ੍ਰੈਲ 1932 ਵਿਚ ਉਨ੍ਹਾਂ ਨੇ ਅੰਮ੍ਰਿਤਸਰ ਵਿਚ ਇੱਕ ਅੰਗਰੇਜ਼ੀ ਹਫ਼ਤਾਵਰੀ ਅਖ਼ਬਾਰ ਦ ਨਿਊ ਏਰਾ ਸ਼ੁਰੂ ਕੀਤਾ। ਪਰਤਾਪ ਸਿੰਘ ਕੈਰੋਂ ਰਾਜਨੀਤੀ ਵਿਚ ਸਰਗਰਮ ਹੋਣ ਕਰਕੇ ਉਨ੍ਹਾਂ ਨੂੰ ਅਖ਼ਬਾਰ ਬੰਦ ਕਰਨਾ ਪਿਆ। 1932 ਵਿਚ ਜਦ ਸਿਵਲ ਨਾ ਫੁਰਮਾਨੀ ਲਹਿਰ ਸ਼ੁਰੂ ਹੋਈ, ਤਾਂ ਆਪ ਨੇ ਮੋਹਰੀ ਹੋ ਕੇ ਇਸ ਵਿਚ ਹਿੱਸਾ ਲੈ ਲਿਆ, ਜਿਸ ਦੇ ਸਿੱਟੇ ਵਜੋਂ ਆਪ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਪੰਜ ਸਾਲ ਦੀ ਸਜ਼ਾ ਹੋਈ।

1937 ਵਿਚ ਫਿਰ ਅਕਾਲੀ ਦਲ ਵਿਚ ਸ਼ਾਮਲ ਹੋ ਗਏ। 1941 ਵਿਚ ਫਿਰ ਕਾਂਗਰਸੀ ਬਣ ਗਏ। 1942 ਵਿਚ ਭਾਰਤ ਛੱਡੋ ਅੰਦੋਲਨ ਵਿਚ ਫਿਰ ਪੰਜ ਸਾਲ ਦੀ ਸਜ਼ਾ ਹੋਈ।

1946 ਵਿਚ ਆਪ ਸੰਵਿਧਾਨਕ ਅਸੈਂਬਲੀ ਪੱਟੀ ਹਲਕੇ ਤੋਂ ਚੁਣੇ ਗਏ। 1947 ਤੋਂ 49 ਤੱਕ ਪੰਜਾਬ ਦੇ ਵਿਕਾਸ ਅਤੇ ਮੁੜ ਵਸੇਬਾ ਮੰਤਰੀ ਰਹੇ। ਪੱਛਮੀ ਪੰਜਾਬ ਤੋਂ ਆਏ ਤੀਹ ਲੱਖ ਲੋਕਾਂ ਨੂੰ ਮੁੜ ਵਸਾਇਆ ਅਤੇ ਉਨ੍ਹਾਂ ਨੂੰ ਜ਼ਮੀਨਾਂ ਅਤੇ ਘਰ ਅਲਾਟ ਕੀਤੇ। ਆਪ 1952 ਤੋਂ 57 ਅਤੇ 1957 ਤੋਂ 62 ਤੱਕ ਸਰਹਾਲੀ ਹਲਕੇ ਤੋਂ ਐੱਮ.ਐੱਲ.ਏ. ਰਹੇ। 1962 ਵਿਚ ਫਿਰ ਸਰਹਾਲੀ ਹਲਕੇ ਤੋਂ ਐੱਮ.ਐੱਲ.ਏ. ਚੁਣੇ ਗਏ।

13 ਅਪ੍ਰੈਲ 1932 ਵਿਚ ਉਨ੍ਹਾਂ ਨੇ ਅੰਮ੍ਰਿਤਸਰ ਵਿਚ ਇੱਕ ਅੰਗਰੇਜ਼ੀ ਹਫ਼ਤਾਵਰੀ ਅਖ਼ਬਾਰ ਦ ਨਿਊ ਏਰਾ ਸ਼ੁਰੂ ਕੀਤਾ। ਪਰਤਾਪ ਸਿੰਘ ਕੈਰੋਂ ਰਾਜਨੀਤੀ ਵਿਚ ਸਰਗਰਮ ਹੋਣ ਕਰਕੇ ਉਨ੍ਹਾਂ ਨੂੰ ਅਖ਼ਬਾਰ ਬੰਦ ਕਰਨਾ ਪਿਆ। 1932 ਵਿਚ ਜਦ ਸਿਵਲ ਨਾ ਫੁਰਮਾਨੀ ਲਹਿਰ ਸ਼ੁਰੂ ਹੋਈ, ਤਾਂ ਆਪ ਨੇ ਮੋਹਰੀ ਹੋ ਕੇ ਇਸ ਵਿਚ ਹਿੱਸਾ ਲੈ ਲਿਆ, ਜਿਸ ਦੇ ਸਿੱਟੇ ਵਜੋਂ ਆਪ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਪੰਜ ਸਾਲ ਦੀ ਸਜ਼ਾ ਹੋਈ।

ਸ. ਪਰਤਾਪ ਸਿੰਘ ਕੈਰੋਂ 23 ਜਨਵਰੀ 1956 ਤੋਂ 21 ਜੂਨ 1964 ਤੱਕ ਲਗਾਤਾਰ ਅੱਠ ਸਾਲ ਤੋਂ ਵੱਧ ਸਮਾਂ ਪੰਜਾਬੀ ਸੂਬਾ ਬਣਨ ਤੋਂ ਪਹਿਲਾਂ ਜਦੋਂ ਪੰਜਾਬ ਵਿਚ ਹਰਿਆਣਾ ਅਤੇ ਕੁਝ ਇਲਾਕਾ ਹਿਮਾਚਲ ਦਾ ਪੰਜਾਬ ਵਿਚ ਸੀ, ਉਸ ਟਾਇਮ ਪੰਜਾਬ ਦੇ ਮੁੱਖ ਮੰਤਰੀ ਰਹੇ।

ਇਨ੍ਹਾਂ ਮੁੱਖ ਮੰਤਰੀ ਹੁੰਦਿਆਂ ਪੰਜਾਬ ਦਾ ਬਹੁਤ ਵਿਕਾਸ ਕਰਵਾਇਆ। ਪੰਜਾਬ ਦੀ ਹਰ ਵੱਡੀ ਸੰਸਥਾ ਬਣਾਉਣ ਦਾ ਸਿਹਰਾ ਪਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਦੇ ਹਿੱਸੇ ਆਉਂਦਾ ਹੈ, ਜਿਵੇਂ ਚੰਡੀਗੜ੍ਹ ਸ਼ਹਿਰ, ਭਾਖੜਾ ਡੈਮ (ਨੰਗਲ), ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਕੁਰੂਕਸ਼ੇਤਰ ਯੂਨੀਵਰਸਿਟੀ (ਕੁਰੂਕਸ਼ੇਤਰ), ਪੀ.ਜੀ.ਆਈ. ਚੰਡੀਗੜ੍ਹ., ਵੇਰਕਾ ਮਿਲਕ ਪਲਾਂਟ ਵੇਰਕਾ, ਮੈਡੀਕਲ ਕਾਲਜ ਰੋਹਤਕ ਆਦਿ ਬਹੁਤ ਸਾਰੀਆਂ ਸੰਸਥਾਵਾਂ ਦਾ ਨਿਰਮਾਣ ਕੀਤਾ।

ਮੁੱਖ ਮੰਤਰੀ ਕੈਰੋਂ ਨੇ ਪੰਜਾਬ ਵਿਚ ਜ਼ਮੀਨਾਂ ਦੀ ਮੁਰੱਬੇਬੰਦੀ ਕਰਵਾ ਕੇ ਹਰ ਕਿਸਾਨ ਦੀ ਜ਼ਮੀਨ ਇੱਕ ਥਾਂ ਇਕੱਠੀ ਕੀਤੀ। ਆਪਦੇ ਉੱਪਰ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ, ਜਿਸ ਕਰਕੇ ਪੜਤਾਲੀਆ ਕਮਿਸ਼ਨ ਬਣਾਇਆ ਗਿਆ। ਪੜਤਾਲੀਆ ਕਮਿਸ਼ਨ ਕੋਈ ਦੋਸ਼ ਸਾਬਤ ਨਾ ਕਰ ਸਕਿਆ। ਆਖ਼ਰ ਦਾਸ ਕਮਿਸ਼ਨ ਬੈਠਾ ਉਹ ਇਹ ਸਾਬਤ ਕਰ ਸਕਿਆ ਕਿ ਮੁੱਖ ਮੰਤਰੀ ਕੈਰੋਂ ਸ਼ੂਗਰ ਦਾ ਮਰੀਜ਼ ਹੋਣ ਕਰਕੇ 1956 ਦੀਆਂ ਚੋਣਾਂ ਦੌਰਾਨ ਦੌਰਿਆਂ ਸਮੇਂ ਅਸਿਸਟੈਂਟ ਸਰਜਨ ਡਾ. ਢਿੱਲੋਂ ਨੂੰ ਆਪਣੇ ਨਾਲ ਰੱਖਦਾ ਸੀ। ਡਾ. ਢਿੱਲੋਂ ਨੇ ਆਪਣੇ ਦਫ਼ਤਰੋਂ ਛੁੱਟੀ ਨਹੀਂ ਲਈ ਸੀ।

ਮੁੱਖ ਮੰਤਰੀ ਕੈਰੋਂ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦਾ ਬਹੁਤ ਨਜ਼ਦੀਕੀ ਬੰਦਾ ਸੀ। ਪੰਡਤ ਨਹਿਰੂ ਦੀ 27 ਮਈ 1964 ਨੂੰ ਮੌਤ ਹੋ ਗਈ। ਆਪਣੀ ਜ਼ਿੰਮੇਵਾਰੀ ਸਮਝਦਿਆਂ ਕੈਰੋਂ ਨੇ 21 ਜੂਨ 1964 ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਮੁੱਖ ਮੰਤਰੀ ਕੈਰੋਂ ਦੇ ਨਾਓਂ ਦੀ 2005 ਵਿਚ ਡਾਕ ਟਿਕਟ ਜਾਰੀ ਕੀਤੀ ਗਈ।

6 ਫ਼ਰਵਰੀ 1965 ਨੂੰ ਪੰਡਤ ਨਹਿਰੂ ਦੀ ਮੌਤ ਤੋਂ ਬਾਅਦ ਦੇਸ਼ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੂੰ ਮਿਲ ਕੇ ਜਦ ਪਰਤਾਪ ਸਿੰਘ ਕੈਰੋਂ ਵਾਪਸ ਦਿੱਲੀ ਤੋਂ ਚੰਡੀਗੜ੍ਹ ਨੂੰ ਆ ਰਹੇ ਸਨ, ਤਾਂ ਜੀ ਟੀ ਰੋਡ ਤੇ ਸੋਨੀਪਤ ਜਿਲ੍ਹੇ ਦੇ ਪਿੰਡ ਰਸੋਈ ਨੇੜੇ ਉਸ ਦੀ ਉਡੀਕ ਕਰ ਰਹੇ ਚਾਰ ਕਾਤਲਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਚਾਰੇ ਕਾਤਲ ਫੜੇ ਗਏ ਤਿੰਨ ਕਾਤਲਾਂ ਨੂੰ ਫਾਂਸੀ ਲਾ ਦਿੱਤਾ ਗਿਆ ਅਤੇ ਚੌਥੇ ਕਾਤਲ ਦਯਾ ਸਿੰਘ ਨੂੰ ਬਰੀ ਕਰ ਦਿੱਤਾ ਗਿਆ। ਪੰਜਾਬ ਨੂੰ ਮੁੜ ਅਜਿਹਾ ਤਰੱਕੀ ਦੇ ਰਾਹ ਲਿਜਾਣ ਵਾਲਾ ਪੜ੍ਹਿਆ-ਲਿਖਿਆ ਸੂਝਵਾਨ ਮੁੱਖ ਮੰਤਰੀ ਨਹੀਂ ਮਿਲਿਆ। ਹਜੇ ਵੀ ਪਰਤਾਪ ਸਿੰਘ ਕੈਰੋਂ ਦਾ ਨਾਮ ਰਾਜਨੀਤਿਕ ਤੌਰ 'ਤੇ ਬੜੇ ਪਿਆਰ ਨਾਲ ਲਿਆ ਜਾਂਦਾ ਹੈ।

# ਮਿਸਟਰ ਉਧਾਰਖੋਰ

## ਕੰਡੇ ਦਾ ਕੰਡਾ : ਡਾ. ਅਮਰੀਕ ਸਿੰਘ ਕੰਡਾ

-ਡਾ ਅਮਰੀਕ ਸਿੰਘ ਕੰਡਾ
1764, ਗੁਰੂ ਰਾਮ ਦਾਸ ਨਗਰ
ਨੇੜੇ ਨੈਸ਼ਲੇ ਮੋਗਾ
98557-35666
(Punjab Mail USA)



ਜਦੋਂ ਦੁਨੀਆਂ ਬਣੀ ਤਾਂ ਸਮਾਜ ਬਣਿਆ। ਤੇ ਫਿਰ ਜਨਮ ਹੋਇਆ ਮਿਸਟਰ ਉਧਾਰਖੋਰ ਦਾ। ਉਹ ਕੋਈ ਕੰਮ ਨਾ ਕਰਦਾ। ਪਰ ਮਿਸਟਰ ਉਧਾਰਖੋਰ ਨੂੰ ਦੂਸਰਿਆਂ ਦੇ ਬਰਾਬਰ ਐਸ਼ ਕਰਨ ਦੀ ਲਾਲਸਾ ਸੀ। ਮਿਸਟਰ ਉਧਾਰਖੋਰ ਨੂੰ ਹੌਲੀ-ਹੌਲੀ ਉਧਾਰ ਲੈਣ ਦੀ ਆਦਤ ਪੈ ਗਈ। ਸਮਾਜ 'ਚ ਇਕ ਅਜਿਹਾ ਵਰਗ ਵੀ ਸੀ, ਜਿਹੜਾ ਮਿਸਟਰ ਉਧਾਰਖੋਰ ਨੂੰ ਪ੍ਰਸ਼ੰਸ਼ਾ ਦੀਆਂ ਨਜ਼ਰਾਂ ਨਾਲ ਵੇਖਦਾ ਸੀ ਤੇ ਉਸ ਨੂੰ ਖੁਸ਼ੀ-ਖੁਸ਼ੀ ਉਧਾਰ ਦਿੰਦਾ ਸੀ। ਗੱਲ ਕੀ ਜੀ ਸਮਾਜ ਦੋ ਭਾਗਾਂ 'ਚ ਹੋ ਗਿਆ, ਇਕ ਉਧਾਰਖੋਰ ਤੇ ਇਕ ਸੂਦਖੋਰ ਯਾਨੀ ਕਿ ਸਮਾਜਸ਼ਾਸਤਰੀ ਤੇ ਅਰਥਸ਼ਾਸ਼ਤਰੀ।

ਮਿਸਟਰ ਉਧਾਰਖੋਰ ਨੂੰ ਕੇਵਲ ਆਪਣੀ ਇੱਛਾ ਪੂਰੀ ਕਰਨੀ ਹੁੰਦੀ ਹੈ। ਇੱਛਾ ਪੂਰੀ ਹੋਈ ਨਹੀਂ ਕਿ ਉਧਾਰ ਵਾਪਸ ਕਰਨ ਦੀ ਇੱਛਾ ਖਤਮ। ਜਿਸਦੀ ਹਿੰਮਤ ਹੈ, ਤਾਂ ਉਹ ਆਪਣੀ ਤਾਕਤ ਨਾਲ ਉਧਾਰ ਦਿੱਤਾ ਵਸੂਲ ਕਰ ਲਵੇ। ਹਾਂ ਸਾਵਧਾਨ! ਮਿਸਟਰ ਉਧਾਰਖੋਰ ਖੁਦਕੁਸ਼ੀ ਵੀ ਕਰ ਸਕਦਾ ਹੈ। ਸਾਡੇ ਦੇਸ 'ਚ ਇਹ ਪ੍ਰੰਪਰਾ ਹੈ ਕਿ ਉਸ ਰਾਜੇ ਦਾ ਕਲੰਡਰ ਚਲਾਇਆ ਜਾਂਦਾ ਹੈ, ਜਿਸ ਰਾਜੇ ਦੀ ਪਰਜਾ 'ਚ ਕੋਈ ਵੀ ਰਿਣੀ ਜਾਂ ਕਰਜ਼ਾਈ ਨਾ ਹੋਵੇ। ਹੁਣ ਸਰਕਾਰਾਂ ਕਰਜ਼ ਦੇਣ ਲਈ ਨਵੀਆਂ-ਨਵੀਆਂ ਸਕੀਮਾਂ ਚਲਾ ਰਹੀਆਂ ਨੇ, ਵਿਗਿਆਪਨ ਕਰ ਰਹੀਆਂ ਨੇ ਤੇ ਅੱਗੇ ਜਾ ਕੇ ਇਨ੍ਹਾਂ ਦੀਆਂ ਖੁਦਕੁਸ਼ੀਆਂ ਦਾ ਕਲੰਡਰ ਮੀਡੀਏ ਨੇ ਛਾਪ ਦੇਣਾ ਹੈ ਜਾਂ ਚੈਨਲਾਂ 'ਤੇ ਵਿਖਾ ਦੇਣਾ ਹੈ। ਮਿਸਟਰ ਉਧਾਰ ਦੀ ਇਕ ਸਮੱਸਿਆ ਦਾ ਇਕ ਨਜ਼ਰੀਆ ਹੋਰ ਵੀ ਹੈ, ਮਿਸਟਰ ਉਧਾਰਖੋਰ ਜੀ ਪੈਦਾ ਹੋ ਗਏ, ਮਨ ਪੈਦਾ ਹੋ ਗਿਆ ਹੈ ਤੇ ਇੱਛਾਵਾਂ ਪੈਦਾ ਹੋਣ ਲੱਗੀਆਂ। ਕਸਮ ਨਾਲ ਮਿਸਟਰ ਉਧਾਰਖੋਰ ਦੇ ਪੈਦਾ ਹੋਣ ਜਾਂ ਨਾ ਹੋਣ ਦੀ ਕੋਈ ਵੀ ਰੂਚੀ ਨਹੀਂ ਸੀ। ਇਹ ਤਾਂ ਬ੍ਰਹਮੰਡੀ ਸਰਕਾਰ ਨੇ ਮਨ ਤੇ ਇੱਛਾਵਾਂ ਦਾ ਉਧਾਰ ਜ਼ਬਰਦਸਤੀ ਦੇ ਕੇ ਇੱਥੇ ਭੇਜਿਆ ਤੇ ਕਿਹਾ




"ਹੇ ਮਾਨਵ ਧਰਤੀ 'ਤੇ ਜਾਉ ਤੇ ਇਹ ਮਨ ਨਾਲ ਲੈਂਦੇ ਜਾਉ, ਬਾਕੀ ਗੱਲਾਂ ਬਾਅਦ 'ਚ, ਸਾਨੂੰ ਸੁੱਖ-ਦੁਖ ਦਾ ਵਿਆਜ਼ ਦਿੰਦੇ ਰਹਿਣਾ।" ਹੁਣ ਮਿਸਟਰ ਉਧਾਰਖੋਰ ਮਨ-ਇੱਛਾਵਾਂ 'ਚ ਫਸਿਆ ਪੂਰਾ ਪਰੇਸ਼ਾਨ ਤੇ ਉਹ ਉਠਿਆ ਫਿਰ ਆਪਣਾ ਮੱਥਾ ਬ੍ਰਹਮੰਡੀ ਸਰਕਾਰ ਦੇ ਚਰਨਾਂ 'ਚ ਰੱਖ ਕੇ ਬੋਲਿਆ,

"ਸਰ ਜੀ ਆਹ ਲਉ ਆਪਣਾ ਮਨ ਤੇ ਇਹ ਆਪਣੀ ਇੱਛਾਵਾਂ ਮੈਨੂੰ ਉਧਾਰਖੋਰੀ ਦੀ ਜ਼ਿੰਦਗੀ ਪਸੰਦ ਨਹੀਂ, ਬੱਸ ਇੰਨਾ ਧਿਆਨ ਰਖਿਉ ਜਦੋਂ ਤੱਕ ਮੈਂ ਜਿਉਂਦਾ ਹਾਂ, ਮੇਰੀ ਜ਼ਿੰਦਗੀ ਦੀ ਬੈਲੇਂਸਸ਼ੀਟ ਮਾਈਨਸ ਨਾ ਹੋਵੇ।" ਏਨਾ ਕਹਿ ਕੇ ਉਹ ਤੁਰ ਪਿਆ, ਤਾਂ ਪਿੱਛੋਂ ਆਵਾਜ ਪਈ "ਹੈਲੋ ਜੀ, ਆਹ ਨਵੀਂ ਸਕੀਮ ਆਈ ਹੈ ਮਾਈਨਰ ਜਿਹਾ ਵਿਆਜ।"

"ਨਹੀਂ ਮੈਂ ਨਹੀਂ ਲੈਣਾ ਕੁੱਛ ਵੀ, ਮੈਨੂੰ ਛੱਡੋ।" ਤੇ ਮਿਸਟਰ ਉਧਾਰਖੋਰ ਬੈੱਡ ਤੋਂ ਥੱਲੇ ਡਿੱਗ ਪਿਆ, ਇਹ ਨਵੀਂ ਸਕੀਮ ਦੀ ਆਵਾਜ਼ ਮਿਸਟਰ ਉਧਾਰਖੋਰ ਦੀ ਪਤਨੀ ਦੀ ਸੀ, ਜਿਹੜੀ ਹੱਥ 'ਚ ਕਿਸੇ ਨਵੇਂ ਖੁੱਲ੍ਹੇ ਮਾਲ ਦੀ ਵਿਗਿਆਪਨ ਪੜ੍ਹ ਕੇ ਸੁਣਾ ਰਹੀ ਸੀ, ਕਿਹੜੀ ਚੀਜ ਨਾਲ ਕਿਹੜੀ ਚੀਜ਼ ਫਰੀ ਹੈ। ਮਿਸਟਰ ਉਧਾਰਖੋਰ ਪਰੇਸ਼ਾਨ ਹੈ।

# ਭਾਈ ਗੁਰਦਾਸ ਜੀ - ਜੀਵਨ ਅਤੇ ਰਚਨਾ


ਜਸਵਿੰਦਰ ਸਿੰਘ 'ਰੁਪਾਲ'
98147-15796
ਪੰਜਾਬ ਮੇਲUSA




ਸਿੱਖੀ ਸਿਧਾਂਤਾਂ ਅਤੇ ਗੁਰਬਾਣੀ ਦੇ ਵਿਆਖਿਆਕਾਰ ਵਜੋਂ ਜਾਣੇ ਜਾਂਦੇ ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਸਿੱਖ ਕੌਮ ਅੰਦਰ ਵਿਸ਼ੇਸ਼ ਸਥਾਨ ਅਤੇ ਸਤਿਕਾਰ ਹੈ। ਕਿਹਾ ਜਾਂਦਾ ਹੈ ਕਿ ਜਿਸ ਨੇ ਭਾਈ ਗੁਰਦਾਸ ਜੀ ਨੂੰ ਨਹੀਂ ਪੜ੍ਹਿਆ, ਉਸ ਨੂੰ ਗੁਰਬਾਣੀ ਦੀ ਪੂਰਨ ਸਮਝ ਨਹੀਂ ਆ ਸਕਦੀ। ਉਨ੍ਹਾਂ ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖੇਪ ਵਿਚ ਜਾਨਣ ਦੀ ਕੋਸ਼ਿਸ਼ ਕਰਦੇ ਹਾਂ।

ਭਾਈ ਗੁਰਦਾਸ ਜੀ ਦਾ ਜਨਮ 1551 ਈਸਵੀ ਨੂੰ ਪਿਤਾ ਸ਼੍ਰੀ ਈਸ਼ਰ ਦਾਸ ਜੀ ਦੇ ਘਰ, ਮਾਤਾ ਜੀਵਨੀ ਦੀ ਕੁੱਖੋਂ ਪਿੰਡ ਗਿਲਵਾਲੀ ਵਿਖੇ ਹੋਇਆ। ਆਪ ਜੀ ਦੇ ਪਿਤਾ ਜੀ ਗੁਰੂ ਅਮਰਦਾਸ ਜੀ ਦੇ ਚਚੇਰੇ ਭਰਾ ਸਨ। ਭਾਈ ਗੁਰਦਾਸ ਜੀ ਆਪਣੇ ਮਾਪਿਆਂ ਦੀ ਇਕਲੌਤੀ ਸੰਤਾਨ ਸਨ। ਛੋਟੀ ਉਮਰ ਵਿਚ ਹੀ ਪਹਿਲਾਂ ਪਿਤਾ ਅਤੇ ਫੇਰ ਮਾਤਾ ਜੀ ਚੜ੍ਹਾਈ ਕਰ ਗਏ। ਭੱਲਾ ਪਰਿਵਾਰ ਦੇ ਨਾਲ ਗੁਰੂ ਅਮਰਦਾਸ ਜੀ ਦੇ ਵਸਾਏ ਨਗਰ ਗੋਇੰਦਵਾਲ ਸਾਹਿਬ ਵਿਚ ਆ ਵੱਸੇ ਅਤੇ ਗੁਰੂ ਦਰਬਾਰ ਨਾਲ ਜੁੜ ਗਏ। ਕਿਸੇ ਵੀ ਇਤਿਹਾਸਕ ਸਰੋਤ ਵਿਚ ਭਾਈ ਸਾਹਿਬ ਦੀ ਪਤਨੀ ਜਾਂ ਬੱਚਿਆਂ ਦਾ ਜ਼ਿਕਰ ਨਾ ਮਿਲਣ 'ਤੇ ਇਹੀ ਕਹਿ ਸਕਦੇ ਹਾਂ ਕਿ ਉਨ੍ਹਾਂ ਨੇ ਸਾਰੀ ਉਮਰ ਵਿਆਹ ਨਹੀਂ ਕਰਵਾਇਆ।

1579 ਈਸਵੀ ਵਿਚ ਗੁਰੂ ਰਾਮਦਾਸ ਜੀ ਨੇ ਆਪ ਜੀ ਨੂੰ ਸਿੱਖੀ ਵਿਚ ਪ੍ਰਵੇਸ਼ ਕਰਵਾਇਆ ਅਤੇ ਆਪ ਬਾਣੀ ਨਾਲ ਅਤੇ ਸਿੱਖੀ ਸਿਧਾਂਤਾਂ ਨਾਲ ਆਪਣੇ ਪਿਆਰ ਸਦਕਾ ਗੁਰੂ ਸਾਹਿਬ ਦੇ ਨਜ਼ਦੀਕ ਹੁੰਦੇ ਗਏ। ਆਪ ਜੀ ਨੇ ਆਪਣੀ ਸਾਰੀ ਉਮਰ ਹੀ ਗੁਰੂ ਦਰਬਾਰ ਦੀ ਸੇਵਾ ਕਰਦਿਆਂ ਅਤੇ ਸਿੱਖੀ ਦਾ ਪ੍ਰਚਾਰ ਕਰਦਿਆਂ ਬਿਤਾਈ। ਆਪ ਜੀ ਨੂੰ ਸੰਸਕ੍ਰਿਤ, ਫ਼ਾਰਸੀ, ਪੰਜਾਬੀ ਅਤੇ ਬ੍ਰਜ ਭਾਸ਼ਾਵਾਂ ਦਾ ਗਿਆਨ ਸੀ। ਆਪ ਨੇ ਪੁਰਾਤਨ ਗ੍ਰੰਥਾਂ ਅਤੇ ਹੋਰ ਧਰਮਾਂ ਦਾ ਅਧਿਐਨ ਵੀ ਕੀਤਾ ਹੋਇਆ ਸੀ। ਆਪ ਜੀ ਵੱਖ-ਵੱਖ ਸੰਤਾਂ, ਫਕੀਰਾਂ, ਜੋਗੀਆਂ ਆਦਿ ਦੀਆਂ ਗੁਰੂ ਸਾਹਿਬਾਨ ਨਾਲ ਮੁਲਾਕਾਤਾਂ ਸਮੇਂ ਕੋਲ ਹੁੰਦੇ ਸਨ, ਜਿਸ ਕਾਰਨ ਉਨ੍ਹਾਂ ਦਾ ਧਾਰਮਿਕ ਗਿਆਨ ਹੋਰ ਵਿਸ਼ਾਲ ਹੁੰਦਾ ਗਿਆ। ਗੁਰੂ ਰਾਮਦਾਸ ਜੀ ਦੇ ਭੇਜਣ 'ਤੇ ਆਪ ਆਗਰਾ, ਬਨਾਰਸ, ਲਖਨਊ, ਬੁਰਹਾਨਪੁਰ ਆਦਿ ਥਾਵਾਂ 'ਤੇ ਗੁਰਮਤਿ ਪ੍ਰਚਾਰ ਲਈ ਵੀ ਗਏ। 1581 ਈਸਵੀ ਵਿਚ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਆਪ ਅੰਮ੍ਰਿਤਸਰ ਵਿਖੇ ਗੁਰੂ ਅਰਜਨ ਸਾਹਿਬ ਜੀ ਕੋਲ ਆ ਗਏ ਅਤੇ ਬਾਬਾ ਬੁੱਢਾ ਜੀ ਨਾਲ ਮਿਲ ਕੇ ਸਾਰੇ ਪ੍ਰਬੰਧਾਂ ਨੂੰ ਦੇਖਣ ਲੱਗੇ। ਹਰਿਮੰਦਰ ਸਾਹਿਬ ਦੀ ਉਸਾਰੀ ਸਮੇਂ ਆਪ ਜੀ ਨੇ ਅੱਗੇ ਹੋ ਕੇ ਸੇਵਾ ਕੀਤੀ। ਪ੍ਰਿਥੀ ਚੰਦ ਦੇ ਪਾਏ ਹੋਏ ਬਖੇੜੇ ਸਮੇਂ ਵੀ ਸੰਗਤਾਂ ਨੂੰ ਸੇਧ ਦੇਣ, ਸੱਚਾਈ ਸਮਝਾਉਣ ਅਤੇ ਸਿੱਖੀ ਦੇ ਮੂਲ ਰਸਤੇ ਤੋਂ ਨਾ ਡੋਲਣ ਦੇਣ ਵਿਚ ਆਪ ਜੀ ਦਾ ਵੱਡਾ ਯੋਗਦਾਨ ਰਿਹਾ। 1596-97 ਵਿਚ ਜਦੋਂ ਅਕਬਰ ਕਰਤਾਰਪੁਰ ਆਇਆ ਸੀ, ਤਾਂ ਉਸਨੂੰ ਪ੍ਰਿਥੀ ਚੰਦ ਹੋਰਾਂ ਨੇ ਗੁਰਬਾਣੀ ਵਿਚ ਮੁਸਲਮਾਨਾਂ ਦੇ ਵਿਰੁੱਧ ਲਿਖੇ ਹੋਣ ਬਾਰੇ ਭੜਕਾਇਆ ਗਿਆ ਸੀ। ਭਾਈ ਗੁਰਦਾਸ ਜੀ ਦੀ ਡਿਊਟੀ ਲੱਗੀ ਸੀ, ਅਕਬਰ ਨੂੰ ਬਾਣੀ ਸੁਣਾਉਣ ਅਤੇ ਸਮਝਾਉਣ ਦੀ। ਭਾਈ ਸਾਹਿਬ ਨੇ ਬੇਤਰਤੀਬੀ ਵਿਚ ਕਿਤੋਂ ਵੀ ਸ਼ਬਦ ਲੈ ਕੇ ਜਦੋਂ ਉਸਦੇ ਅਰਥ ਅਕਬਰ ਨੂੰ ਸਮਝਾਏ, ਤਾਂ ਬਾਦਸ਼ਾਹ ਬਹੁਤ ਪ੍ਰਭਾਵਿਤ ਹੋਇਆ ਸੀ ਅਤੇ ਉਸਦੇ ਸਾਰੇ ਭੁਲੇਖੇ ਦੂਰ ਹੋ ਗਏ ਸਨ।

ਜਦੋਂ ਗੁਰੂ ਅਰਜਨ ਸਾਹਿਬ ਨੇ ਬਾਣੀ ਨੂੰ ਮਿਲਾਵਟ ਤੋਂ ਬਚਾਉਣ ਲਈ ਗ੍ਰੰਥ ਰੂਪ ਵਿਚ ਸੰਕਲਨ ਕਰਨਾ ਸ਼ੁਰੂ ਕੀਤਾ ਅਤੇ ਪਹਿਲੇ ਸਾਰੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਭਗਤਾਂ ਦੀ ਬਾਣੀ ਨੂੰ ਰਾਗਾਂ ਅਨੁਸਾਰ ਨਵੀਂ ਤਰਤੀਬ ਦਿੱਤੀ, ਤਾਂ ਭਾਈ ਗੁਰਦਾਸ ਜੀ ਨੂੰ ਆਪਣਾ ਸਹਾਇਕ ਨਿਯੁਕਤ ਕੀਤਾ ਅਤੇ ਪੋਥੀ ਤੋਂ ਆਦਿ ਗ੍ਰੰਥ ਰੂਪ ਦੇਣ ਲਈ ਲਿਖਾਰੀ ਹੋਣ ਦਾ ਮਾਣ ਭਾਈ ਗੁਰਦਾਸ ਜੀ ਨੂੰ ਮਿਲਿਆ। ਇਹ ਸਾਰਾ ਕਾਰਜ 1604 ਈਸਵੀ ਵਿਚ ਸੰਪੂਰਨ ਹੋਇਆ ਸੀ। ਇਸ ਤਰ੍ਹਾਂ ਸਾਰੀ ਦੀ ਸਾਰੀ ਬਾਣੀ ਭਾਈ ਗੁਰਦਾਸ ਜੀ ਦੇ ਹੱਥੋਂ ਲਿਖੀ ਗਈ ਹੋਣ ਕਾਰਨ ਉਨ੍ਹਾਂ ਨੂੰ ਬਾਣੀ ਦੀ ਸਮਝ ਅਤੇ ਸਿਧਾਂਤਕ ਪਕੜ ਬਾਕੀ ਸਭ ਨਾਲੋਂ ਵੱਧ ਸੀ। 1606 ਈਸਵੀ ਵਿਚ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਪਿੱਛੋਂ ਆਪ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੇਵਾ ਵਿਚ ਰਹੇ। ਅਤੇ ਅਕਾਲ ਬੁੰਗੇ ਦੀ ਉਸਾਰੀ ਸਮੇਂ ਵੀ ਆਪ ਜੀ ਨੇ ਸੇਵਾ ਕਰਵਾਈ। 1621 ਈਸਵੀ ਨੂੰ ਮਾਤਾ ਗੰਗਾ ਜੀ ਦੇ ਸਵਰਗਵਾਸ ਹੋਣ ਉੱਤੇ ਅਤੇ 1631 ਈਸਵੀ ਵਿਚ ਬਾਬਾ ਬੁੱਢਾ ਜੀ ਦੇ ਅਕਾਲ ਚਲਾਣਾ ਕਰਨ ਉੱਤੇ ਅੰਤਿਮ ਅਰਦਾਸ ਭਾਈ ਗੁਰਦਾਸ ਜੀ ਨੇ ਹੀ ਕੀਤੀ ਸੀ। ਗੁਰੂ ਹਰਿਗੋਬਿੰਦ ਜੀ ਨੂੰ ਜਦੋਂ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤਾ ਗਿਆ ਸੀ, ਤਾਂ ਸੰਗਤਾਂ ਨੂੰ ਧਰਵਾਸ ਦੇਣ ਅਤੇ ਗਵਾਲੀਅਰ ਲਿਜਾਣ ਸਮੇਂ ਵੀ ਆਪ ਜੀ ਨੇ ਅਗਵਾਈ ਕੀਤੀ ਸੀ।

1637 ਈਸਵੀ ਵਿਚ ਆਪ ਅਕਾਲ ਚਲਾਣਾ ਕਰ ਗਏ। ਆਪ ਜੀ ਦੀ ਲਿਖੀ ਰਚਨਾ ਨੂੰ ਗੁਰੂ ਅਰਜਨ ਸਾਹਿਬ ਨੇ ਮਾਣ ਦਿੱਤਾ ਹੈ ਅਤੇ ਪ੍ਰੰਪਰਾ ਮੁਤਾਬਕ ਉਸ ਨੂੰ ਗੁਰਬਾਣੀ ਦੀ ਕੁੰਜੀ ਕਿਹਾ ਗਿਆ ਹੈ।

ਭਾਈ ਗੁਰਦਾਸ ਜੀ ਦੀਆਂ ਰਚਨਾਵਾਂ :- ਭਾਈ ਗੁਰਦਾਸ ਜੀ ਦੀ ਲਿਖਤ ਤਿੰਨ ਰੂਪਾਂ ਵਿਚ ਮਿਲਦੀ ਹੈ।

1. **ਸੰਸਕ੍ਰਿਤ ਸਲੋਕ** :- ਇਹ ਗਿਣਤੀ ਵਿਚ ਸਿਰਫ 6 ਹਨ। ਅਨੁਸ਼ਟੁਪ ਛੰਦ ਵਿਚ ਲਿਖੇ ਇਨ੍ਹਾਂ ਸਲੋਕਾਂ ਬਾਰੇ ਪ੍ਰਚਲਿਤ ਹੈ ਕਿ ਇਹ ਪੰਡਿਤਾਂ ਦੇ ਆਖਣ 'ਤੇ ਵਾਹਿਗੁਰੂ ਸ਼ਬਦ ਦੀ ਵਿਆਖਿਆ ਵਿਚ ਹੀ ਲਿਖੇ ਗਏ ਸਨ।

2. **ਪੰਜਾਬੀ ਵਿਚ ਵਾਰਾਂ** :- ਇਨ੍ਹਾਂ ਦੀ ਗਿਣਤੀ 40 ਹੈ। ਇਨ੍ਹਾਂ ਵਾਰਾਂ ਦੀ ਸੰਕੁਚਿਤ ਭਾਸ਼ਾ ਗਾਗਰ ਵਿਚ ਸਾਗਰ ਦੇ ਅਖਾਣ 'ਤੇ ਪੂਰਾ ਢੁਕਦੀ ਹੈ। ਭਾਵੇਂ ਪੁਰਾਤਨ ਸਰੋਤਾਂ ਵਿਚ 39 ਵਾਰਾਂ ਦਾ ਜ਼ਿਕਰ ਹੈ ਪਰ ਖੋਜੀ ਵਿਦਵਾਨਾਂ ਨੇ ਭਾਸ਼ਾ, ਸ਼ੈਲੀ ਆਦਿ ਦੇ ਮਿਲਣ ਤੋਂ 40ਵੀਂ ਵਾਰ ਵੀ ਸ਼ਾਮਲ ਕੀਤੀ ਗਈ ਹੈ। ਇਨ੍ਹਾਂ ਵਾਰਾਂ ਵਿਚ ਸਿੱਖੀ ਸਿਧਾਂਤਾਂ ਦੀ -ਸਿੱਖ ਦੀ ਗੁਰੂ ਨਾਲ ਪ੍ਰੀਤ, ਸਿਦਕ, ਪ੍ਰੇਮ, ਗੁਰਸਿੱਖ ਆਦਿ ਵਿਸ਼ਿਆਂ 'ਤੇ ਬਹੁਤ ਖੂਬਸੂਰਤ ਉਦਾਹਰਣਾਂ ਅਤੇ ਅਲੰਕਾਰਾਂ ਨਾਲ ਸਜਾ ਕੇ ਵਿਆਖਿਆ ਕੀਤੀ ਗਈ ਹੈ। ਪੰਜਾਬੀ ਵਿਚ ਹੋਣ ਕਰਕੇ ਇਹ ਸਿੱਖਾਂ ਦੇ ਹਿਰਦੇ ਦੇ ਵਧੇਰੇ ਨੇੜੇ ਹੋਣ ਕਾਰਨ ਵਧੇਰੇ ਪ੍ਰਸਿੱਧ ਹੋਈਆਂ।

ਵਾਰਾਂ ਭਾਈ ਗੁਰਦਾਸ ਦੀ ਮਿਲਦੀ ਪੁਸਤਕ ਵਿਚ 41ਵੀਂ ਵਾਰ ਵੀ ਹੈ। ਕੁਦਰਤੀ ਇਸਦੇ ਲੇਖਕ ਦਾ ਨਾਂ ਵੀ ਭਾਈ ਗੁਰਦਾਸ ਹੀ ਹੈ। ਇਨ੍ਹਾਂ ਨੂੰ ਵੱਖਰਾ ਦਰਸਾਉਣ ਲਈ ਭਾਈ ਗੁਰਦਾਸ ਦੂਜਾ ਕਹਿ ਕੇ ਯਾਦ ਕੀਤਾ ਜਾਂਦਾ ਹੈ ਅਤੇ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਹੋਏ ਹਨ। ਇਹ 41ਵੀਂ ਵਾਰ "ਵਾਹ ਵਾਹ ਗੁਰੂ ਗੋਬਿੰਦ ਸਿੰਘ, ਆਪੇ ਗੁਰ ਚੇਲਾ" ਦੀ ਟੇਕ ਨਾਲ ਚੱਲਦੀ ਹੈ।

3. **ਕਬਿੱਤ ਤੇ ਸਵਈਏ**:- ਇਹ ਬ੍ਰਜ ਭਾਸ਼ਾ ਵਿਚ ਲਿਖੇ ਗਏ ਮਿਲਦੇ ਹਨ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਪਹਿਲਾਂ ਇਨ੍ਹਾਂ ਦੀ ਗਿਣਤੀ 556 ਲਿਖੀ ਸੀ। ਪਰ ਵਧੇਰੇ ਖੋਜ ਕਰਨ 'ਤੇ 119 ਹੋਰ ਮਿਲੇ, ਜਿਨ੍ਹਾਂ ਨੂੰ ਭਾਈ ਵੀਰ ਸਿੰਘ ਜੀ ਨੇ ਦੂਜੇ ਸਕੰਧ ਵਜੋਂ ਛਪਵਾਇਆ। ਇਸ ਤਰ੍ਹਾਂ ਇਨ੍ਹਾਂ ਦੀ ਕੁੱਲ ਗਿਣਤੀ 675 ਹੋ ਗਈ। ਇਨ੍ਹਾਂ ਵਿਚ 3 ਸਵਈਏ, 8 ਦੋਹਰੇ, 8 ਸੋਰਠੇ ਅਤੇ 8 ਛੰਤ ਹਨ। ਕਬਿੱਤ ਸਵਈਏ ਭਾਈ ਗੁਰਦਾਸ ਜੀ ਨੇ ਆਪਣੀ ਪੰਜਾਬ ਤੋਂ ਬਾਹਰਲੀ ਯਾਤਰਾ ਸਮੇਂ ਲਿਖੇ ਸਨ, ਜਿਹੜਾ ਇੱਕ ਤਾਂ ਇਨ੍ਹਾਂ ਦੇ ਬ੍ਰਜ ਭਾਸ਼ਾ ਵਿਚ ਹੋਣ ਤੋਂ ਪਤਾ ਲੱਗਦਾ ਹੈ ਅਤੇ ਦੂਸਰਾ ਇਨ੍ਹਾਂ ਵਿਚ ਗੁਰੂ ਦੇ ਵਿਛੋੜੇ ਦਾ ਜ਼ਿਕਰ ਹੈ। ਬ੍ਰਜ ਭਾਸ਼ਾ ਵਿਚ ਹੋਣ ਕਰਕੇ ਹੀ ਇਹ ਸਿੱਖਾਂ ਵਿਚ ਵਧੇਰੇ ਪ੍ਰਸਿੱਧ ਨਹੀਂ ਹੋ ਸਕੇ।

ਭਾਈ ਗੁਰਦਾਸ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਕਿਉਂ ਨਹੀਂ? ਇਹ ਸਵਾਲ ਅਕਸਰ ਹੀ ਬਹੁਤੇ ਮਨਾਂ ਵਿਚ ਆਉਂਦਾ ਹੈ ਕਿ ਭਾਈ ਗੁਰਦਾਸ ਜੀ ਦੀ ਲਿਖਤ ਸਿੱਖੀ ਸਿਧਾਂਤਾਂ ਅਨੁਸਾਰ ਹੋਣ ਦੇ ਬਾਵਜੂਦ ਗੁਰੂ ਗ੍ਰੰਥ ਸਾਹਿਬ ਵਿਚ ਕਿਉਂ ਨਹੀਂ ਹੈ? ਪ੍ਰੰਪਰਿਕ ਸੋਚ ਵਾਲਿਆਂ ਨੇ ਇੱਕ ਸਾਖੀ ਪੇਸ਼ ਕਰ ਦਿੱਤੀ ਹੈ ਇਸਦੇ ਜਵਾਬ ਵਿਚ। ਬਹੁਤ ਹੀ ਸੰਖੇਪ ਵਿਚ ਸਾਖੀ ਅਨੁਸਾਰ ਭਾਈ ਗੁਰਦਾਸ ਜੀ ਦੀ ਵਾਰ ਵਿਚ ਲਿਖਿਆ ਹੈ:-

ਜੇ ਮਾਂ ਹੋਵੈ ਜਾਰਨੀ ਕਿਉ ਪੁਤੁ ਪਤਾਰੇ।
ਗਾਈ ਮਾਣਕੁ ਨਿਗਲਿਆ ਪੇਟੁ ਪਾੜਿ ਨ ਮਾਰੇ।
ਜੇ ਪਿਰੁ ਬਹੁ ਘਰੁ ਹੰਢਣਾ ਸਤੁ ਰਖੈ ਨਾਰੇ।
ਅਮਰੁ ਚਲਾਵੈ ਚੰਮ ਦੇ ਚਾਕਰ ਵੇਚਾਰੇ।
ਜੇ ਮਦੁ ਪੀਤਾ ਬਾਮਣੀ ਲੋਇ ਲੁਝਨਿ ਸਾਰੇ।
ਜੇ ਗੁਰ ਸਾਗਿ ਵਰਤਦਾ ਸਿਖੁ ਸਿਦਕ ਨ ਹਾਰੇ।.... .... .... .... (ਵਾਰ ੩੫, ਪਉੜੀ ੨੦)

ਕਹਿੰਦੇ ਗੁਰੂ ਅਰਜਨ ਸਾਹਿਬ ਨੂੰ ਇਸ ਵਿਚੋਂ ਸੂਖਮ ਹਉਮੈ ਨਜ਼ਰ ਆਈ ਤੇ ਉਨ੍ਹਾਂ ਭਾਈ ਸਾਹਿਬ ਨੂੰ ਪਰਖਣ ਲਈ ਉਨ੍ਹਾਂ ਨੂੰ ਕਾਬਲ ਤੋਂ ਘੋੜੇ ਲਿਆਉਣ ਲਈ ਭੇਜ ਦਿੱਤਾ। ਘੋੜੇ ਪਸੰਦ ਕਰਨ ਉਪਰੰਤ ਜਦੋ ਤੰਬੂ ਵਿਚੋਂ ਮਾਇਆ ਕੱਢਣ ਪੁੱਜੇ, ਤਾਂ ਮੋਹਰਾਂ ਦੀ ਜਗ੍ਹਾ ਠੀਕਰੀਆਂ ਨਿਕਲੀਆਂ। ਸਾਖੀ ਅਨੁਸਾਰ ਭਾਈ ਗੁਰਦਾਸ ਜੀ ਜ਼ਲੀਲ ਹੋਣ ਤੋਂ ਬਚਣ ਲਈ ਤੰਬੂ ਪਾੜ ਕੇ ਪਿੱਛੋਂ ਦੀ ਭੱਜ ਨਿਕਲੇ। ਪਿੱਛੋਂ ਬਾਕੀ ਸਿੱਖਾਂ ਨੇ ਆ ਕੇ ਉਸੇ ਥੈਲੇ ਵਿਚੋਂ ਮੋਹਰਾਂ ਲੈ ਕੇ ਭੁਗਤਾਨ ਕਰ ਦਿੱਤਾ। ਭਾਈ ਸਾਹਿਬ ਉਥੋਂ ਆਗਰੇ ਪੁੱਜ ਕੇ ਕਥਾ ਕਰਨ ਲੱਗੇ। ਉੱਧਰ ਗੁਰੂ ਸਾਹਿਬ ਨੂੰ ਸਾਰੀ ਗੱਲ ਪਤਾ ਲੱਗੀ, ਤਾਂ ਉਨ੍ਹਾਂ ਇੱਕ ਸਿੱਖ ਆਗਰੇ ਭੇਜਿਆ ਤੇ ਸੁਨੇਹਾ ਦਿੱਤਾ ਕਿ ਇਸ ਦਰਬਾਰ ਵਿਚ ਸਾਡਾ ਇੱਕ ਚੋਰ ਹੈ। ਭਾਈ ਗੁਰਦਾਸ ਜੀ ਉਦੋਂ ਕਥਾ ਕਰ ਰਹੇ ਸਨ, ਉਨ੍ਹਾਂ ਤੁਰੰਤ ਆਪਣੇ ਆਪ ਨੂੰ ਪੇਸ਼ ਕੀਤਾ ਅਤੇ ਆਪਣੇ ਆਪ ਨੂੰ ਮੁਸ਼ਕਾਂ ਬੰਨਵਾ ਕੇ ਗੁਰੂ ਅਰਜਨ ਸਾਹਿਬ ਕੋਲੋਂ ਆ ਮੁਆਫੀ ਮੰਗੀ। ਗੁਰੂ ਸਾਹਿਬ ਨੇ ਕਿਹਾ ਕਿ ਤੁਸੀਂ ਤਾਂ ਲਿਖਿਆ ਸੀ ਸਿਖ ਸਿਦਕ ਨ ਹਾਰੇ? ਸਾਖੀਕਾਰ ਅਨੁਸਾਰ ਫੇਰ ਭਾਈ ਗੁਰਦਾਸ ਜੀ ਨੇ ਵਾਰ ਵਿਚ ਲਿਖਿਆ:-

ਜੇ ਮਾਉ ਪੁਤੈ ਵਿਸੁ ਦੇ ਤਿਸਤੇ ਕਿਸੁ ਪਿਆਰਾ।
ਜੇ ਘਰੁ ਭੰਨੈ ਪਾਹਰੂ ਕਉਣੁ ਰਖਣਹਾਰਾ।
ਬੇੜੀ ਡੋਬੈ ਪਾਤਣੀ ਕਿਉ ਪਾਰਿ ਉਤਾਰਾ।
ਆਗੂ ਲੈ ਉਝੜਿ ਪਵੈ ਕਿਸੁ ਕਰੈ ਪੁਕਾਰਾ।
ਜੇ ਕਰਿ ਖੇਤੈ ਖਾਇ ਵਾੜਿ ਕੋ ਲਹੈ ਨ ਸਾਰਾ।
ਜੇ ਗੁਰ ਭਰਮਾਏ ਸਾਂਗ ਕਰ ਕਿਆ ਸਿਖ ਵਿਚਾਰਾ। .... .... .... .... (ਵਾਰ ੩੫, ਪਉੜੀ ੨੨)

ਪ੍ਰੰਪਰਾਗਤ ਸੋਚ ਇਹ ਕਹਿੰਦੀ ਹੈ ਕਿ ਕਿਉਂਕਿ ਭਾਈ ਸਾਹਿਬ ਸਿਦਕ ਤੋਂ ਡੋਲ ਗਏ ਸਨ, ਇਸ ਲਈ ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਨਹੀਂ।

**ਅਸਲੀਅਤ ਕੀ ਹੈ?** :- ਸਿੱਖ ਇਤਿਹਾਸ ਵਿਚ ਵੀ ਜਾਣੇ-ਅਣਜਾਣੇ ਕੁਝ ਮਿਥਿਹਾਸ ਰਲ ਚੁੱਕਿਆ ਹੈ। ਉਪਰੋਕਤ ਸਾਖੀ ਵੀ ਸੱਚਾਈ ਤੋਂ ਕੋਹਾਂ ਦੂਰ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਉੱਤੇ ਇਸ ਤਰ੍ਹਾਂ ਦਾ ਇਲਜ਼ਾਮ ਲਗਾਇਆ ਜਾਣਾ, ਸਾਡੇ ਵਿਰੋਧੀਆਂ ਦੀ ਸਾਜ਼ਿਸ਼ ਵੀ ਹੋ ਸਕਦੀ ਹੈ। ਬਹੁਤੀ ਟਿੱਪਣੀ ਨਾ ਕਰਦੇ ਹੋਏ ਇੰਨਾ ਹੀ ਕਹਾਂਗੇ ਕਿ ਆਪ ਹੀ ਪ੍ਰਸ਼ਨ ਕਰਕੇ ਉਸਦਾ ਉੱਤਰ ਲਿਖਣਾ ਗੁਰਮਤਿ ਦੀ ਸ਼ੈਲੀ ਰਹੀ ਹੈ। ਇਹ ਗੁਰਬਾਣੀ ਵਿਚ ਵੀ ਦੇਖੀ ਜਾ ਸਕਦੀ ਹੈ ਅਤੇ ਉਕਤ ਵਾਰ ਵਿਚ ਵੀ ਭਾਈ ਸਾਹਿਬ ਨੇ ਆਪ ਹੀ ਪ੍ਰਸ਼ਨ ਪਾ ਕੇ ਅਗਲੀ ਪਉੜੀ ਵਿਚ ਉਸਦਾ ਜਵਾਬ ਦਿੱਤਾ ਹੈ। ਸਾਖੀ ਨਿਰੋਲ ਮਨਘੜਤ ਲੱਗਦੀ ਹੈ।

ਭਾਈ ਸਾਹਿਬ ਭਾਈ ਗੁਰਦਾਸ ਜੀ ਦੀ ਬਾਣੀ ਦਾ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਨਾ ਹੋਣ ਦਾ ਅਸਲੀ ਕਾਰਨ ਇਹ ਹੈ ਕਿ ਭਾਈ ਸਾਹਿਬ ਦੀ ਸਾਰੀ ਲਿਖਤ, ਆਦਿ ਗ੍ਰੰਥ ਦੇ ਸੰਪੂਰਨ ਹੋਣ ਤੋਂ ਬਾਅਦ ਲਿਖੀ ਗਈ ਸੀ। 1604 ਈਸਵੀ ਵਿਚ ਆਦਿ ਗ੍ਰੰਥ ਸੰਪੂਰਨ ਹੋਇਆ ਸੀ, ਖੋਜੀ ਵਿਦਵਾਨਾਂ ਅਨੁਸਾਰ ਭਾਈ ਸਾਹਿਬ ਦੀਆਂ ਬਹੁਤੀਆਂ ਵਾਰਾਂ 1628 ਈਸਵੀ ਦੇ ਇਰਦ-ਗਿਰਦ ਲਿਖੀਆਂ ਗਈਆਂ ਹਨ। ਇਸੇ ਲਈ ਤਾਂ ਉਨ੍ਹਾਂ ਵਿਚ ਗੁਰੂ ਹਰਿਗੋਬਿੰਦ ਜੀ ਬਾਰੇ ਵੀ ਜ਼ਿਕਰ ਹੈ। ਕੁਝ ਲਿਖਤਾਂ ਆਦਿ ਗ੍ਰੰਥ ਤੋਂ ਪਹਿਲਾਂ ਦੀਆਂ ਹੋ ਸਕਦੀਆਂ ਹਨ ਪਰ ਉਹ ਅਜੇ ਇੰਨੀਆਂ ਪ੍ਰਸਿੱਧ ਨਹੀਂ ਸਨ। ਭਾਈ ਗੁਰਦਾਸ ਜੀ ਆਪ ਸੇਵਕ ਭਾਵ ਵਿਚ ਇੰਨੇ ਜ਼ਿਆਦਾ ਨਿਮਰਤਾ ਵਿਚ ਸਨ ਕਿ ਉਹ ਆਪਣੀ ਲਿਖਤ ਨੂੰ ਗੁਰਬਾਣੀ ਦੇ ਬਰਾਬਰ ਰੱਖੇ ਜਾਣ ਬਾਰੇ ਸੋਚ ਵੀ ਨਹੀਂ ਸਨ ਸਕਦੇ।

ਪੰਜਾਬੀ ਸਾਹਿਤ ਵਿਚ ਇਹ ਪ੍ਰਸਿੱਧ ਹੈ ਕਿ ਜਿਸਨੇ ਭਾਈ ਗੁਰਦਾਸ ਅਤੇ ਵਾਰਸ ਸ਼ਾਹ ਨੂੰ ਨਹੀਂ ਪੜ੍ਹਿਆ, ਉਹ ਕਦੇ ਵੀ ਵਧੀਆ ਲੇਖਕ ਨਹੀਂ ਬਣ ਸਕਦਾ। ਕਾਰਨ ਇਹ ਹੈ ਕਿ ਭਾਈ ਗੁਰਦਾਸ ਜੀ ਨੇ ਬਹੁਤ ਘੱਟ ਸ਼ਬਦਾਂ ਵਿਚ ਬਹੁਤ ਵੱਡੇ ਵਿਚਾਰ ਦਿੱਤੇ ਹਨ, ਜਦਕਿ ਵਾਰਸ ਸ਼ਾਹ ਨੇ ਬਹੁਤ ਛੋਟੀ ਗੱਲ ਦੀ ਵੀ ਬਹੁਤ ਜ਼ਿਆਦਾ ਵਿਆਖਿਆ ਕੀਤੀ ਹੈ। ਵਧੀਆ ਸ਼ਬਦ ਚੋਣ ਲਈ ਦੋਹਾਂ ਨੂੰ ਪੜ੍ਹਿਆ ਜਾਣਾ ਜ਼ਰੂਰੀ ਹੈ। ਗੁਰਬਾਣੀ ਸਿਧਾਂਤਾਂ ਨਾਲ ਜੁੜਨ ਅਤੇ ਗੁਰਬਾਣੀ ਨੂੰ ਚੰਗੀ ਤਰ੍ਹਾਂ ਸਮਝਣ ਲਈ ਆਓ ਆਪਾਂ ਸਾਰੇ ਭਾਈ ਗੁਰਦਾਸ ਜੀ ਦੀ ਲਿਖਤ ਨਾਲ ਜੁੜੀਏ। ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ ਵਿਚ ਗੁਰਦੁਆਰੇ ਵਿਚ ਗੁਰਬਾਣੀ ਤੋਂ ਬਿਨਾਂ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀ ਲਿਖਤ ਨੂੰ ਗਾਏ ਜਾਣ ਦੀ ਇਜਾਜ਼ਤ ਹੈ।


ਜਦੋਂ ਗੁਰੂ ਅਰਜਨ ਸਾਹਿਬ ਨੇ ਬਾਣੀ ਨੂੰ ਮਿਲਾਵਟ ਤੋਂ ਬਚਾਉਣ ਲਈ ਗ੍ਰੰਥ ਰੂਪ ਵਿਚ ਸੰਕਲਨ ਕਰਨਾ ਸ਼ੁਰੂ ਕੀਤਾ ਅਤੇ ਪਹਿਲੇ ਸਾਰੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਭਗਤਾਂ ਦੀ ਬਾਣੀ ਨੂੰ ਰਾਗਾਂ ਅਨੁਸਾਰ ਨਵੀਂ ਤਰਤੀਬ ਦਿੱਤੀ, ਤਾਂ ਭਾਈ ਗੁਰਦਾਸ ਜੀ ਨੂੰ ਆਪਣਾ ਸਹਾਇਕ ਨਿਯੁਕਤ ਕੀਤਾ ਅਤੇ ਪੋਥੀ ਤੋਂ ਆਦਿ ਗ੍ਰੰਥ ਰੂਪ ਦੇਣ ਲਈ ਲਿਖਾਰੀ ਹੋਣ ਦਾ ਮਾਣ ਭਾਈ ਗੁਰਦਾਸ ਜੀ ਨੂੰ ਮਿਲਿਆ। ਇਹ ਸਾਰਾ ਕਾਰਜ 1604 ਈਸਵੀ ਵਿਚ ਸੰਪੂਰਨ ਹੋਇਆ ਸੀ।




# ਬਲਰਾਜ ਧਾਲੀਵਾਲ ਦਾ ਗ਼ਜ਼ਲ ਸੰਗ੍ਰਹਿ 'ਹਸਤੀ ਵਿਚਲਾ ਚੀਰ' ਮਨੁੱਖਤਾ ਦੀ ਚੀਸ ਦਾ ਪ੍ਰਤੀਕ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA






**86 ਪੰਨਿਆਂ, 200 ਰੁਪਏ ਕੀਮਤ ਵਾਲਾ ਇਹ ਗ਼ਜ਼ਲ ਸੰਗ੍ਰਹਿ ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ ਨੇ ਪ੍ਰਕਾਸ਼ਤ ਕੀਤਾ ਹੈ। ਸੰਪਰਕ ਬਲਰਾਜ ਧਾਲੀਵਾਲ: 001 6478865068**

'ਬੜਾ ਮੁਸ਼ਕਲ ਹੈ' ਸਿਰਲੇਖ ਵਾਲੀ ਗ਼ਜ਼ਲ ਸ਼ੀਸ਼ਿਆਂ ਦੇ ਰੂਬਰੂ ਹੋਣਾ ਕਹਿਕੇ ਦੱਸਦੀ ਹੈ, ਇਨਸਾਨ ਦੀਆਂ ਗ਼ਲਤੀਆਂ ਦੀ ਸਜ਼ਾ ਜ਼ਰੂਰ ਮਿਲੇਗੀ। ਅੱਗ ਦੇ ਬਸਤਰਾਂ ਵਾਲੇ ਸ਼ਿਅਰ ਤੋਂ ਪ੍ਰਭਾਵ ਮਿਲਦਾ ਹੈ ਕਿ ਇੱਕ ਦਿਨ ਹਰ ਇੱਕ ਪ੍ਰਾਣੀ ਨੇ ਅੱਗ ਵਿਚ ਸੜਨਾ ਹੈ, ਪ੍ਰੰਤੂ ਮਾੜੇ ਕੰਮਾਂ ਨੂੰ ਇਨਸਾਨ ਫਿਰ ਵੀ ਛੱਡਦਾ ਨਹੀਂ। ਚੁੱਪ ਰਹਿਣ ਵਾਲਾ ਵੀ ਦੋਸ਼ੀ ਹੁੰਦਾ ਹੈ। ਬਲਰਾਜ ਧਾਲੀਵਾਲ ਦੀ ਇੱਕ ਗ਼ਜ਼ਲ ਵਿਚ ਹੀ ਅਨੇਕਾਂ ਸਮਾਜਿਕ ਸਰੋਕਾਰਾਂ ਦੀਆਂ ਗੱਲਾਂ ਕੀਤੀਆਂ ਹੋਈਆਂ ਹਨ।

ਬਲਰਾਜ ਧਾਲੀਵਾਲ ਸੰਵੇਦਨਸ਼ੀਲ ਤੇ ਸੰਜੀਦਾ ਗ਼ਜ਼ਲਗੋ ਹੈ। 'ਹਸਤੀ ਵਿਚਲਾ ਚੀਰ' ਉਸਦਾ ਦੂਜਾ ਗ਼ਜ਼ਲ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸਦਾ 'ਦਿਲ ਕਹੇ' ਗ਼ਜ਼ਲ ਸੰਗ੍ਰਹਿ 2017 ਵਿਚ ਪ੍ਰਕਾਸ਼ਤ ਹੋ ਚੁੱਕਾ ਹੈ। ਬਲਰਾਜ ਧਾਲੀਵਾਲ ਮਾਤਰਾ ਨਾਲੋਂ ਮਿਆਰ ਵਿਚ ਵਿਸ਼ਵਾਸ ਰੱਖਦਾ ਹੈ। ਇਸ ਲਈ ਇਹ 'ਹਸਤੀ ਵਿਚਲਾ ਚੀਰ' ਉਸਦੀਆਂ ਪਿਛਲੇ ਅੱਠ ਸਾਲ ਵਿਚ ਲਿਖੀਆਂ ਗ਼ਜ਼ਲਾਂ ਦਾ ਸੰਗ੍ਰਹਿ ਹੈ। ਇਸ ਗ਼ਜ਼ਲ ਸੰਗ੍ਰਹਿ ਵਿਚ 66 ਗ਼ਜ਼ਲਾਂ ਸ਼ਾਮਲ ਹਨ। ਬਲਰਾਜ ਧਾਲੀਵਾਲ ਦੀਆਂ ਗ਼ਜ਼ਲਾਂ ਇਨਸਾਨੀ ਮਾਨਸਿਕਤਾ ਦਾ ਬਹੁ-ਪਰਤੀ ਵਿਸ਼ਲੇਸ਼ਣ ਕਰਦੀਆਂ ਹਨ। ਗ਼ਜ਼ਲਗੋ ਸਮਾਜਿਕ ਤਾਣੇ-ਬਾਣੇ ਵਿਚ ਵਿਚਰਦਿਆਂ ਜੋ ਪ੍ਰਸਥਿਤੀਆਂ ਅਤੇ ਵਾਪਰਨ ਵਾਲੀਆਂ ਘਟਨਾਵਾਂ ਨੂੰ ਮਹਿਸੂਸ ਕਰਦਾ ਹੈ, ਇਨ੍ਹਾਂ ਗ਼ਜ਼ਲਾਂ ਵਿਚ ਉਨ੍ਹਾਂ ਦਾ ਪ੍ਰਤੀਕ੍ਰਮ ਲਿਖਦਾ ਹੈ। ਜੇ ਇੰਝ ਕਹਿ ਲਈਏ ਕਿ ਉਹ ਮਨੁੱਖਤਾ ਦੀਆਂ ਸਰੀਰਕ ਅਤੇ ਮਾਨਸਕ ਭਾਵਨਾਵਾਂ ਦੀ ਤਸਵੀਰ ਖਿੱਚ ਦਿੰਦਾ ਹੈ, ਤਾਂ ਇਸ ਵਿਚ ਵੀ ਭੋਰਾ ਝੂਠ ਨਹੀਂ ਹੈ। ਸ਼ਾਇਰ ਦੀ ਇੱਕ-ਇੱਕ ਗ਼ਜ਼ਲ ਵਿਚ ਅਨੇਕ ਵਿਸ਼ਿਆਂ ਨੂੰ ਛੋਹਿਆ ਗਿਆ ਹੈ। ਗ਼ਜ਼ਲਗੋ ਨੇ ਆਪਣੀਆਂ ਗ਼ਜ਼ਲਾਂ ਵਿਚ ਇਨਸਾਨੀਅਤ ਨੂੰ ਝੰਜੋੜਨ ਲਈ ਬਹੁਤ ਹੀ ਗੁੱਝੇ ਤੀਰ ਮਾਰੇ ਹਨ, ਜਿਹੜੇ ਸਮਝਦਾਰ ਇਨਸਾਨ ਨੂੰ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ 'ਤੇ ਪਹਿਰਾ ਦੇਣ ਲਈ ਮਜਬੂਰ ਕਰਦੇ ਹਨ। ਇਹ ਗ਼ਜ਼ਲ ਸੰਗ੍ਰਹਿ ਪਾਠਕ ਦੇ ਮਨ ਦੀਆਂ ਮਾਨਸਿਕ ਤਰੰਗਾਂ ਨੂੰ ਉਧੇੜਨ ਤੇ ਨਿਖੇੜਨ ਵਿਚ ਮਹੱਤਵਪੂਰਨ ਯੋਗਦਾਨ ਪਾ ਸਕਦਾ ਹੈ। ਇਨ੍ਹਾਂ ਗ਼ਜ਼ਲਾਂ ਵਿਚ ਸਿਰਫ਼ ਸ਼ਬਦਾਂ ਦੀ ਜਾਦੂਗਰੀ ਹੀ ਨਹੀਂ, ਸਗੋਂ ਇਨਸਾਨ ਦੀ ਮਾਨਸਿਕਤਾ ਨੂੰ ਦੁਬਿਧਾ ਵਿਚੋਂ ਬਾਹਰ ਕੱਢਣ ਦੀ ਕਲਾ ਵੀ ਸੰਮਿਲਤ ਹੈ। ਇਨਸਾਨੀਅਤ ਦੇ ਕਦਰਦਾਨਾਂ ਲਈ ਇਹ ਗ਼ਜ਼ਲ ਸੰਗ੍ਰਹਿ ਇੱਕ ਤੋਹਫ਼ਾ ਹੈ, ਪ੍ਰੰਤੂ ਪਾਠਕ ਨੂੰ ਇਸਦੀ ਚੀਸ ਨੂੰ ਮਹਿਸੂਸ ਕਰਨ ਦੀ ਪਹਿਲ ਕਰਨੀ ਹੋਵੇਗੀ। ਬਲਰਾਜ ਧਾਲੀਵਾਲ ਦੀਆਂ ਗ਼ਜ਼ਲਾਂ ਤੋਂ ਪਤਾ ਚੱਲਦਾ ਹੈ ਕਿ ਮਨੁੱਖੀ ਮਨ ਬੜਾ ਚੰਚਲ ਹੈ, ਕਿਉਂਕਿ ਉਹ ਜੋ ਕੁੱਝ ਵੇਖਦਾ-ਸੁਣਦਾ ਹੈ, ਉਸਦੇ ਕਈ ਪੱਖਾਂ ਦੇ ਵਿਸਤਰਿਤ ਵਿਕਲਪਾਂ ਨੂੰ ਸ਼ਬਦਾਂ ਦੇ ਚਿਤਰਪਟ ਰਾਹੀਂ ਬਾਰੀਕੀ ਨਾਲ ਕਾਗ਼ਜ਼ ਦੀ ਕੈਨਵਸ 'ਤੇ ਸ਼ਿੰਗਾਰ ਦਿੰਦਾ ਹੈ। ਇੱਥੋਂ ਤੱਕ ਕਿ ਸੁਪਨਿਆਂ ਦੇ ਸੰਸਾਰ ਦੀ ਸਿਰਜਣਾ ਦਾ ਰੇਖਾ ਚਿੱਤਰ ਵੀ ਖਿੱਚ ਦਿੰਦਾ ਹੈ। ਉਸਦੀ ਸ਼ਬਦਾਵਲੀ ਜਿਉਂਦੇ ਜਾਗਦੇ ਜਜ਼ਬਾਤਾਂ ਦੀਆਂ ਬਾਤਾਂ ਪਾਉਂਦੀ ਹੋਈ ਸਿੰਬਾਲਿਕ ਢੰਗ ਦ੍ਰਿਸ਼ਟਾਂਤਿਕ ਤੌਰ 'ਤੇ ਪ੍ਰਗਟਾਉਂਦੀ ਹੈ, ਜਿਸਦਾ ਪਾਠਕ ਨੂੰ ਭੁਲੇਖਾ ਪੈ ਜਾਂਦਾ ਹੈ ਕਿ ਉਸਦੀਆਂ ਭਾਵਨਾਵਾਂ ਇੱਕ ਲੜੀ ਵਿਚ ਪਰੋ ਕੇ ਲੋਕਾਈ ਦੇ ਦਰਦ ਵਿਚ ਬਦਲ ਦਿੱਤਾ ਗਿਆ ਹੈ। ਬਲਰਾਜ ਧਾਲੀਵਾਲ ਦੀ ਪਹਿਲੀ ਗ਼ਜ਼ਲ 'ਐ ਜ਼ਿੰਦਗੀ ਤੂੰ ਦੇਖ ਲੈ' ਸਮੁੱਚੀ ਲੋਕਾਈ ਦੇ ਮਨ ਮਸਤਕ ਵਿਚ ਉਠ ਰਹੇ ਸਵਾਲ-ਜਵਾਬ ਰਾਹੀਂ ਜ਼ਿੰਦਗੀ ਵਿਚ ਵਾਪਰਨ ਵਾਲੇ ਉਤਰਾਅ ਚੜ੍ਹਾਅ ਨੂੰ ਪ੍ਰਗਟਾ ਰਹੀ ਹੈ। ਲੋਕਾਈ ਗ਼ਜ਼ਲ ਨੂੰ ਇਸ਼ਕ-ਮੁਸ਼ਕ ਦਾ ਜੰਜਾਲ ਸਮਝਦਾ ਹੋਇਆ, ਇਸਨੂੰ ਰੁਮਾਂਸਵਾਦ ਦਾ ਨਾਮ ਦਿੰਦੀ ਹੈ, ਪ੍ਰੰਤੂ ਗ਼ਜ਼ਲ ਵਿਚਲੇ ਸ਼ਿਅਰਾਂ ਦੇ ਅਰਥ ਹਮੇਸ਼ਾ ਦੋਹਰੇ ਹੁੰਦੇ ਹਨ। ਉਨ੍ਹਾਂ ਨੂੰ ਸਮਝਣ ਲਈ ਦਿਲ ਤੇ ਦਿਮਾਗ ਦੋਹਾਂ ਤੋਂ ਕੰਮ ਲੈਣਾ ਪੈਂਦਾ ਹੈ। ਬਿਲਕੁਲ ਇਸੇ ਤਰ੍ਹਾਂ ਬਲਰਾਜ ਧਾਲੀਵਾਲ ਦੀਆਂ ਗ਼ਜ਼ਲਾਂ ਵਿਚ ਰੁਮਾਂਸਵਾਦ ਅਤੇ ਸਮਾਜਿਕ ਸਰੋਕਾਰਾਂ ਦੇ ਰੰਗ ਵੇਖਣ ਨੂੰ ਮਿਲਦੇ ਹਨ। ਕਈ ਵਾਰ ਲੇਖਕ ਸਹਿਜ ਸੁਭਾਅ ਹੀ ਲਿਖ ਦਿੰਦਾ ਹੈ, ਪ੍ਰੰਤੂ ਉਸ ਦੇ ਅਰਥ ਪਾਠਕਾਂ ਨੂੰ ਪਤਾ ਲੱਗਦੇ ਹਨ, ਜਿਵੇਂ ਪਹਿਲੀ ਗ਼ਜ਼ਲ ਵਿਚ ਇੱਕ ਸ਼ਿਅਰ ਹੈ:

'ਗੱਲ ਯਾਦ ਕਰ ਇੱਕ ਦਿਨ ਸੀ ਤੂੰ, ਅਪਣਾ ਮੁਖੌਟਾ ਲਾਹ ਲਿਆ,
ਫਿਰ ਉਸ ਦਿਨ ਤੇਰੀ ਹੀ ਪਰਛਾਈ ਤੇਰੇ ਤੋਂ ਡਰ ਗਈ।

ਇਸ ਸ਼ਿਅਰ ਦਾ ਭਾਵ ਅਰਥ ਹੈ ਕਿ ਦੋਹਰੇ ਕਿਰਦਾਰ ਨਾਲ ਜ਼ਿੰਦਗੀ ਜੀਵੀ ਨਹੀਂ ਜਾ ਸਕਦੀ। ਇੱਕ-ਨਾ-ਇੱਕ ਦਿਨ ਸੰਸਾਰ ਅੱਗੇ ਸ਼ਰਮਿੰਦਾ ਹੋਣਾ ਪਵੇਗਾ। ਇਨਸਾਨ ਆਪਣੇ ਆਪ ਤੋਂ ਅੰਤਹਕਰਨ ਦੀ ਆਵਾਜ਼ ਸੁਣਕੇ ਡਰਨ ਲੱਗ ਜਾਂਦਾ ਹੈ। ਗ਼ਜ਼ਲ ਸੰਗ੍ਰਹਿ ਦੀ ਆਖ਼ਰੀ ਗ਼ਜ਼ਲ ਦਾ ਸ਼ਿਅਰ ਹੈ:

ਦੁਨੀਆਂ ਅੰਦਰ ਕਿਸ ਕਿਸ ਦੇ ਹਨ, ਨਕਲੀ ਚਿਹਰੇ, ਕੀ ਜਾਣਾ,
ਹਾਲੇ ਤਾਂ ਆਪਣਾ ਹੀ ਅਸਲੀ, ਚਿਹਰਾ ਭਾਲੀ ਜਾਂਦਾ ਹਾਂ।

'ਬੜਾ ਮੁਸ਼ਕਲ ਹੈ' ਸਿਰਲੇਖ ਵਾਲੀ ਗ਼ਜ਼ਲ ਸ਼ੀਸ਼ਿਆਂ ਦੇ ਰੂਬਰੂ ਹੋਣਾ ਕਹਿਕੇ ਦੱਸਦੀ ਹੈ, ਇਨਸਾਨ ਦੀਆਂ ਗ਼ਲਤੀਆਂ ਦੀ ਸਜ਼ਾ ਜ਼ਰੂਰ ਮਿਲੇਗੀ। ਅੱਗ ਦੇ ਬਸਤਰਾਂ ਵਾਲੇ ਸ਼ਿਅਰ ਤੋਂ ਪ੍ਰਭਾਵ ਮਿਲਦਾ ਹੈ ਕਿ ਇੱਕ ਦਿਨ ਹਰ ਇੱਕ ਪ੍ਰਾਣੀ ਨੇ ਅੱਗ ਵਿਚ ਸੜਨਾ ਹੈ, ਪ੍ਰੰਤੂ ਮਾੜੇ ਕੰਮਾਂ ਨੂੰ ਇਨਸਾਨ ਫਿਰ ਵੀ ਛੱਡਦਾ ਨਹੀਂ। ਚੁੱਪ ਰਹਿਣ ਵਾਲਾ ਵੀ ਦੋਸ਼ੀ ਹੁੰਦਾ ਹੈ। ਬਲਰਾਜ ਧਾਲੀਵਾਲ ਦੀ ਇੱਕ ਗ਼ਜ਼ਲ ਵਿਚ ਹੀ ਅਨੇਕਾਂ ਸਮਾਜਿਕ ਸਰੋਕਾਰਾਂ ਦੀਆਂ ਗੱਲਾਂ ਕੀਤੀਆਂ ਹੋਈਆਂ ਹਨ। ਬਦਲੀ, ਚੰਨ ਅਤੇ ਹਵਾ ਦੀਆਂ ਉਦਾਹਰਨਾਂ ਦੇ ਕੇ ਗ਼ਜ਼ਲਗੋ ਇਸ਼ਾਰਾ ਕਰਦਾ ਹੈ, ਹੰਕਾਰ ਵਾਲੇ ਇੱਕ ਦਿਨ ਮੂਧੇ ਮੂੰਹ ਡਿਗਦੇ ਹਨ। ਬਦਲਾਅ ਤੇ ਪਾਣੀ 'ਚ ਦੀਵੇ ਤਾਰਨ ਨੂੰ ਵਹਿਮਾਂ-ਭਰਮਾਂ ਦਾ ਪ੍ਰਤੀਕ ਕਹਿ ਰਿਹਾ ਹੈ। ਬਹੁਤ ਸਾਰੀਆਂ ਗ਼ਜ਼ਲਾਂ ਵਿਚ ਸ਼ਾਇਰ ਲਿਖਦਾ ਹੈ, ਇਨਸਾਨ ਅੰਦਰੋਂ ਬਾਹਰੋਂ ਇੱਕ ਨਹੀਂ, ਸਫ਼ਲਤਾ ਲਈ ਜਦੋ-ਜਹਿਦ ਜ਼ਰੂਰੀ ਹੈ, ਜ਼ੋਰ-ਜ਼ਬਰਦਸਤੀ ਬਹੁਤੀ ਦੇਰ ਨਹੀਂ ਚੱਲਦੀ, ਸਿਆਸਤਦਾਨ ਲਾਰੇ ਲਾਉਂਦੇ ਹਨ, ਪ੍ਰਾਪਤੀ ਲਈ ਤਿਆਗ ਵੀ ਕਰਨਾ ਪੈਂਦਾ, ਸੰਗੀਤ ਦੀ ਚੁੱਪ ਬੜਾ ਕੁਝ ਕਹਿ ਦਿੰਦੀ ਹੈ, ਇਨਸਾਨ ਵਿਕਾਊ ਹੈ, ਭਰੋਸਾ ਲੋਕ ਬੇਫਿਕਰੀ ਨਾਲ ਤੋੜ ਦਿੰਦੇ ਹਨ, ਮਜ਼ਹਬੀ ਟਕਰਾਓ ਨੁਕਸਾਨਦਾਇਕ ਅਤੇ ਲੋਕ ਬੇਲਗਾਮ ਹੋ ਗਏ ਹਨ ਆਦਿ। ਰੁੱਖਾਂ ਦੇ ਕਟਾਈ ਕਰਕੇ ਇਨਸਾਨ ਆਪਣੇ ਪੈਰੀਂ ਕੁਹਾੜਾ ਮਾਰਦਾ ਹੈ। ਰੁੱਖਾਂ ਸੰਬੰਧੀ ਸ਼ਾਇਰ ਨੇ ਲਗਪਗ ਦਸ ਗ਼ਜ਼ਲਾਂ ਵਿਚ ਵੱਖੋ-ਵੱਖਰੇ ਢੰਗ ਨਾਲ ਸ਼ਿਅਰ ਲਿਖੇ ਹਨ। ਸ਼ਾਇਰ 'ਜਦੋਂ ਕੋਈ ਟੁੱਟ ਕੇ ਤਾਰਾ' ਸਿਰਲੇਖ ਵਾਲੀ ਗ਼ਜ਼ਲ ਦਾ ਇੱਕ ਸ਼ਿਆਰ ਰੁੱਖਾਂ ਦੀ ਕਟਾਈ ਦੇ ਸੰਤਾਪ ਬਾਰੇ ਲਿਖਦਾ ਹੈ:

ਮੇਰੇ ਵਿਹੜੇ ਦਾ ਰੁੱਖ ਰੋਂਦਾ, ਸਵੇਰਾ ਹੋਣ ਤੱਕ ਅਕਸਰ,
ਜਦੋਂ ਇੱਕ ਲਿਸ਼ਕਦਾ ਆਰਾ, ਮੇਰੇ ਸੁਫ਼ਨੇ 'ਚ ਆਉਂਦਾ ਹੈ।

ਸਮਾਜ ਵਿਚ ਵਿਚਰਦੇ ਲੋਕ ਆਪਣੇ ਆਪ ਨੂੰ ਇੱਕ ਦੂਜੇ ਤੋਂ ਉਤਮ ਸਮਝਦੇ ਹਨ, ਇੱਥੋਂ ਤੱਕ ਕਿ ਬਰਾਬਰ ਵੀ ਨਹੀਂ ਸਮਝਦੇ। ਉਨ੍ਹਾਂ ਵਿਚ ਦੁਸ਼ਮਣੀ ਪਲਦੀ ਰਹਿੰਦੀ ਹੈ। ਇਨਸਾਨ-ਇਨਸਾਨ ਦਾ ਦੁਸ਼ਮਣ ਹੈ, ਇਸ ਸੰਬੰਧੀ 'ਦੋਸਤ ਖ਼ੰਜਰ ਚਲਾਉਣਾ' ਸਿਰਲੇਖ ਵਾਲੀ ਗ਼ਜ਼ਲ ਦੇ ਇੱਕ ਸ਼ਿਅਰ ਵਿਚ ਸ਼ਾਇਰ ਗੁੱਝੇ ਤੀਰ ਮਾਰਦਾ ਲਿਖਦਾ ਹੈ:

ਦੋਸਤਾ ਖੰਜਰ ਚਲਾਉਣਾ, ਦੁਸ਼ਮਣਾਂ ਲਈ ਰਹਿਣ ਦੇ।
ਜਿਸ ਤਰ੍ਹਾਂ ਤੂੰ ਬਦਲਦਾਂ, ਇਹ ਮੌਸਮਾ ਲਈ ਰਹਿਣ ਦੇ।

ਇਸੇ ਤਰ੍ਹਾਂ ਇਨਸਾਨ ਦਾ ਆਪਣੇ ਇਸ਼ਟ ਦੀ ਪ੍ਰਾਪਤੀ ਲਈ ਆਪਣੇ ਅੰਦਰ ਝਾਤੀ ਮਾਰਨ ਦੀ ਥਾਂ ਡੇਰਿਆਂ, ਸਾਧਾਂ ਸੰਤਾਂ, ਵਿਚੋਲਿਆਂ ਦਾ ਸਹਾਰਾ ਲੈਣ ਅਤੇ ਧਾਰਮਿਕ ਕੱਟੜਵਾਦ ਬਾਰੇ ਵੀ ਕਈ ਸ਼ਿਅਰ ਲਿਖੇ ਗਏ ਹਨ, ਜਿਨ੍ਹਾਂ ਵਿਚ ਦਰਸਾਇਆ ਗਿਆ ਹੈ ਕਿ ਧਰਮ ਇੱਕ ਕਿਸਮ ਨਾਲ ਵਿਉਪਾਰ ਬਣ ਗਿਆ ਹੈ। 'ਜਿਸ ਤਰ੍ਹਾਂ ਕੋਈ ਲਿਸ਼ਕਦੀ' ਸਿਰਲੇਖ ਵਾਲੀ ਗ਼ਜ਼ਲ ਦਾ ਇੱਕ ਸ਼ਿਅਰ ਧਾਰਮਿਕ ਸੰਕੀਰਨਾ ਬਾਰੇ ਇਸ ਪ੍ਰਕਾਰ ਹੈ:

ਭੀੜ ਬਿਫ਼ਰੀ ਦੇਖ ਕੇ, ਇਉਂ ਕਹਿ ਰਿਹਾ ਸੀ ਇੱਕ ਫ਼ਕੀਰ,
ਧਰਮ ਕਿੱਧਰੇ ਖੋ ਗਿਆ, ਵਿਓਪਾਰ ਅੱਗੇ ਆ ਗਿਆ।

ਇਸ ਗ਼ਜ਼ਲ ਸੰਗ੍ਰਹਿ ਵਿਚ ਮੁੱਖ ਤੌਰ 'ਤੇ ਸਮਾਜਿਕ ਸਰੋਕਾਰਾਂ ਦੀ ਵਕਾਲਤ ਕੀਤੀ ਗਈ ਹੈ, ਪ੍ਰੰਤੂ ਕੁਝ ਗ਼ਜ਼ਲਾਂ ਦੇ ਸ਼ਿਅਰਾਂ ਵਿਚ ਇਸ਼ਕ ਮੁਸ਼ਕ ਦਾ ਜ਼ਿਕਰ ਵੀ ਕੀਤਾ ਗਿਆ ਹੈ। ਇਹ ਕਿਹਾ ਜਾਂਦਾ ਹੈ ਕਿ ਇਸ਼ਕ ਦੇ ਰਾਹ ਔਜੜ ਹੁੰਦੇ ਹਨ, ਅਨੇਕਾਂ ਅੜਚਣਾਂ ਆਉਂਦੀਆਂ ਹਨ। ਇਸ਼ਕ ਵਿਚ ਲੋਕ ਭੱਟਕਦੇ ਰਹਿੰਦੇ ਹਨ। ਉਹ ਆਪਣੀ ਅਮਨ ਚੈਨ ਖੋ ਬੈਠਦੇ ਹਨ। ਲੱਖ ਕੋਸ਼ਿਸ਼ਾਂ ਦੇ ਬਾਵਜੂਦ ਇਸ਼ਕ ਛੁਪਾਇਆਂ ਛੁਪਦਾ ਨਹੀਂ। 'ਕਿਸੇ ਕਾਤਲ ਨਜ਼ਰ ਦਾ' ਗ਼ਜ਼ਲ ਵਿਚ ਇੱਕ ਸ਼ਿਅਰ ਹੈ:

ਤੁਰੇ ਦੋ ਪਲ ਅਸੀਂ 'ਕੱਠੇ, ਕਹਾਣੀ ਸੀ ਬੜੀ ਛੋਟੀ,
ਬੜਾ ਮਸ਼ਹੂਰ ਪਰ ਜੱਗ 'ਤੇ, ਫ਼ਸਾਨਾ ਹੋ ਗਿਆ ਯਾਰੋ।

ਬਲਰਾਜ ਧਾਲੀਵਾਲ ਆਪਣੇ ਸ਼ਿਅਰਾਂ ਵਿਚ ਰੂਹ ਦੇ ਇਸ਼ਕ ਦੀ ਗੱਲ ਵੀ ਕਰਦਾ ਹੈ, ਪ੍ਰੰਤੂ ਇਸਦੇ ਨਾਲ ਹੀ ਉਹ ਲਿਖਦਾ ਹੈ ਕਿ ਅੱਜਕੱਲ੍ਹ ਦੇ ਜ਼ਮਾਨੇ ਵਿਚ ਲੋਕਾਂ ਨੇ ਇਸ਼ਕ ਨੂੰ ਵੀ ਵਿਉਪਾਰ ਬਣਾ ਲਿਆ ਹੈ। ਇਸ ਕਰਕੇ ਧੋਖੇ, ਫ਼ਰੇਬ ਆਮ ਹੋ ਰਹੇ ਹਨ। 'ਸ਼ੀਸ਼ਿਆਂ ਦੇ ਸ਼ਹਿਰ ਅੰਦਰ' ਸਿਰਲੇਖ ਵਾਲੀ ਗ਼ਜ਼ਲ ਦਾ ਆਧੁਨਿਕ ਇਸ਼ਕ ਬਾਰੇ ਇੱਕ ਸ਼ਿਅਰ ਇਸ ਪ੍ਰਕਾਰ ਹੈ:

ਕੰਮ ਧੰਦਾ ਇਸ ਤਰ੍ਹਾਂ, ਬਾਜ਼ਾਰ ਵਿਚ ਵੀ ਕਦ ਰਿਹਾ,
ਇਸ਼ਕ ਵਿਚੋਂ ਜਿਸ ਤਰ੍ਹਾਂ, ਵਿਉਪਾਰ ਦੇ ਹਾਸਿਲ ਦਿਸੇ।

ਇਸ਼ਕ ਦੇ ਵਣਜ ਬਾਰੇ 'ਜੇ ਸਫ਼ਰ 'ਤੇ ਤੁਰਨ ਲਈ' ਸਿਰਲੇਖ ਵਾਲੀ ਗ਼ਜ਼ਲ ਇੱਕ ਸ਼ਿਅਰ ਹੈ:

ਇਸ਼ਕ ਵਿਚੋਂ ਜਿਸ ਤਰ੍ਹਾਂ, ਘਾਟਾ ਨਫ਼ਾ ਤੂੰ ਦੇਖਦੈਂ,
ਇਹ ਅਲਾਮਤ ਵਣਜ ਦੀ ਹੈ, ਪਿਆਰ ਦਾ ਹਾਸਿਲ ਨਹੀਂ।

ਬਲਰਾਜ ਧਾਲੀਵਾਲ ਨੇ ਆਪਣੀਆਂ ਗ਼ਜ਼ਲਾਂ ਦੇ ਕੁਝ ਸ਼ਿਅਰਾਂ ਵਿਚ ਪਰਵਾਸ ਦੇ ਸੰਤਾਪ ਨੂੰ ਮਹਿਸੂਸ ਕਰਦਿਆਂ ਲਿਖਿਆ ਹੈ। ਦੋ ਗ਼ਜ਼ਲਾਂ ਦੇ ਪਰਵਾਸ ਬਾਰੇ ਸ਼ਿਅਰ ਇਸ ਪ੍ਰਕਾਰ ਹਨ:

ਫ਼ਰਕ ਨਹੀਂ ਤੂੰ ਸੌਂ ਗਿਆ, ਮੈਂ ਜਾਗਦਾਂ ਪਰਦੇਸ ਵਿਚ,
ਸੌਂ ਗਏ ਜੇ ਦੋਸਤੀ ਦੇ ਵਲਵਲੇ, ਤਾਂ ਰੱਬ ਰਾਖਾ।
ਘਰ ਜਾਣ ਦੀ ਇੱਕ ਤਾਂਘ, ਦਿਲ ਦੇ ਵਿਚ ਸਦਾ ਪਲਦੀ ਰਹੀ,
ਭਾਰੂ ਰਿਹਾ ਸਫ਼ਰਾਂ ਦਾ ਪਰ, ਉਮਰੋਂ ਲੰਮੇਰਾ ਸਿਲਸਿਲਾ।
ਉਚੇ ਮਿਨਾਰਾਂ 'ਚੋਂ ਉਹ ਪੰਛੀ, ਕਰ ਗਏ ਪਰਵਾਸ ਕਿਉਂ,
ਉਹ ਜਾਣਦੇ ਸਨ ਆਵਣਾ ਹੈ, ਇੱਕ ਨਾ ਇੱਕ ਦਿਨ ਜ਼ਲਜ਼ਲਾ।

ਬਲਰਾਜ ਧਾਲੀਵਾਲ ਤੋਂ ਭਵਿੱਖ ਵਿਚ ਹੋਰ ਵੀ ਬਿਹਤਰੀਨ ਗ਼ਜ਼ਲਾਂ ਲਿਖਣ ਦੀ ਆਸ ਕੀਤੀ ਜਾ ਸਕਦੀ ਹੈ।

# ਗੀਤ ਸੰਗੀਤ ਦੀ ਵਿਰਾਸਤ ਦੇ ਖ਼ਜ਼ਾਨੇ ਦਾ ਪਹਿਰੇਦਾਰ : ਨਰਾਤਾ ਸਿੰਘ ਸਿੱਧੂ


-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA




**ਸੰਪਰਕ : ਨਰਾਤਾ ਸਿੰਘ ਸਿੱਧੂ :**
**94174-23728**





ਤਸਵੀਰਾਂ : ਨਰਾਤਾ ਸਿੰਘ ਸਿੱਧੂ ਅਤੇ ਜਾਪਾਨੀ ਗ੍ਰਾਮੋਫ਼ੋਨ ਥਰੀ ਇਨ ਵਨ।

ਸ਼ੌਕ ਦਾ ਕੋਈ ਮੁੱਲ ਨਹੀਂ ਹੁੰਦਾ। ਗ਼ਰੀਬੀ, ਦੁੱਖ-ਸੁੱਖ, ਉਮਰ ਅਤੇ ਸਮਾਜਿਕ ਅੜਚਣਾਂ ਸ਼ੌਕ ਦਾ ਰਾਹ ਨਹੀਂ ਰੋਕ ਸਕਦੀਆਂ, ਕਿਉਂਕਿ ਸ਼ੌਕ ਜ਼ਿੰਦਗੀ ਦੀ ਖ਼ੂਬਸੂਰਤੀ ਨੂੰ ਵਧਾਉਂਦਾ, ਨਿਖਾਰ ਲਿਆਉਂਦਾ ਤੇ ਜ਼ਿੰਦਗੀ ਜਿਊਣ ਦਾ ਸਰਵੋਤਮ ਢੰਗ ਬਣਦਾ ਹੈ। ਅਜਿਹਾ ਇੱਕ ਵਿਅਕਤੀ ਹੈ, ਨਰਾਤਾ ਸਿੰਘ ਸਿੱਧੂ ਜਿਹੜਾ ਗੀਤ-ਸੰਗੀਤ ਦੇ ਸ਼ੌਕ ਦੇ ਸਹਾਰੇ ਜ਼ਿੰਦਗੀ ਬਤੀਤ ਕਰ ਰਿਹਾ ਹੈ। ਉਸਦਾ ਸ਼ੌਕ 90 ਸਾਲ ਦੀ ਉਮਰ ਵਿਚ ਵੀ ਬਰਕਰਾਰ ਹੈ। ਉਸਦਾ ਸ਼ੌਕ ਸੰਗੀਤ ਦਾ ਆਨੰਦ ਮਾਨਣਾ ਹੈ, ਇਸ ਮੰਤਵ ਲਈ ਉਸ ਕੋਲ ਸੰਗੀਤਕ ਸਾਜ਼ਾਂ ਦਾ ਖ਼ਜ਼ਾਨਾ ਹੈ। ਉਸਦੀ ਉਮਰ ਤੋਂ ਵੀ ਪੁਰਾਣੇ ਤਵੇ, ਕੈਸਟਾਂ ਅਤੇ ਹੋਰ ਹਰ ਕਿਸਮ ਦੇ ਸੰਗੀਤ ਨਾਲ ਸੰਬੰਧਤ ਸਾਜ਼ੋ-ਸਾਮਾਨ ਉਸਦੇ ਆਪਣੇ ਘਰ ਦੇ ਸੰਗ੍ਰਹਿਯਾਲਾ ਵਿਚ ਮੌਜੂਦ ਹੈ। ਜਿਹੜਾ ਵੀ ਗੀਤ-ਸੰਗੀਤ ਉਸਨੂੰ ਸੁਣਨ ਦੀ ਚੇਸ਼ਟਾ ਹੁੰਦੀ ਹੈ, ਉਹ ਹੀ ਸੁਣ ਲੈਂਦਾ ਹੈ। ਉਸਨੇ ਆਪਣੇ ਘਰ ਵਿਚ ਇੱਕ ਕਮਰਾ ਅਜਿਹੇ ਸਾਜ਼-ਸਾਮਾਨ ਲਈ ਵੱਖਰਾ ਰੱਖਿਆ ਹੋਇਆ ਹੈ। ਨਰਾਤਾ ਸਿੰਘ ਸਿੱਧੂ ਕੋਲ 6500 ਤਵੇ ਅਤੇ ਐੱਲ.ਪੀ. ਹਨ, ਜਿਨ੍ਹਾਂ ਵਿਚ 300 ਪੱਥਰ ਦੇ ਤਵੇ ਹਨ। ਉਸ ਕੋਲ ਆਡੀਓ ਦੀ ਪੁਰਾਣੀ ਪ੍ਰਣਾਲੀ ਨਾਲ ਸੰਬੰਧਤ ਸਾਰੇ ਸਾਜ਼ ਮੌਜੂਦ ਹਨ। ਪੱਥਰ ਯੁੱਗ ਤੋਂ ਈ.ਪੀ., ਫਾਈਬਰ ਦੇ ਗੀਤ, ਕੈਸਟਾਂ, ਸੀ.ਡੀਜ਼, ਰੇਡੀਓ, ਟੇਪ ਰਿਕਾਰਡਰ ਆਦਿ ਸਾਰੇ ਉਸਨੇ ਸਾਂਭ ਕੇ ਰੱਖੇ ਹਨ। ਉਹ ਇਨ੍ਹਾਂ ਨੂੰ ਸੁਣਦੇ ਰਹਿੰਦੇ ਹਨ। ਪਾਕਿਸਤਾਨ ਦੀ ਗਾਇਕਾ ਮਲਕਾ ਪੁਖਰਾਜ ਦਾ 'ਅਭੀ ਤੋ ਮੈਂ ਜਵਾਂ ਹੂੰ' ਦਾ ਪੱਥਰ ਦਾ ਤਵਾ ਵੀ ਮੌਜੂਦ ਹੈ। ਇਸ ਤੋਂ ਇਲਾਵਾ 5 ਗ੍ਰਾਮੋਫ਼ੋਨ, ਇੱਕ ਥਰੀ-ਇਨ-ਵਨ ਜਾਪਾਨ ਦਾ ਬਣਿਆਂ ਗ੍ਰਾਮੋਫ਼ੋਨ ਵੀ ਹੈ, ਜਿਸ ਵਿੱ ਤਵਾ ਪਾ ਕੇ ਚਲਾਇਆ ਜਾ ਸਕਦਾ, ਟੇਪ ਰਿਕਾਰਡਰ ਅਤੇ ਰੇਡੀਓ ਵੀ ਹੈ, ਜੋ ਅਜੇ ਵੀ ਚਲਦੇ ਹਨ ਅਤੇ ਇੱਕ ਦਰਜਨ ਫਿਲਿਪਸ ਦੇ ਪੁਰਾਣੇ ਰੇਡੀਓ ਵੀ ਹਨ। ਉਸਦੇ ਇਸ ਸੰਗ੍ਰਹਿ ਵਿਚ ਪੰਜਾਬੀ, ਹਿੰਦੀ ਤੇ ਉਰਦੂ ਦੇ ਗਾਣੇ ਜਿਨ੍ਹਾਂ ਵਿਚ, ਰੋਟੀ ਲੈ ਜਾ ਬਾਪੂ ਦੀ : ਚਾਂਦੀ ਰਾਮ ਤੇ ਸ਼ਾਂਤੀ, ਐ ਮੁਹੱਬਤ ਤੇਰੇ ਅੰਜਾਮ ਪੇ ਰੋਣਾ ਆਇਆ : ਬੇਗ਼ਮ ਅਖ਼ਤਰ, ਦਮੜੀ ਦਾ ਸੱਕ ਮਲਕੇ ਮੁੰਡਾ ਮੋਹ ਲਿਆ ਤਵੀਤਾਂ ਵਾਲਾ : ਲਤਾ ਮੰਗੇਸ਼ਕਰ, ਗੱਲ ਸੋਚਕੇ ਕਰੀਂ ਤੂੰ ਜ਼ੈਲਦਾਰਾ ਅਸੀਂ ਨਹੀਂਉਂ ਕਲੌੜ ਝੱਲਣੀ : ਨਰਿੰਦਰ ਬੀਬਾ, ਰਤਨ ਫ਼ਿਲਮ ਦਾ ਗਾਣਾ : ਓਹ ਜਾਨੇ ਵਾਲੇ ਬਾਲਮਾ ਲੌਟ ਕੇ ਆ : ਅਮੀਰਾ ਬਾਈ, ਆਂਧੀਆਂ ਗ਼ਮ ਕੀ ਯੂੰ ਚਲੀਂ ਬਾਗ ਉਜੜਕੇ ਰਹਿ ਗਿਆ : ਨੂਰ ਜਹਾਂ, ਬੁੜਾ ਮਾਰਦਾ ਫਰਾਟੇ : ਪ੍ਰੋਮਲਾ ਪੋਹਲੀ ਤੇ ਗੁਰਚਰਨ ਸਿੰਘ ਪੋਹਲੀ ਦੀ ਜੋੜੀ, ਲੌਂਗ ਦਾ ਲਿਸ਼ਕਾਰਾ : ਚਿਤਰਾ ਸਿੰਘ, ਘੁੱਗੀਆਂ ਦਾ ਜੋੜਾ : ਪ੍ਰੀਤੀ ਬਾਲਾ ਤੇ ਉਂਕਾਰ ਸਿੰਘ ਰਾਣਾ ਦੀ ਜੋੜੀ ਦਾ ਗਾਇਆ, ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਸਵਰਨ ਲਤਾ, ਮੁਹੰਮਦ ਸਦੀਕ, ਰਣਜੀਤ ਕੌਰ, ਸੀਮਾ, ਹਰਚਰਨ ਗਰੇਵਾਲ, ਕਰਨੈਲ ਗਿੱਲ, ਆਲਮ ਲੁਹਾਰ ਅਤੇ ਨੂਰ ਜਹਾਂ ਦੇ ਪੰਜਾਬੀ ਗਾਣਿਆਂ ਦੇ ਐੱਲ.ਪੀ.ਸੰਭਾਲੇ ਪਏ ਹਨ। ਇਨ੍ਹਾਂ ਵਿਚ ਧਾਰਮਿਕ ਕੈਸਟਾਂ, ਤਵੇ ਅਤੇ ਟੇਪਾਂ ਵੀ ਸ਼ਾਮਲ ਹਨ। ਪੰਜਾਬੀ ਸੁਪ੍ਰਿਸਿੱਧ ਰਾਗੀਆਂ, ਢਾਡੀਆਂ, ਕੀਰਤਨੀਆਂ ਦੇ ਸ਼ਬਦ ਕੈਸਟਾਂ, ਤਵਿਆਂ ਅਤੇ ਟੇਪਾਂ ਵਿਚ ਮੌਜੂਦ ਹਨ। ਸੁਖਮਣੀ ਸਾਹਿਬ, ਜਪੁਜੀ ਸਾਹਿਬ ਅਤੇ ਧਾਰਮਿਕ ਕਥਾ ਵਾਚਕਾਂ ਦੇ ਵੀ ਰਿਕਾਰਡ ਸਾਂਭ ਕੇ ਰੱਖੇ ਹੋਏ ਹਨ। ਉਸ ਕੋਲ ਅਜਿਹਾ ਦੁਰਲੱਭ ਸਾਮਾਨ ਹੈ, ਜਿਹੜਾ ਅੱਜਕੱਲ੍ਹ ਮਿਲਦਾ ਹੀ ਨਹੀਂ। ਜਰਮਨ ਦਾ ਬਣਿਆਂ ਮਿੱਟੀ ਦੇ ਤੇਲ ਵਾਲਾ ਸਟੋਵ ਅਤੇ ਇੱਕ ਪ੍ਰੈੱਸ ਵੀ ਉਸ ਕੋਲ ਹੈ। ਰੇਡੀਓ ਤੋਂ ਅਜੇ ਵੀ ਉਹ ਗੀਤ-ਸੰਗੀਤ ਦੇ ਪ੍ਰੋਗਰਾਮਾਂ ਦਾ ਆਨੰਦ ਮਾਣਦਾ ਰਹਿੰਦਾ ਹੈ। ਉਹ ਪੁਰਾਤਨ ਸੰਗੀਤ ਸੁਣਕੇ ਹੀ ਖ਼ੁਸ਼ ਹੁੰਦਾ ਹੈ। ਆਧੁਨਿਕ ਪੌਪ ਗੀਤ ਸੰਗੀਤ ਨੂੰ ਨਹੀਂ ਸੁਣਦਾ। ਪੰਜਾਬੀ ਸੱਭਿਅਚਾਰ ਦੀ ਵਿਰਾਸਤ ਬਹੁਤ ਅਮੀਰ ਹੈ। ਖਾਸ ਤੌਰ 'ਤੇ ਗੀਤ-ਸੰਗੀਤ, ਰਹਿਣੀ-ਸਹਿਣੀ, ਪਹਿਰਾਵਾ ਤੇ ਵਿਵਹਾਰ ਆਦਿ। ਗੁਰਬਾਣੀ ਵਿਚ ਰਾਗਾਂ ਦੀ ਵਰਤੋਂ ਅਤੇ ਕਲਾਸਿਕ ਸਾਜ਼ ਪੰਜਾਬੀ ਸੱਭਿਆਚਾਰ ਦੀ ਵਿਰਾਸਤ ਦਾ ਕੀਮਤੀ ਖ਼ਜ਼ਾਨਾ ਹਨ। ਇਸ ਵਿਰਾਸਤ ਨੂੰ ਸਦੀਵੀ ਰੱਖਣ ਲਈ ਇਸਦੇ ਪਹਿਰੇਦਾਰ ਬਣਨਾ ਅਤਿਅੰਤ ਜ਼ਰੂਰੀ ਹੈ। ਸੰਗੀਤ ਰੂਹ ਦੀ ਖ਼ੁਰਾਕ ਹੁੰਦਾ ਹੈ। ਸੰਗੀਤ ਇਨਸਾਨ ਦੇ ਸਰੀਰ ਅਤੇ ਮਨ ਵਿਚ ਸਰਸਰਾਹਟ ਪੈਦਾ ਕਰ ਦਿੰਦਾ ਹੈ। ਸੰਗੀਤ ਜ਼ਿੰਦਗੀ ਜਿਓਣ ਦਾ ਬਿਹਤਰੀਨ ਢੰਗ ਹੈ। ਹਰ ਸਮੱਸਿਆ ਅਤੇ ਮਾਨਸਿਕ ਖਿਚੋਤਾਣ ਨੂੰ ਸੰਤੁਲਨ ਕਰਨ ਲਈ ਲਾਭਦਾਇਕ ਹੁੰਦਾ ਹੈ। ਸੰਗੀਤ ਸੁਣਨ ਨਾਲ ਮਾਨਿਸਿਕ ਸੰਤੁਸ਼ਟੀ ਹੁੰਦੀ ਹੈ। ਨਰਾਤਾ ਸਿੰਘ ਸਿੱਧੂ ਇੱਕ ਅਜਿਹਾ ਸੰਗੀਤ ਪ੍ਰੇਮੀ ਹੈ, ਜਿਹੜਾ ਸਿਰਫ ਤੇ ਸਿਰਫ਼ ਸੰਗੀਤ ਦੇ ਸਹਾਰੇ ਹੀ ਆਪਣੀ ਜ਼ਿੰਦਗੀ ਬਸਰ ਕਰ ਰਿਹਾ ਹੈ। ਪਤਨੀ ਸਵਰਗਵਾਸ ਹੋ ਗਈ ਹੈ। ਲੜਕੀ ਕੈਨੇਡਾ ਵਿਚ ਰਹਿੰਦੀ ਹੈ। ਇਕੱਲਤਾ ਦਾ ਸਹਾਰਾ ਗੀਤ ਸੰਗੀਤ ਬਣਦਾ ਹੈ। ਮਹਿਜ ਨੌਂ ਸਾਲ ਦੀ ਉਮਰ ਵਿਚ ਉਸਨੂੰ ਗਾਇਕੀ ਨਾਲ ਪਿਆਰ ਪੈਦਾ ਹੋ ਗਿਆ ਸੀ, ਜਦੋਂ ਅਜੇ ਉਹ ਤੀਜੀ ਕਲਾਸ ਵਿਚ ਹੀ ਪੜ੍ਹਦਾ ਸੀ। ਫਿਰ ਉਸਨੇ ਸਕੂਲ ਵਿਚ ਹੀ ਗੀਤ ਅਤੇ ਕਵਿਤਾਵਾਂ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਹ ਦਿਨ ਤੇ ਅੱਜ 90 ਸਾਲ ਦੀ ਉਮਰ ਵਿਚ ਵੀ ਉਸਦਾ ਗੀਤ-ਸੰਗੀਤ ਦਾ ਸ਼ੌਕ ਬਰਕਰਾਰ ਹੈ। ਉਸ ਕੋਲ ਸੰਗੀਤ ਦੇ ਸਾਜ਼ਾਂ ਦਾ ਸੰਗ੍ਰਹਿ ਅਰਥਾਤ ਖ਼ਜਾਨਾ ਹੈ। ਇੱਕ ਕਿਸਮ ਨਾਲ ਉਸਦਾ ਘਰ ਅਜਾਇਬ ਘਰ ਦੀ ਤਰ੍ਹਾਂ ਹੀ ਹੈ। ਉਸ ਕੋਲ ਜਿਤਨੇ ਵੀ ਸੰਗੀਤ ਦੇ ਸਾਜ਼ ਪਏ ਹਨ, ਭਾਵੇਂ ਉਹ ਸੌ ਸਾਲ ਤੋਂ ਵੀ ਪੁਰਾਣੇ ਹਨ, ਪ੍ਰੰਤੂ ਸਾਰੇ ਚਲਦੇ ਹਨ। ਪੁਰਾਣੇ ਅਤੇ ਅਜੋਕੇ ਆਧੁਨਿਕ ਸੰਗੀਤ ਦਾ ਜ਼ਮੀਨ ਅਸਮਾਨ ਦਾ ਅੰਤਰ ਹੈ। ਪੁਰਾਣਾ ਗੀਤ ਸੰਗੀਤ ਸਹਿਜਤਾ ਅਤੇ ਸ਼ਾਂਤੀ ਦਾ ਪ੍ਰਤੀਕ ਹੁੰਦਾ ਸੀ, ਸਕੂਨ ਪ੍ਰਦਾਨ ਕਰਦਾ ਸੀ। ਆਧੁਨਿਕ ਪੌਪ ਗੀਤ ਸੰਗੀਤ ਦੀ ਆਵਾਜ਼ ਬਹੁਤ ਜ਼ਿਆਦਾ ਹੁੰਦੀ ਹੈ, ਜਿਹੜਾ ਰੂਹ ਦੀ ਖ਼ੁਰਾਕ ਦੇਣ ਦੀ ਥਾਂ ਰੂਹ ਨੂੰ ਕੰਬਾ ਦਿੰਦਾ ਹੈ। ਨਰਾਤਾ ਸਿੰਘ ਦਾ ਗੀਤ-ਸੰਗੀਤ ਦੇ ਸਾਜ਼ਾਂ ਦਾ ਖ਼ਜ਼ਾਨਾ ਆਤਮਿਕ ਸੰਤੁਸ਼ਟੀ ਦਿੰਦਾ ਹੈ। ਸੰਗੀਤ ਦੇ ਸਾਜ਼ਾਂ ਦਾ ਖ਼ਜ਼ਾਨਾ ਨਰਾਤਾ ਸਿੰਘ ਸਿੱਧੂ ਨੇ ਆਪਣੀ ਤਨਖ਼ਾਹ ਵਿਚੋਂ ਖਰੀਦਿਆ ਹੋਇਆ ਹੈ, ਪਰਿਵਾਰ ਦੇ ਗੁਜ਼ਾਰੇ ਨੂੰ ਉਹ ਘੱਟ ਤੋਂ ਘੱਟ ਖ਼ਰਚੇ ਨਾਲ ਪੂਰਾ ਕਰਦਾ ਸੀ, ਪ੍ਰੰਤੂ ਬਾਕੀ ਤਨਖ਼ਾਹ ਕਿਸੇ ਐਸ਼-ਆਰਾਮ ਦੇ ਸਾਮਾਨ ਲਈ ਨਹੀਂ, ਸਗੋਂ ਸਿਰਫ਼ ਇਹ ਸਾਜ਼ ਖ਼ਰੀਦਣ ਲਈ ਵਰਤਦਾ ਸੀ। ਬਹੁਤ ਸਾਰੇ ਪੁਰਾਣੇ ਗੀਤਾਂ ਦੇ ਸ਼ੌਕੀਨ ਸੰਗਤ ਪ੍ਰੇਮੀਆਂ ਨੇ ਉਸ ਕੋਲ ਇਨ੍ਹਾਂ ਨੂੰ ਮੂੰਹ ਮੰਗਿਆ ਮੁੱਲ ਦੇ ਕੇ ਖਰੀਦਣ ਦੀ ਪੇਸ਼ਕਸ਼ ਕੀਤੀ ਸੀ, ਪ੍ਰੰਤੂ ਨਰਾਤਾ ਸਿੰਘ ਸਿੱਧੂ ਨੇ ਵੇਚਣ ਤੋਂ ਇਨਕਾਰ ਕਰ ਦਿੱਤਾ। ਸਕੂਲ ਵਿਚ ਪੜ੍ਹਦਿਆਂ ਹੀ ਨਰਾਤਾ ਸਿੰਘ ਸਿੱਧੂ ਨੇ ਗੀਤ-ਸੰਗੀਤ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਸਕੂਲ ਦੇ ਸੱਭਿਆਚਾਰਕ ਪ੍ਰੋਗਰਾਮਾਂ ਵਿਚ ਉਹ ਗੀਤ ਗਾਉਂਦਾ ਹੁੰਦਾ ਸੀ। ਉਨ੍ਹਾਂ ਦਿਨਾਂ ਵਿਚ ਰੇਡੀਓ ਹੀ ਗੀਤ-ਸੰਗੀਤ ਦਾ ਸਾਧਨ ਸੀ। ਉਹ ਰੇਡੀਓ 'ਤੇ ਗੀਤ-ਸੰਗੀਤ ਦਾ ਪ੍ਰੋਗਰਾਮ ਸੁਣਨ ਦਾ ਸ਼ੌਕੀਨ ਸੀ, ਪ੍ਰੰਤੂ ਉਸਦੇ ਘਰ ਰੇਡੀਓ ਨਹੀਂ ਸੀ, ਇਸ ਲਈ ਉਹ ਲੋਕਾਂ ਦੇ ਘਰ ਜਾ ਕੇ ਰੇਡੀਓ ਸੁਣਦਾ ਰਹਿੰਦਾ ਸੀ। ਸਕੂਲ ਦੇ ਅਧਿਆਪਕ ਆਰ.ਕੇ. ਮਧਾਨ ਨੇ ਨਰਾਤਾ ਸਿੰਘ ਸਿੱਧੂ ਦੀ ਗੀਤ-ਸੰਗੀਤ ਦੀ ਰੁਚੀ ਨੂੰ ਪਛਾਣਦਿਆਂ ਉਸ ਵੱਲ ਵਿਸ਼ੇਸ਼ ਧਿਆਨ ਦੇ ਕੇ ਅਗਵਾਈ ਦੇਣੀ ਸ਼ੁਰੂ ਕਰ ਦਿੱਤੀ। ਫਿਰ ਨਰਾਤਾ ਸਿੰਘ ਸਿੱਧੂ ਨੇ ਬਰਨਾਲਾ ਦੇ ਪ੍ਰਸਿੱਧ ਕਥਾਵਾਚਕ ਰਾਮ ਸਰੂਪ ਪਾਂਧਾ ਦੀ ਸੰਗਤ ਕਰਕੇ ਉਸ ਤੋਂ ਸਿੱਖਿਆ ਲੈਣੀ ਸ਼ੁਰੂ ਕੀਤੀ। ਨਰਾਤਾ ਸਿੰਘ ਸਿੱਧੂ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ ਸੰਗਰੂਰ ਵਿਚ 6 ਅਕਤੂਬਰ 1961 ਨੂੰ ਕਲਾਕਾਰ ਲੱਗ ਗਿਆ। ਗੁਰਦੇਵ ਸਿੰਘ ਮਾਨ ਡਰਾਮਾ ਇੰਸਪੈਕਟਰ ਸੀ। ਗੁਰਦੇਵ ਸਿੰਘ ਮਾਨ ਨੇ ਇੱਕ ਨਾਟਕ 'ਪੱਗੜੀ ਸੰਭਾਲ ਜੱਟਾ' ਖੇਡਿਆ, ਨਰਾਤਾ ਸਿੰਘ ਸਿੱਧੂ ਨੇ ਉਸ ਨਾਟਕ ਦੇ ਹੀਰੋ ਦੀ ਅਦਾਕਾਰੀ ਕੀਤੀ। ਉਸਨੇ ਮੁਹੰਮਦ ਸਦੀਕ, ਹਰਚਰਨ ਗਰੇਵਾਲ, ਕਰਨੈਲ ਗਿੱਲ ਅਤੇ ਸੀਮਾ ਵਰਗੇ ਗਾਇਕਾਂ ਨਾਲ ਗੀਤ-ਸੰਗੀਤ ਦੇ ਪ੍ਰੋਗਰਾਮ ਪੇਸ਼ ਕੀਤੇ। ਲੋਕ ਸੰਪਰਕ ਵਿਭਾਗ ਨੇ ਜਦੋਂ ਰੋਸ਼ਨੀ ਤੇ ਆਵਾਜ਼ ਪ੍ਰੋਗਰਾਮ ਸ਼ੁਰੂ ਕੀਤਾ, ਤਾਂ ਨਰਾਤਾ ਸਿੰਘ ਸਿੱਧੂ ਚਾਰ ਦਿਨ ਸ੍ਰੀ ਹਜ਼ੂਰ ਸਾਹਿਬ ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਗਏ। ਇਸ ਤੋਂ ਇਲਾਵਾ ਸੱਭਿਅਚਾਰਕ ਟਰੂੱਪ ਦਿੱਲੀ ਟਰੇਡ ਫ਼ੇਅਰ 'ਤੇ ਵੀ ਉਹ ਲੈ ਕੇ ਜਾਂਦੇ ਰਹੇ। 31 ਅਕਤੂਬਰ 1995 ਨੂੰ ਉਹ ਆਪਣੀ ਨੌਕਰੀ ਤੋਂ ਸੇਵਾਮੁਕਤ ਹੋਏ ਸਨ।

ਨਰਾਤਾ ਸਿੰਘ ਸਿੱਧੂ ਦਾ ਜਨਮ 6 ਅਕਤੂਬਰ, 1937 ਨੂੰ ਪਿਤਾ ਬਸੰਤ ਦਾਸ ਮਾਤਾ ਪ੍ਰਸਿੰਨ ਕੌਰ ਦੀ ਕੁੱਖੋਂ ਬਰਨਾਲਾ ਵਿਖੇ ਹੋਇਆ। ਉਸਨੇ ਦਸਵੀਂ ਤੱਕ ਦੀ ਪੜ੍ਹਾਈ ਪਹਿਲਾਂ ਸਰਕਾਰੀ ਪ੍ਰਾਇਮਰੀ ਸਕੂਲ ਅਤੇ ਫਿਰ ਸਰਕਾਰੀ ਹਾਈ ਸਕੂਲ ਬਰਨਾਲਾ ਤੋਂ ਦਸਵੀਂ ਪਾਸ ਕੀਤੀ। ਨਰਾਤਾ ਸਿੰਘ ਦਾ ਵਿਆਹ ਨਸੀਬ ਕੌਰ ਨਾਲ ਹੋਇਆ। ਉਨ੍ਹਾਂ ਦੀ ਇੱਕ ਲੜਕੀ ਇੰਦਰਜੀਤ ਕੌਰ ਹੈ, ਜੋ ਕੈਨੇਡਾ ਵਿਖੇ ਰਹਿ ਰਹੀ ਹੈ।

**ਨਰਾਤਾ ਸਿੰਘ ਸਿੱਧੂ ਕੋਲ 6500 ਤਵੇ ਅਤੇ ਐੱਲ.ਪੀ. ਹਨ, ਜਿਨ੍ਹਾਂ ਵਿਚ 300 ਪੱਥਰ ਦੇ ਤਵੇ ਹਨ। ਉਸ ਕੋਲ ਆਡੀਓ ਦੀ ਪੁਰਾਣੀ ਪ੍ਰਣਾਲੀ ਨਾਲ ਸੰਬੰਧਤ ਸਾਰੇ ਸਾਜ਼ ਮੌਜੂਦ ਹਨ। ਪੱਥਰ ਯੁੱਗ ਤੋਂ ਈ.ਪੀ., ਫਾਈਬਰ ਦੇ ਗੀਤ, ਕੈਸਟਾਂ, ਸੀ.ਡੀਜ਼, ਰੇਡੀਓ, ਟੇਪ ਰਿਕਾਰਡਰ ਆਦਿ ਸਾਰੇ ਉਸਨੇ ਸਾਂਭ ਕੇ ਰੱਖੇ ਹਨ। ਉਹ ਇਨ੍ਹਾਂ ਨੂੰ ਸੁਣਦੇ ਰਹਿੰਦੇ ਹਨ। ਪਾਕਿਸਤਾਨ ਦੀ ਗਾਇਕਾ ਮਲਕਾ ਪੁਖਰਾਜ ਦਾ 'ਅਭੀ ਤੋ ਮੈਂ ਜਵਾਂ ਹੂੰ' ਦਾ ਪੱਥਰ ਦਾ ਤਵਾ ਵੀ ਮੌਜੂਦ ਹੈ।**

# ਕਰੋਨਾ ਕਾਲ 'ਚ ਸਿੱਖਿਆ ਵਿਭਾਗ ਦੀ ਕਾਰਜਸ਼ੈਲੀ



ਪ੍ਰਿੰਸੀਪਲ ਜਸਪਾਲ ਸਿੰਘ ਲੋਹਾਮ
ਮੋਗਾ
ਮੋਬਾਇਲ (ਵਟਸਐਪ) : 97810-40140
ਪੰਜਾਬ ਮੇਲ USA



ਸਰਕਾਰ ਨੇ ਹਾਲਾਤ ਦੇਖ ਕੇ ਸਕੂਲ ਬੰਦ ਕਰ ਦਿੱਤੇ। ਪੜ੍ਹਾਈ ਦਾ ਕੰਮ ਠੱਪ ਹੋ ਗਿਆ। ਸਿੱਖਿਆ ਵਿਭਾਗ ਨੇ ਵਟਸਐਪ ਰਾਹੀਂ ਪੜ੍ਹਾਈ ਦਾ ਕੰਮ ਸ਼ੁਰੂ ਕਰਵਾ ਦਿੱਤਾ। ਬਾਅਦ ਵਿਚ ਆਨਲਾਈਨ ਕਲਾਸਾਂ ਲੱਗਣੀਆਂ ਸ਼ੁਰੂ ਹੋ ਗਈਆਂ। ਜਦੋਂ ਵਿਦਿਆਰਥੀਆਂ ਨੂੰ ਸਕੂਲ ਬੁਲਾਇਆ ਗਿਆ, ਤਾਂ ਵਿਦਿਆਰਥੀਆਂ ਨੂੰ ਇੱਕ-ਇੱਕ ਬੈਂਚ ਛੱਡ ਕੇ ਬਿਠਾਉਣ ਲੱਗ ਪਏ, ਹਰੇਕ ਦੇ ਲਈ ਮਾਸਕ ਜ਼ਰੂਰੀ ਸੀ, ਬੱਚਿਆਂ ਨੂੰ ਵੰਡ ਕੇ ਵਾਰੀ-ਵਾਰੀ ਸਕੂਲ ਸੱਦਿਆ ਗਿਆ। ਜਿਸ ਤਰ੍ਹਾਂ ਸਕੂਲ ਮੁਖੀ ਨੂੰ ਠੀਕ ਲੱਗਿਆ, ਉਵੇਂ ਹੀ ਸ਼ੁਰੂ ਕਰ ਦਿੱਤਾ।

ਸੰਨ 2020 ਦਾ ਸਮਾਂ ਭਿਆਨਕ ਰੂਪ ਵਿਚ ਆਇਆ, ਜਦੋਂ ਕਰੋਨਾ ਵਿਸ਼ਾਣੂ ਨੇ ਇਸ ਸੰਸਾਰ ਵਿਚ ਦਸਤਕ ਦਿੱਤੀ। ਚੀਨ ਦੇ ਵੁਹਾਨ ਇਲਾਕੇ ਵਿਚ ਕਰੋਨਾ ਦਾ ਪਹਿਲਾ ਕੇਸ ਆਇਆ ਅਤੇ ਫਿਰ ਇਸ ਦੇ ਫੈਲਣ ਦੀ ਦਰ ਵੱਧ ਗਈ। ਭਾਰਤ ਵਿਚ ਪਹਿਲਾ ਕਰੋਨਾ ਵਿਸ਼ਾਣੂ ਦਾ ਕੇਸ ਉਦੋਂ ਪਾਇਆ ਗਿਆ, ਜਦੋਂ ਭਾਰਤ ਦੇ ਮੈਡੀਕਲ ਦੇ ਵਿਦਿਆਰਥੀ ਵੁਹਾਨ ਤੋਂ ਭਾਰਤ ਆਏ ਸੀ। ਪੰਜਾਬ ਵਿਚ ਪਹਿਲਾ ਕੇਸ 9 ਮਾਰਚ 2020 ਨੂੰ ਇਟਲੀ ਤੋਂ ਆਇਆ ਸੀ। ਕੇਂਦਰ ਤੇ ਰਾਜ ਸਰਕਾਰਾਂ ਉਦੋਂ ਤੋਂ ਚਿੰਤਤ ਹੋਈਆਂ। ਸਰਕਾਰਾਂ ਨੇ ਕਮੇਟੀਆਂ ਬਣਾ ਕੇ ਸਾਰੇ ਵਿਭਾਗਾਂ ਦੇ ਮੁਲਾਜ਼ਮਾਂ ਨੂੰ ਇਸ ਸੇਵਾ ਦੇ ਕੰਮ 'ਤੇ ਲਾ ਦਿੱਤਾ। ਸਿਹਤ ਵਿਭਾਗ ਦੇ ਡਾਕਟਰ, ਅਫਸਰ, ਮੁਲਾਜ਼ਮ, ਪੰਜਾਬ ਪੁਲਿਸ ਆਦਿ ਪੂਰੀ ਤਰ੍ਹਾਂ ਸਰਗਰਮ ਹੋਏ। ਕੇਂਦਰ ਤੋਂ ਜੋ ਵੀ ਹਦਾਇਤਾਂ ਜਾਰੀ ਹੁੰਦੀਆਂ, ਉਨ੍ਹਾਂ ਨੂੰ ਆਮ ਲੋਕਾਂ ਤੱਕ ਟੀ.ਵੀ. ਤੇ ਹੋਰ ਸੋਸ਼ਲ ਮੀਡੀਆ ਰਾਹੀਂ ਪਹੁੰਚਾਇਆ ਜਾਣ ਲੱਗਿਆ। ਲੋਕਾਂ ਨੂੰ ਦੱਸਿਆ ਗਿਆ, ਕੀ ਕਰਨਾ ਹੈ ਤੇ ਕੀ ਨਹੀਂ ਕਰਨਾ ਹੈ? ਵੱਡੀ ਉਮਰ ਦੇ ਲੋਕ, ਗਰਭਵਤੀ ਔਰਤਾਂ, ਬਿਮਾਰ, ਕਮਜ਼ੋਰ ਰੋਗ ਪ੍ਰਤੀਰੋਧਕ ਸਮਰੱਥਾ ਵਾਲੇ ਲੋਕ, ਭੀੜ-ਭਾੜ ਵਾਲੀਆਂ ਥਾਵਾਂ 'ਤੇ ਜਾਣ ਸਮੇਂ ਮਾਸਕ ਪਾਉਣ। ਸਿਹਤ ਵਿਭਾਗ ਦੇ ਕਰਮਚਾਰੀ ਖੁਦ ਮਾਸਕ ਪਾਉਣ। ਖੰਘਣ ਸਮੇਂ ਮੂੰਹ, ਨੱਕ ਅਤੇ ਕੰਨ ਨੂੰ ਰੁਮਾਲ ਨਾਲ ਢਕੋ, ਟਿਸ਼ੂ ਪੇਪਰ ਵਰਤਿਆ ਜਾਵੇ ਜਾਂ ਕੂਹਣੀ ਦੀ ਵਰਤੋਂ ਕੀਤੀ ਜਾਵੇ। ਜੇਕਰ ਕੋਈ ਬਿਮਾਰ ਹੈ, ਬੁਖਾਰ ਹੈ, ਖੰਘ ਹੈ, ਸਾਹ ਲੈਣ ਵਿਚ ਤਕਲੀਫ ਹੈ, ਤਾਂ ਡਾਕਟਰ ਨੂੰ ਦਿਖਾਓ। ਭੀੜ ਵਾਲੀਆਂ ਥਾਵਾਂ 'ਤੇ ਨਾ ਜਾਓ, ਘੱਟ ਹਵਾਦਾਰ ਥਾਵਾਂ 'ਤੇ ਵੀ ਨਾ ਜਾਓ, ਬਿਨਾਂ ਹੱਥ ਧੋਏ ਚਿਹਰਾ, ਮੂੰਹ, ਨੱਕ ਅਤੇ ਅੱਖ ਨੂੰ ਨਾ ਛੂਹੋ। ਸਾਂਝੀਆਂ ਥਾਵਾਂ 'ਤੇ ਨਾ ਥੁਕੋ, ਦਵਾਈ ਖੁਦ ਨਾ ਲਓ ਡਾਕਟਰ ਦੀ ਸਲਾਹ ਲਓ। ਸਰਕਾਰ ਨੇ ਲਾਕਡਾਊਨ ਲਗਾ ਦਿੱਤਾ ਅਤੇ ਫਿਰ ਉਸ ਨੂੰ ਅੱਗੇ ਇਹ ਸਮਾਂ ਵਧਾਉਂਦੇ ਗਏ। ਸਰਕਾਰ ਨੇ ਹਾਲਾਤ ਦੇਖ ਕੇ ਸਕੂਲ ਬੰਦ ਕਰ ਦਿੱਤੇ। ਪੜ੍ਹਾਈ ਦਾ ਕੰਮ ਠੱਪ ਹੋ ਗਿਆ। ਸਿੱਖਿਆ ਵਿਭਾਗ ਨੇ ਵਟਸਐਪ ਰਾਹੀਂ ਪੜ੍ਹਾਈ ਦਾ ਕੰਮ ਸ਼ੁਰੂ ਕਰਵਾ ਦਿੱਤਾ। ਬਾਅਦ ਵਿਚ ਆਨਲਾਈਨ ਕਲਾਸਾਂ ਲੱਗਣੀਆਂ ਸ਼ੁਰੂ ਹੋ ਗਈਆਂ। ਜਦੋਂ ਵਿਦਿਆਰਥੀਆਂ ਨੂੰ ਸਕੂਲ ਬੁਲਾਇਆ ਗਿਆ, ਤਾਂ ਵਿਦਿਆਰਥੀਆਂ ਨੂੰ ਇੱਕ-ਇੱਕ ਬੈਂਚ ਛੱਡ ਕੇ ਬਿਠਾਉਣ ਲੱਗ ਪਏ, ਹਰੇਕ ਦੇ ਲਈ ਮਾਸਕ ਜ਼ਰੂਰੀ ਸੀ, ਬੱਚਿਆਂ ਨੂੰ ਵੰਡ ਕੇ ਵਾਰੀ-ਵਾਰੀ ਸਕੂਲ ਸੱਦਿਆ ਗਿਆ। ਜਿਸ ਤਰ੍ਹਾਂ ਸਕੂਲ ਮੁਖੀ ਨੂੰ ਠੀਕ ਲੱਗਿਆ, ਉਵੇਂ ਹੀ ਸ਼ੁਰੂ ਕਰ ਦਿੱਤਾ। ਸਿੱਖਿਆ ਵਿਭਾਗ ਦੀਆਂ ਉੱਚ ਅਧਿਕਾਰੀਆਂ ਦੀਆਂ ਟੀਮਾਂ ਰੋਜ਼ਾਨਾ ਪੜ੍ਹਾਈ ਦਾ ਮੈਟਰ ਭੇਜਦੇ ਸਨ ਅਤੇ ਉਹ ਵਿਦਿਆਰਥੀਆਂ ਤੱਕ ਪਹੁੰਚਦਾ ਹੁੰਦਾ ਸੀ। ਇਸ ਕਾਰਜ ਲਈ ਸਿੱਖਿਆ ਅਫਸਰ, ਪ੍ਰਿੰਸੀਪਲ, ਮੁੱਖ ਅਧਿਆਪਕ, ਅਧਿਆਪਕ ਅਤੇ ਦਰਜਾਚਾਰ ਇੱਕ ਕੜੀ ਵਾਂਗ ਕੰਮ ਕਰਦੇ ਸਨ। ਸਕੂਲ ਮੁਖੀ ਨੇ ਉੱਪਰੋਂ ਆਈਆਂ ਹਦਾਇਤਾਂ ਅਨੁਸਾਰ ਇਕ ਦਫਤਰ ਵਿਚ ਰਜਿਸਟਰ ਲਾਇਆ ਹੋਇਆ ਸੀ, ਜਿਸ ਵਿਚ ਅਧਿਆਪਕ ਆਪਣੀ ਰੋਜ਼ਾਨਾ ਦੀ ਕਾਰਗੁਜ਼ਾਰੀ ਦਰਜ ਕਰਦੇ ਸਨ। ਸਮੇਂ-ਸਮੇਂ 'ਤੇ ਪੇਪਰ ਆਨਲਾਈਨ ਲਏ ਗਏ। ਜਿਸ ਵਿਦਿਆਰਥੀ ਕੋਲ ਮੋਬਾਈਲ ਨਹੀਂ ਸੀ, ਅਧਿਆਪਕ ਖੁਦ ਆਪਣੇ ਮੋਬਾਈਲ ਰਾਹੀਂ, ਉਨ੍ਹਾਂ ਤੋਂ ਆਨਲਾਈਨ ਕੰਮ ਕਰਵਾਉਂਦੇ ਸਨ। ਹਰ ਪੱਧਰ 'ਤੇ ਉਚ ਅਧਿਕਾਰੀ, ਡੀ.ਈ.ਓ. ਅਤੇ ਸਕੂਲ ਮੁਖੀਆਂ ਦੀ ਮੀਟਿੰਗ ਰੋਜ਼ਾਨਾ ਵਾਂਗ ਹੁੰਦੀ ਸੀ ਅਤੇ ਕਈ ਵਾਰ ਦਿਨ 'ਚ ਕਈ-ਕਈ ਮੀਟਿੰਗਾਂ ਵੀ ਹੋ ਜਾਂਦੀਆਂ ਸਨ। ਫਿਰ ਡੀ.ਈ.ਓ., ਸਕੂਲ ਮੁਖੀ ਅਤੇ ਅਧਿਆਪਕਾਂ ਦੀ ਆਨਲਾਈਨ ਮੀਟਿੰਗ ਹੁੰਦੀ ਸੀ। ਸਿਹਤ ਵਿਭਾਗ ਦੇ ਡਾਕਟਰ, ਕਾਮੇ ਸਕੂਲਾਂ ਵਿਚ ਆਉਂਦੇ ਤੇ ਵਿਦਿਆਰਥੀਆਂ ਦਾ ਚੈੱਕਅੱਪ ਕਰਦੇ। ਕਰੋਨਾ ਟੈਸਟ ਕਰਦੇ ਜੇਕਰ ਕੋਈ ਕਰੋਨਾ ਮਰੀਜ਼ ਨਿਕਲਦਾ, ਤਾਂ ਉਸਨੂੰ ਘਰ ਵੱਖਰਾ ਰਹਿਣ ਲਈ ਕਹਿ ਦਿੱਤਾ ਜਾਂਦਾ। ਸਕੂਲ ਸਟਾਫ ਦੇ ਵੀ ਕਰੋਨਾ ਟੈਸਟ ਹੁੰਦੇ ਸਨ। ਮੇਰੇ ਸਕੂਲ ਦੇ ਨੇੜੇ ਜੀ.ਟੀ. ਰੋਡ 'ਤੇ ਹਸਪਤਾਲ ਸੀ, ਜਿੱਥੇ ਸਾਰੇ ਅਧਿਆਪਕ ਜਾ ਕੇ ਵੈਕਸੀਨ ਲਗਵਾ ਲੈਂਦੇ ਸਨ। ਮੈਂ ਵੀ ਉੱਥੇ ਜਾ ਕੇ ਵੈਕਸੀਨ ਲਗਵਾਉਂਦਾ ਸੀ। ਜਿਹੜੇ ਵੈਕਸੀਨ ਲਵਾ ਲੈਂਦੇ ਸੀ, ਉਸਦਾ ਆਨਲਾਈਨ ਸਰਟੀਫਿਕੇਟ ਨਿਕਲਦਾ ਸੀ, ਉਸ ਨੂੰ ਇੱਕ ਫੋਲਡਰ ਵਿਚ ਪਾ ਕੇ ਰੱਖਿਆ ਜਾਂਦਾ ਸੀ। ਅਫਸਰ ਵੀ ਇਸ ਮਾਮਲੇ ਵਿਚ ਢਿੱਲ ਬਰਦਾਸ਼ਤ ਨਹੀਂ ਕਰਦੇ ਸਨ। ਮੈਂ ਆਪਣੇ ਸਾਥੀ ਅਧਿਆਪਕਾਂ ਨੂੰ ਪਰੇਰ ਕੇ ਸਮੇਂ ਨਾਲ ਵੈਕਸੀਨ ਲਗਵਾ ਲੈਂਦਾ ਸੀ। ਜਿੱਥੇ ਇਹ ਸਾਡੇ ਲਈ ਜ਼ਰੂਰੀ ਸੀ, ਉਥੇ ਇਹ ਸਰਟੀਫਿਕੇਟ ਆਈ.ਐੱਚ.ਆਰ.ਐੱਮ.ਐੱਸ. 'ਤੇ ਅਪਲੋਡ ਹੁੰਦਾ ਸੀ। ਫਿਰ ਤਨਖਾਹ ਬਣਦੀ ਸੀ। ਸਰਟੀਫਿਕੇਟ ਤੋਂ ਬਿਨਾਂ ਤਨਖਾਹ ਨਹੀਂ ਬਣਦੀ ਸੀ। ਜਦੋਂ ਸਭ ਦੇ ਸਰਟੀਫਿਕੇਟ ਬਣ ਜਾਂਦੇ ਸਨ, ਫਿਰ ਤਨਖਾਹ ਦੇ ਬਿੱਲ ਜ਼ਿਲ੍ਹਾ ਖਜ਼ਾਨਾ ਅਫਸਰ ਕੋਲ ਚਲੇ ਜਾਂਦੇ ਸਨ। ਮੇਰੇ ਸਾਥੀ ਅਧਿਆਪਕਾਂ ਨੇ ਸਮੇਂ-ਸਮੇਂ 'ਤੇ ਬਹੁਤ ਸਾਥ ਦਿੱਤਾ। ਦਫਤਰ ਜ਼ਿਲ੍ਹਾ ਸਿੱਖਿਆ ਅਫਸਰ ਨੇ ਇੱਕ ਪੱਤਰ ਜਾਰੀ ਕਰਕੇ ਮੋਗਾ ਸ਼ਹਿਰ ਦੇ ਸਾਰੇ ਸਕੂਲਾਂ ਦੇ ਮੁਖੀਆਂ ਦੀ ਡਿਊਟੀ ਨਗਰ ਨਿਗਮ ਦੇ ਅਫਸਰ ਅਧੀਨ ਲਗਾ ਦਿੱਤੀ। ਉਨ੍ਹਾਂ ਨੇ ਪਹਿਲੀ ਮੀਟਿੰਗ ਕਰਕੇ ਆਪਣੀ ਕਾਰਜਵਿਧੀ ਦੱਸ ਦਿੱਤੀ। ਉਨ੍ਹਾਂ ਨੇ ਇੱਕ ਵਟਸਐਪ ਗਰੁੱਪ ਬਣਾ ਕੇ ਸਭ ਦੇ ਨਾਮ ਸ਼ਾਮਲ ਕਰ ਦਿੱਤੇ। ਉਸ ਗਰੁੱਪ ਵਿਚ ਜਿਸ ਤਰ੍ਹਾਂ ਦੇ ਵੇਰਵੇ ਮੰਗਣਗੇ, ਉਹੋ ਜਿਹੇ ਵੇਰਵੇ ਭਰ ਕੇ ਗਰੁੱਪ ਵਿਚ ਪਾਏ ਜਾਣਗੇ। ਹਰ ਗੱਲ ਦਾ ਜਵਾਬ ਦੇਣਾ ਜ਼ਰੂਰੀ ਸੀ। ਸਾਡੀ ਟੀਮ ਦਾ ਇੱਕ ਹੀ ਕੰਮ ਸੀ ਕਿ ਕਰੋਨਾਗ੍ਰਸਤ ਮਰੀਜ਼ ਨੂੰ ਫੋਨ ਕਰਕੇ ਵੇਰਵੇ ਪਤਾ ਕਰਨੇ ਕਿ ਉਸਨੂੰ ਕਿਸ ਚੀਜ਼ ਦੀ ਲੋੜ ਹੈ। ਅਗਰ ਉਹ ਕੁਝ ਮੰਗ ਕਰਦਾ ਹੈ, ਤਾਂ ਉਸਦੀ ਆਈ.ਡੀ. ਲਿਖ ਕੇ ਉਸਦੀ ਮੰਗ ਉਸ ਗਰੁੱਪ ਵਿਚ ਪਾ ਕੇ ਭੇਜ ਦਿੱਤੀ ਜਾਂਦੀ ਸੀ। ਬਾਅਦ ਵਿਚ ਸਮੁੱਚੀ ਰਿਪੋਰਟ ਬਣਾ ਕੇ ਗਰੁੱਪ ਵਿਚ ਪਾਈ ਜਾਂਦੀ ਸੀ। ਸਾਡੀ ਭੇਜੀ ਹੋਈ ਰਿਪੋਰਟ 'ਤੇ ਸਿਹਤ ਵਿਭਾਗ ਦੇ ਮੁਲਾਜ਼ਮ ਅਮਲ ਕਰਕੇ ਲੋੜੀਂਦੀ ਸਹੂਲਤ ਮੁਹੱਈਆ ਕਰਾਉਂਦੇ ਸਨ। ਹਰ ਟੀਮ ਦੇ ਆਪਣੇ-ਆਪਣੇ ਕੰਮ ਸਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮੁਲਾਜ਼ਮਾਂ ਦੀ ਹਿੰਮਤ ਨਾਲ ਕਰੋਨਾਗ੍ਰਸਤ ਮਰੀਜ਼ਾਂ ਨੂੰ ਘਰ ਬੈਠਿਆਂ ਸਹੂਲਤਾਂ ਅਤੇ ਦਵਾਈਆਂ ਮਿਲ ਰਹੀਆਂ ਸਨ। ਇਸ ਤਰ੍ਹਾਂ ਦੇ ਉਪਰਾਲਿਆਂ ਨੇ ਬਹੁਤ ਸਾਰੇ ਕਰੋਨਾਗ੍ਰਸਤ ਲੋਕਾਂ ਨੂੰ ਬਚਾਉਣ ਵਿਚ ਅਹਿਮ ਯੋਗਦਾਨ ਪਾਇਆ, ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਮੇਰੇ ਆਪਣੇ ਸਕੂਲ ਵਿਚ ਅਸੀਂ ਛੇ ਕਮਰਿਆਂ ਵਿਚ ਗੱਦੇ ਬਿਸਤਰੇ ਲਗਾ ਕੇ ਤਿਆਰ ਕੀਤੇ ਹੋਏ ਸਨ, ਤਾਂ ਜੋ ਲੋੜ ਪੈਣ 'ਤੇ ਇਸ ਦੀ ਵਰਤੋਂ ਕੀਤੀ ਜਾ ਸਕੇ। ਉਦੋਂ ਕੀਤੇ ਗਏ ਉਪਰਾਲਿਆਂ ਸਦਕਾ ਹੀ ਸਾਰਥਕ ਨਤੀਜੇ ਸਾਹਮਣੇ ਆਏ। ਜਦੋਂ ਵੀ ਕਰੋਨਾ ਕਾਲ ਦੇ ਉਪਰਾਲਿਆਂ ਨੂੰ ਯਾਦ ਕੀਤਾ ਜਾਵੇਗਾ, ਤਾਂ ਉਦੋਂ ਸਿੱਖਿਆ ਵਿਭਾਗ ਦੇ ਮੁਲਾਜ਼ਮਾਂ ਦੇ ਉਪਰਾਲਿਆਂ ਨੂੰ ਵੀ ਯਾਦ ਕੀਤਾ ਜਾਵੇਗਾ।

# ਦੁਖੜੇ ਪੰਜਾਬ ਦੇ

## ਮਿੰਨੀ ਕਹਾਣੀ

ਪ੍ਰੋ. ਨਵ ਸੰਗੀਤ ਸਿੰਘ
ਪਟਿਆਲਾ
94176-92015
(Punjab Mail USA)



ਬਾਰ੍ਹਵੀਂ ਜਮਾਤ ਦੇ ਕਮਰੇ ਵਿਚ ਜਿਉਂ ਹੀ ਅਧਿਆਪਕ ਕਪਿਲ ਸ਼ਰਮਾ ਦਾਖਲ ਹੋਏ, ਵਿਦਿਆਰਥੀ ਘੁਸਰ-ਮੁਸਰ ਕਰ ਰਹੇ ਸਨ। ਉਨ੍ਹਾਂ ਨੇ ਆਉਂਦਿਆਂ ਹੀ ਸਭ ਨੂੰ ਚੁੱਪ ਕਰਨ ਨੂੰ ਕਿਹਾ, ਪਰ ਅਜੇ ਵੀ ਕੋਈ ਕੋਈ ਆਵਾਜ਼ ਆ ਰਹੀ ਸੀ। ਅਧਿਆਪਕ ਨੇ ਸਭ ਤੋਂ ਪਿੱਛੇ ਬੈਠੇ ਬਲਜੀਤ ਤੋਂ ਪੁੱਛਿਆ, "ਕਿਉਂ ਬਈ, ਕੀ ਗੱਲ ਹੈ? ਅੱਜ ਤੁਸੀਂ ਰੌਲਾ ਕਿਉਂ ਪਾ ਰਹੇ ਹੋ?"

"ਸਰ, ਸਾਰੀ ਜਮਾਤ ਸੋਚ ਰਹੀ ਹੈ ਕਿ ਅੱਗੇ ਸਾਡਾ ਕੀ ਬਣੇਗਾ?"

"ਕੀ ਮਤਲਬ?"

"ਸਰ, ਏਥੇ ਪੰਜਾਬ ਵਿਚ ਕੋਈ ਪੱਕੀ ਸਰਕਾਰੀ ਨੌਕਰੀ ਹੀ ਨਹੀਂ ਨਿਕਲ ਰਹੀ। ਏਸੇ ਲਈ ਸਾਰੇ ਕੈਨੇਡਾ, ਆਸਟ੍ਰੇਲੀਆ ਵਰਗੇ ਦੇਸ਼ਾਂ 'ਚ ਜਾਣ ਦੀਆਂ ਵਿਉਂਤਾਂ ਬਣਾ ਰਹੇ ਨੇ!"

"ਤੇ ਤੂੰ ਕੀ ਸੋਚਿਐ?"

"ਸਰ, ਮੇਰੇ ਕੋਲ ਬਾਹਰ ਜਾਣ ਵਾਸਤੇ ਪੈਸੇ ਨਹੀਂ ਹਨ ਤੇ ਮੈਂ ਆਪਣੇ ਪਿਤਾ ਜੀ ਨਾਲ ਖੇਤੀ ਵਿਚ ਹੱਥ ਵਟਾਉਣ ਬਾਰੇ ਸੋਚ ਰਿਹਾ ਹਾਂ, ਪਰ..."

"ਪਰ ਕੀ...?"

"ਸਰ, ਸਰਕਾਰ ਕਿਸਾਨਾਂ ਤੋਂ ਕਿਸੇ ਨਾ ਕਿਸੇ ਬਹਾਨੇ ਜ਼ਮੀਨਾਂ ਖੋਹ ਰਹੀ ਹੈ, ਇਸ ਲਈ ਇਹ ਧੰਦਾ ਵੀ ਲਾਹੇਵੰਦ ਨਹੀਂ ਲੱਗ ਰਿਹਾ...!"

"ਤੇ ਤੂੰ ਮਨੋਜ! ਤੇਰਾ ਕੀ ਪ੍ਰੋਗਰਾਮ ਹੈ?"

"ਸਰ, ਮੇਰੇ ਡੈਡੀ ਦਾ ਫ਼ਾਜ਼ਿਲਕਾ ਵਿਚ ਕਿੰਨੂਆਂ ਦਾ ਬਹੁਤ ਵੱਡਾ ਬਾਗ ਸੀ, ਉਸ 'ਤੇ ਧਿਆਨ ਦੇਣ ਬਾਰੇ ਸੋਚ ਰਿਹਾ ਸਾਂ। ਪਰ ਹੁਣੇ ਆਏ ਹੜ੍ਹਾਂ ਵਿਚ ਉਹ ਸਾਰਾ ਬਾਗ ਬਰਬਾਦ ਹੋ ਗਿਆ ਹੈ।"

"ਫਿਰ ਕੀ ਹੋਇਆ? ਸਰਕਾਰ ਵੱਲੋਂ ਮਦਦ ਤਾਂ ਕੀਤੀ ਜਾ ਰਹੀ ਹੈ ਨਾ!"

"ਕਿੱਥੇ ਸਰ! ਇਹ ਤਾਂ ਐਵੇਂ ਅੱਖਾਂ ਪੂੰਝਣ ਵਾਲੀ ਗੱਲ ਹੈ। ਨਾਲੇ ਅਜੇ ਤਾਂ ਐਲਾਨ ਹੀ ਹੈ, ਕੀ ਪਤਾ ਕਦੋਂ ਉਹ ਪੈਸੇ ਪਹੁੰਚਣਗੇ। ਸਾਡੇ ਵਰਗਿਆਂ ਨੂੰ ਤਾਂ ਫਿਰ ਵੀ ਨਹੀਂ ਮਿਲਣੇ, ਪਹੁੰਚ ਵਾਲੇ ਲੈ ਜਾਣਗੇ।"

ਇਹ ਗੱਲਾਂ ਕਰਦਿਆਂ ਕਦੋਂ ਪੀਰੀਅਡ ਬੀਤ ਗਿਆ, ਪਤਾ ਹੀ ਨਾ ਲੱਗਿਆ। ਅਧਿਆਪਕ ਵੀ ਉਦਾਸ ਮਨ ਨਾਲ ਅਗਲੇ ਪੀਰੀਅਡ ਲਈ ਚੱਲ ਪਏ। ਉਨ੍ਹਾਂ ਦਾ ਆਪਣਾ ਹੀ ਹਾਲ ਅਜਿਹਾ ਸੀ। ਕੱਚੀ ਨੌਕਰੀ ਸੀ, ਕੀ ਪਤਾ ਕਦੋਂ ਜਵਾਬ ਮਿਲ ਜਾਏ!



# ਕੈਂਸਰ: ਸਮਝ, ਕਾਰਨ, ਰੋਕਥਾਮ ਅਤੇ ਇਲਾਜ


ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।
ਪੰਜਾਬ ਮੇਲ USA




ਕੈਂਸਰ ਮਨੁੱਖੀ ਸਰੀਰ ਨੂੰ ਲੱਗਣ ਵਾਲੀਆਂ ਸਭ ਤੋਂ ਗੰਭੀਰ ਬਿਮਾਰੀਆਂ ਵਿਚੋਂ ਇੱਕ ਹੈ। ਵਿਸ਼ਵ ਸਿਹਤ ਸੰਸਥਾ ਦੇ ਅੰਕੜਿਆਂ ਮੁਤਾਬਕ ਹਰ ਸਾਲ ਲੱਖਾਂ ਲੋਕ ਇਸ ਰੋਗ ਨਾਲ ਪ੍ਰਭਾਵਿਤ ਹੁੰਦੇ ਹਨ। ਪੰਜਾਬ ਵਰਗੇ ਖੇਤਰਾਂ ਵਿਚ ਵੀ ਕੈਂਸਰ ਇੱਕ ਵੱਡੀ ਜਨਸਿਹਤ ਚੁਣੌਤੀ ਬਣ ਚੁੱਕਾ ਹੈ।



## ਕੈਂਸਰ ਕੀ ਹੁੰਦਾ ਹੈ ?

ਮਨੁੱਖੀ ਸਰੀਰ ਲੱਖਾਂ ਕਰੋੜਾਂ ਕੋਸ਼ਿਕਾਵਾਂ (ਸੈੱਲਜ਼) ਤੋਂ ਬਣਿਆ ਹੈ। ਆਮ ਹਾਲਤ ਵਿਚ ਇਹ ਕੋਸ਼ਿਕਾਵਾਂ ਇੱਕ ਨਿਯਮਤ ਢੰਗ ਨਾਲ ਵੱਧਦੀਆਂ ਅਤੇ ਮਰਦੀਆਂ ਹਨ। ਪਰ ਜਦੋਂ ਕਿਸੇ ਕਾਰਨ ਕਰਕੇ ਕੋਸ਼ਿਕਾਵਾਂ ਦਾ ਬੇਕਾਬੂ ਤਰੀਕੇ ਨਾਲ ਵੱਧਣਾ ਤੇ ਰੁੱਕਣਾ ਬੰਦ ਹੋ ਜਾਵੇ, ਤਾਂ ਉਹ ਗੰਢਾਂ (ਟਿਊਮਰ) ਜਾਂ ਅਸਧਾਰਣ ਬਣਤਰ ਦਾ ਰੂਪ ਧਾਰ ਲੈਂਦੀਆਂ ਹਨ। ਇਹੀ ਅਸਧਾਰਣ ਕੋਸ਼ਿਕਾਵਾਂ ਕੈਂਸਰ ਦੇ ਨਾਮ ਨਾਲ ਜਾਣੀਆਂ ਜਾਂਦੀਆਂ ਹਨ।

## ਕੈਂਸਰ ਕਿਉਂ ਹੁੰਦਾ ਹੈ ?

ਕੈਂਸਰ ਦੇ ਕਈ ਕਾਰਣ ਹੋ ਸਕਦੇ ਹਨ, ਜਿਨ੍ਹਾਂ ਵਿਚੋਂ ਮੁੱਖ ਹਨ:

1. ਜੀਵਨ ਸ਼ੈਲੀ ਨਾਲ ਜੁੜੇ ਕਾਰਣ - ਤੰਬਾਕੂ, ਸ਼ਰਾਬ, ਨਸ਼ਿਆਂ ਦਾ ਸੇਵਨ।
2. ਭੋਜਨ - ਵਧੇਰੇ ਤੇਲ, ਮਾਸ, ਡੱਬਾਬੰਦ (ਪ੍ਰੋਸੈਸਡ) ਖਾਣਾ, ਭੋਜਨ ਵਿਚ ਤਾਜ਼ੇ ਫਲ-ਸਬਜ਼ੀਆਂ ਦੀ ਘਾਟ।
3. ਪ੍ਰਦੂਸ਼ਣ - ਹਵਾ, ਪਾਣੀ, ਭੋਇ ਦਾ ਪ੍ਰਦੂਸ਼ਣ ਅਤੇ ਕੀਟਨਾਸ਼ਕਾਂ ਤੇ ਜ਼ਹਿਰੀਲੇ ਤੱਤਾਂ ਨਾਲ ਸੰਪਰਕ।
4. ਵਿਰਾਸਤੀ ਕਾਰਣ - ਕੁਝ ਪਰਿਵਾਰਾਂ ਵਿਚ ਵਿਰਾਸਤੀ ਗੁਣਾਂ ਰਾਹੀਂ ਕੈਂਸਰ ਦੇ ਮੌਕੇ ਵੱਧ ਜਾਂਦੇ ਹਨ।
5. ਵਾਇਰਸ ਤੇ ਬੈਕਟੀਰੀਆ - ਜਿਵੇਂ ਐੱਚ.ਪੀ.ਵੀ. ਵਾਇਰਸ ਗਰਭਾਸ਼ਯ ਕੈਂਸਰ ਦਾ ਕਾਰਣ ਬਣ ਸਕਦਾ ਹੈ।

## ਕੈਂਸਰ ਨਾਲ ਸਰੀਰ ਵਿਚ ਕੀ ਹੁੰਦਾ ਹੈ ?

ਕੈਂਸਰ ਕੋਸ਼ਿਕਾਵਾਂ ਆਮ ਸਰੀਰਕ ਕੋਸ਼ਿਕਾਵਾਂ ਦੇ ਕੰਮ ਨੂੰ ਖ਼ਰਾਬ ਕਰਦੀਆਂ ਹਨ। ਇਹ ਲਹੂ ਦੀ ਸਪਲਾਈ ਨੂੰ ਆਪਣੇ ਵੱਲ ਖਿੱਚਦੀਆਂ ਹਨ, ਜਿਨ੍ਹਾਂ ਨਾਲ ਸਰੀਰ ਕਮਜ਼ੋਰ ਹੁੰਦਾ ਜਾਂਦਾ ਹੈ। ਸਮੇਂ ਦੇ ਨਾਲ ਇਹ ਕੋਸ਼ਿਕਾਵਾਂ ਦੂਸਰੇ ਅੰਗਾਂ ਫੇਫੜਿਆਂ, ਗੁਰਦੇ, ਹੱਡੀਆਂ ਦੀ (lungs, liver, bones) ਆਦਿ ਵਿਚ ਫੈਲ ਜਾਂਦੀਆਂ ਹਨ, ਜਿਸਨੂੰ ਮੈਟਾਸਟੇਸਿਸ ਕਿਹਾ ਜਾਂਦਾ ਹੈ। ਇਸ ਦੌਰਾਨ ਮਰੀਜ਼ ਵਿਚ ਭਾਰੀ ਕਮਜ਼ੋਰੀ, ਦਰਦ, ਵਜ਼ਨ ਦੀ ਕਮੀ ਅਤੇ ਰੋਗ-ਪ੍ਰਤੀਰੋਧਕ ਤਾਕਤ ਦੀ ਘਾਟ ਵੇਖੀ ਜਾਂਦੀ ਹੈ।

## ਮੌਜੂਦਾ ਇਲਾਜ ਪ੍ਰਣਾਲੀਆਂ

ਕੈਂਸਰ ਦਾ ਇਲਾਜ਼ ਇਸਦੀ ਕਿਸਮ ਤੇ ਸਟੇਜ 'ਤੇ ਨਿਰਭਰ ਕਰਦਾ ਹੈ। ਵਿਸ਼ਵ ਪੱਧਰ 'ਤੇ ਮੁੱਖ ਇਲਾਜ ਪ੍ਰਣਾਲੀਆਂ ਹਨ:

1. **ਸਰਜਰੀ (Surgery)**: ਗੰਢਾਂ ਜਾਂ ਪ੍ਰਭਾਵਿਤ ਅੰਗ ਨੂੰ ਕੱਟ ਕੇ ਹਟਾਉਣਾ।
2. **ਕੀਮੋਥੈਰੇਪੀ (Chemotherapy)**: ਦਵਾਈਆਂ ਰਾਹੀਂ ਕੈਂਸਰ ਕੋਸ਼ਿਕਾਵਾਂ ਨੂੰ ਨਸ਼ਟ ਕਰਨਾ।
3. **ਰੇਡੀਏਸ਼ਨ ਥੈਰੇਪੀ (Radiation Therapy)**: ਉੱਚ-ਊਰਜਾ ਕਿਰਣਾਂ ਨਾਲ ਕੋਸ਼ਿਕਾਵਾਂ ਨੂੰ ਮਾਰਨਾ।
4. **ਇਮਿਊਨੋਥੈਰੇਪੀ (Immunotherapy)**: ਸਰੀਰ ਦੀ ਰੋਗ-ਪ੍ਰਤੀਰੋਧਕ ਤਾਕਤ ਨੂੰ ਮਜ਼ਬੂਤ ਕਰਕੇ ਕੈਂਸਰ ਨਾਲ ਲੜਨ ਦੇ ਕਾਬਿਲ ਬਣਾਉਣਾ।
5. **ਟੀਚਾ ਆਧਾਰਿਤ ਇਲਾਜ ਪ੍ਰਣਾਲੀ (Targeted Therapy)**: ਖਾਸ ਜੀਨ ਜਾਂ ਪ੍ਰੋਟੀਨ 'ਤੇ ਸਿੱਧਾ ਪ੍ਰਭਾਵ ਪਾਉਣ ਵਾਲੀਆਂ ਦਵਾਈਆਂ।

## ਕੈਂਸਰ ਤੋਂ ਬਚਾਅ ਲਈ ਸੁਝਾਅ

ਰੋਕਥਾਮ ਇਲਾਜ ਨਾਲੋਂ ਵੱਧ ਮਹੱਤਵਪੂਰਨ ਹੈ। ਕੁਝ ਅਹਿਮ ਸੁਝਾਅ ਇਹ ਹਨ:

1. ਤੰਬਾਕੂ, ਸਿਗਰਟਨੋਸ਼ੀ, ਸ਼ਰਾਬ ਅਤੇ ਹਰ ਪ੍ਰਕਾਰ ਦੇ ਨਸ਼ੇ ਤੋਂ ਬਚੋ।
2. **ਸੰਤੁਲਿਤ ਖੁਰਾਕ**: ਵੱਧ ਤੋਂ ਵੱਧ ਫਲ, ਹਰੀ ਸਬਜ਼ੀਆਂ ਅਤੇ ਮੋਟਾ ਅਨਾਜ ਖਾਓ।
3. **ਨਿਯਮਿਤ ਕਸਰਤ**: ਹਰ ਰੋਜ਼ ਘੱਟੋ-ਘੱਟ 30 ਮਿੰਟ ਕਸਰਤ ਕਰੋ।
4. **ਨਿਯਮਿਤ ਸਿਹਤ ਜਾਂਚ**: ਸ਼ੁਰੂਆਤੀ ਪੜਾਅ ਵਿਚ ਪਤਾ ਲੱਗਣ 'ਤੇ ਇਲਾਜ ਸੌਖਾ ਹੁੰਦਾ ਹੈ, ਇਸ ਲਈ ਸਰੀਰ ਦੀ ਨਿਯਮਿਤ ਜਾਂਚ ਜ਼ਰੂਰੀ ਹੈ।
5. **ਸਾਫ਼ ਪਾਣੀ ਅਤੇ ਵਾਤਾਵਰਣ**: ਕੀਟਨਾਸ਼ਕਾਂ ਤੇ ਪ੍ਰਦੂਸ਼ਣ ਤੋਂ ਬਚਾਅ।
6. **ਟੀਕਾਕਰਨ** : ਐੱਚ.ਪੀ.ਵੀ. ਅਤੇ ਹੈਪਾਟਾਈਟਿਸ-ਬੀ ਦੇ ਟੀਕੇ ਕੈਂਸਰ ਦੇ ਖਤਰੇ ਨੂੰ ਘਟਾਉਂਦੇ ਹਨ।

ਕੈਂਸਰ ਇਕ ਗੰਭੀਰ ਬਿਮਾਰੀ ਹੈ ਪਰ ਇਹ ਅਜਿਹੀ ਨਹੀਂ, ਜਿਸ ਤੋਂ ਬਚਿਆ ਨਾ ਜਾ ਸਕੇ। ਸਿਹਤਮੰਦ ਜੀਵਨ ਸ਼ੈਲੀ, ਨਿਯਮਿਤ ਜਾਂਚ ਅਤੇ ਜਾਗਰੂਕਤਾ ਰਾਹੀਂ ਕੈਂਸਰ ਦੇ ਖ਼ਤਰੇ ਨੂੰ ਘਟਾਇਆ ਜਾ ਸਕਦਾ ਹੈ। ਵਿਗਿਆਨ ਵਿਚ ਹੋ ਰਹੀਆਂ ਤਰੱਕੀਆਂ ਨਾਲ ਇਲਾਜ ਦੇ ਨਵੇਂ ਦਰਵਾਜ਼ੇ ਖੁੱਲ੍ਹ ਰਹੇ ਹਨ। ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਡਰ ਦੀ ਬਜਾਏ ਜਾਗਰੂਕਤਾ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਈਏ।

# ਸੂਚਨਾ ਐਕਟ ਨੂੰ ਆਮ ਲੋਕਾਂ ਲਈ ਹੋਰ ਸਾਰਥਿਕ ਬਣਾਉਣ ਦੀ ਲੋੜ


ਬ੍ਰਿਸ ਭਾਨ ਬੁਜਰਕ
ਕਾਹਨਗੜ੍ਹ ਰੋਡ ਪਾਤੜਾਂ
ਜ਼ਿਲ੍ਹਾ ਪਟਿਆਲਾ
98761-01698
ਪੰਜਾਬ ਮੇਲ USA





ਸੂਚਨਾ ਅਧਿਕਾਰ ਐਕਟ ਨੂੰ ਲਾਗੂ ਹੋਇਆਂ ਤਕਰੀਬਨ 20 ਸਾਲ ਹੋ ਚੁੱਕੇ ਹਨ। ਪਰ ਅਜੇ ਤੱਕ ਵੀ ਸਰਕਾਰਾਂ ਇਸ ਐਕਟ ਨੂੰ ਪੂਰੀ ਤਰ੍ਹਾਂ ਲਾਗੂ ਕਰਵਾਉਣ ਵਿਚ ਕਾਮਯਾਬ ਨਹੀ ਹੋ ਸਕੀਆਂ। ਜਿਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਇਸ ਨਾਲ ਸਰਕਾਰਾਂ ਦੇ ਆਪਣੇ ਨੁਮਾਇੰਦੇ ਮਤਲਬ ਕਿ ਰਾਜਨੀਤਿਕ ਪਿਛੋਕੜ ਵਾਲੇ ਲੋਕ ਜੁੜੇ ਹੋਏ ਹਨ। ਖਾਸ ਕਰਕੇ ਪੰਜਾਬ ਰਾਜ ਦੇ ਇਹ ਹਲਾਤ ਹਨ ਕਿ ਸਰਕਾਰ ਦੇ ਆਪਣੇ ਰਾਜਨੀਤਿਕ ਲੋਕਾਂ ਦੀ ਵਿਕਾਸ ਕਾਰਜਾਂ ਵਿਚ ਸਭ ਤੋਂ ਪਹਿਲਾਂ ਹਿੱਸੇਦਾਰੀ ਰੱਖੀ ਜਾਂਦੀ ਹੈ, ਜਿਸ ਕਰਕੇ ਸੂਚਨਾ ਐਕਟ ਤਹਿਤ ਸਾਰਾ ਰਿਕਾਰਡ ਮਿਲਣ ਨਾਲ ਵਰਤੋਂ ਕੀਤੇ ਗਏ ਪੈਸੇ ਦੀ ਗਿਣਤੀ/ਮਿਣਤੀ ਹੁੰਦੀ ਹੈ ਤੇ ਵਿਕਾਸ ਕਾਰਜਾਂ ਦੇ ਕੰਮਾਂ ਵਿਚ ਪਾਰਦਰਸ਼ਤਾ ਪੈਦਾ ਹੁੰਦੀ ਹੈ। ਹੁਣ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਨਾਲ ਸਰਕਾਰੀ ਕੰਮਾਂ 'ਚ ਪਾਰਦਰਸ਼ਤਾ ਅਤੇ ਆਰ.ਟੀ.ਆਈ. ਕਾਨੂੰਨ ਨੂੰ ਆਮ ਲੋਕਾਂ ਲਈ ਹੋਰ ਸੌਖਾ ਬਣਾਏ ਜਾਣ ਦੀ ਉਮੀਦ ਜਾਗੀ ਸੀ, ਪਰ ਪਿਛਲੇ ਤਿੰਨ ਸਾਲਾਂ ਅੰਦਰ ਪੰਜਾਬ 'ਚ ਚੱਲ ਰਹੇ ਸੂਚਨਾ ਅਧਿਕਾਰ ਐਕਟ ਦੇ ਹਲਾਤਾਂ ਨੂੰ ਵੇਖ ਕੇ ਇਹ ਮਹਿਸੂਸ ਕੀਤਾ ਜਾ ਸਕਦਾ ਹੈ ਕਿ ਆਮ ਆਦਮੀ ਪਾਰਟੀ ਦੀ ਇਨਕਲਾਬੀ ਸਰਕਾਰ ਨੇ ਸੂਚਨਾ ਅਧਿਕਾਰ ਐਕਟ ਨੂੰ ਖਤਮ ਕਰਨ 'ਚ ਕੋਈ ਵੀ ਕਸਰ ਨਹੀਂ ਛੱਡੀ, ਕਿਉਂਕਿ ਡੇਢ ਸਾਲ ਦੇ ਕਰੀਬ ਤਾਂ ਪੰਜਾਬ ਰਾਜ ਸੂਚਨਾ ਕਮਿਸ਼ਨਾਂ ਦੀਆਂ ਅਸਾਮੀਆਂ ਹੀ ਖਾਲੀ ਪਈਆਂ ਰਹੀਆਂ ਹਨ ਅਤੇ ਹੁਣ ਵੀ ਚਾਰ ਦੇ ਕਰੀਬ ਕਮਿਸ਼ਨਰਾਂ ਦੀਆਂ ਅਸਾਮੀਆਂ ਨੂੰ ਨਹੀਂ ਭਰਿਆ ਗਿਆ। ਦੂਸਰੇ ਪਾਸੇ ਪੰਜਾਬ ਸਰਕਾਰ ਦੇ ਬਹੁਗਿਣਤੀ ਲੋਕ ਸੂਚਨਾ ਅਧਿਕਾਰੀ ਮੰਗਿਆ ਗਿਆ ਰਿਕਾਰਡ ਹੀ ਨਹੀਂ ਦੇ ਰਹੇ। ਖਾਸ ਕਰਕੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਜਿਸਦੇ ਕੋਲ ਪੰਜਾਬ ਸਰਕਾਰ ਦੇ ਖਰਚਿਆਂ ਦਾ ਰਿਕਾਰਡ ਹੁੰਦਾ ਹੈ, ਉਹ ਤਾਂ ਬਿਲਕੁਲ ਵੀ ਜਵਾਬ ਨਹੀਂ ਦਿੰਦੇ। ਹਰ ਦਿਨ ਸੂਚਨਾ ਦੇ ਕਾਨੂੰਨ ਨੂੰ ਕਮਜ਼ੋਰ ਕਰਨ ਲਈ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਨਿੱਜਤਾ ਦੇ ਨਾਮ 'ਤੇ ਨਵੀਆਂ ਤੋਂ ਨਵੀਆਂ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ। ਜੇਕਰ ਪੰਜਾਬ ਰਾਜ ਸੂਚਨਾ ਕਮਿਸ਼ਨ ਦੀ ਗੱਲ ਕੀਤੀ ਜਾਵੇ, ਜਿਸ ਨੇ ਸੂਚਨਾ ਐਕਟ ਦੀ ਉਲੰਘਣਾ ਕਰਨ ਵਾਲੇ ਅਫਸਰਾਂ ਨੂੰ ਜੁਰਮਾਨੇ ਕਰਨੇ ਹੁੰਦੇ ਹਨ। ਉਹ ਵੀ ਅਫਸਰਸ਼ਾਹੀ ਦੀਆਂ ਲਗਾਮਾਂ ਖਿੱਚ ਕੇ ਰੱਖਣ ਦੀ ਬਜਾਏ ਆਮ ਲੋਕਾਂ ਦੇ ਹੱਥਾਂ ਵਿਚ ਨਵੇਂ ਤੋਂ ਨਵੇਂ ਨਿਯਮ ਲਾਗੂ ਕਰਕੇ ਬੇੜੀਆਂ ਪਾਉਣ ਦਾ ਕੰਮ ਕਰ ਰਿਹਾ ਹੈ ਅਤੇ ਉਲਟਾ ਸੂਚਨਾ ਮੰਗਣ ਵਾਲੇ ਬਹੁਗਿਣਤੀ ਲੋਕਾਂ ਨੂੰ ਹੀ ਦੋਸ਼ੀ ਠਹਿਰਾਇਆ ਜਾਂਦਾ ਹੈ। ਕਿਸੇ ਵੀ ਅਣਗਹਿਲੀ ਵਰਤਣ ਵਾਲੇ ਅਫਸਰ ਦੀ ਪੇਸ਼ੀ ਪਵਾਉਣੀ ਵੀ ਸੌਖੀ ਨਹੀ ਰਹੀ। ਕਿਉਂਕਿ ਪੰਜਾਬ ਦੇ ਅਫਸਰਾਂ ਵਲੋਂ ਸੂਚਨਾ ਐਕਟ ਪ੍ਰਤੀ ਵਰਤੀਆਂ ਜਾ ਰਹੀਆਂ ਅਣਗਹਿਲੀਆਂ ਦੇ ਚਿੱਠੇ ਹੀ ਬਹੁਤ ਵੱਡੀ ਤਦਾਦ ਵਿਚ ਪਹੁੰਚਣੇ ਸ਼ੁਰੂ ਹੋ ਗਏ ਕਿ ਸੂਚਨਾ ਕਮਿਸ਼ਨ ਨੂੰ ਨਿਪਟਾਰੇ ਕਰਨੇ ਔਖੇ ਹੋ ਗਏ। ਆਮ ਆਦਮੀ ਪਾਰਟੀ ਵਲੋਂ ਸੂਚਨਾ ਅਧਿਕਾਰ ਐਕਟ ਨੂੰ ਖਤਮ ਕਰਨ ਦੀਆਂ ਚੱਲੀਆਂ ਗਈਆਂ ਕੋਝੀਆਂ ਚਾਲਾਂ ਕਰਕੇ ਪੰਜਾਬ ਰਾਜ ਸੂਚਨਾ ਕਮਿਸ਼ਨ ਕੋਲ ਸੈਂਕੜੇ ਸਾਲ 2023 ਅਤੇ ਸਾਲ 2024 ਦੇ ਸੁਣਵਾਈ ਲਈ ਪਏ ਹਨ। ਸਾਲ 2025 ਦੇ ਵੱਖਰੇ ਹਨ। ਜੇਕਰ ਸੂਚਨਾ ਕਮਿਸ਼ਨ ਵਲੋਂ ਸਰਕਾਰ ਦੇ ਅਫਸਰਾਂ ਨੂੰ ਜੁਰਮਾਨੇ ਕੀਤੇ ਜਾਦੇ ਹਨ, ਤਾਂ ਸਰਕਾਰ ਨਰਾਜ਼ ਹੁੰਦੀ ਹੈ। ਜੁਰਮਾਨੇ ਨਹੀਂ ਕੀਤੇ ਜਾਂਦੇ ਤਾਂ ਸ਼ਿਕਾਇਤਾਂ ਦਾ ਨਿਪਟਾਰਾ ਕਰਨਾ ਔਖਾ ਹੋ ਜਾਂਦਾ ਹੈ। ਜਿਸ ਕਰਕੇ ਅਫਸਰਸ਼ਾਹੀ ਨੂੰ ਬਚਾਉਣ ਲਈ ਆਮ ਲੋਕਾਂ ਦੇ ਮੋਢਿਆਂ 'ਤੇ ਅਜਿਹਾ ਭਾਰ ਪਾ ਦਿੱਤਾ ਗਿਆ ਕਿ ਉਹ ਚੁੱਕਣ ਦੇ ਕਾਬਲ ਹੀ ਨਹੀਂ ਰਹੇ, ਅਖੀਰ 'ਚ ਲੋਕਾਂ ਨੇ ਸੂਚਨਾ ਅਧਿਕਾਰ ਐਕਟ ਦੀ ਵਰਤੋਂ ਹੀ ਕਰਨੀ ਛੱਡ ਦਿੱਤੀ। ਐਕਟ ਦੀ ਸ਼ੁਰੂਆਤ ਭਾਵ ਕਿ 2005-06 ਦੇ ਪਹਿਲੇ ਸਾਲਾਂ ਦੌਰਾਨ ਮੰਗੀ ਗਈ ਸੂਚਨਾ ਦੇ ਸਬੂਤ ਭੇਜ ਕੇ ਇੱਕ ਮਹੀਨੇ ਦੇ ਅੰਦਰ ਹੀ ਪੇਸ਼ੀ ਪਾ ਦਿੱਤੀ ਜਾਂਦੀ ਸੀ। ਹੁਣ ਹਾਲਾਤ ਇਹ ਹਨ ਕਿ ਇੱਕ ਪਾਸੇ ਤਾਂ ਪੇਸ਼ੀ ਦੀ ਕੋਈ ਹੱਦ ਸੀਮਾ ਨਹੀਂ ਹੈ। ਦੂਸਰੇ ਪਾਸੇ ਮੰਗੀ ਗਈ ਸੂਚਨਾ ਨੂੰ ਤਿੰਨ ਪੜਤਾਂ ਵਿਚ ਭੇਜਣ ਦੇ ਨਾਲ ਹੀ ਹਲਫੀਆ ਬਿਆਨ ਭੇਜਣੇ ਪੈਂਦੇ ਹਨ। ਅਜਿਹੀਆਂ ਸ਼ਰਤਾਂ ਆਮ ਲੋਕਾਂ ਨੂੰ ਇਸ ਐਕਟ ਤੋਂ ਦੂਰ ਲੈ ਜਾਣ ਵਿਚ ਸਹਾਈ ਹੁੰਦੀਆਂ ਹਨ ਅਤੇ ਤਿੰਨ ਪੜਤਾਂ ਵਾਲੀ ਸ਼ਰਤ ਨਾਲ ਆਮ ਲੋਕਾਂ ਦਾ ਖਰਚ ਵੀ ਵਧ ਗਿਆ ਹੈ ਅਤੇ ਅਫਸਰਸ਼ਾਹੀ ਨੂੰ ਮੌਜ ਲੱਗ ਗਈ ਹੈ। ਇਹ ਵੀ ਇੱਕ ਡੂੰਘੀ ਚਾਲ ਹੈ। ਕਿਉਂਕਿ ਸਰਕਾਰੀ ਦਫਤਰਾਂ ਵਿਚ ਬੈਠੇ ਸੂਚਨਾ ਅਫਸਰ ਮੰਗੀ ਗਈ ਆਰ.ਟੀ.ਆਈ. ਵਾਲੇ ਪੱਤਰ ਹੀ ਗਾਇਬ ਕਰ ਦਿੰਦੇ ਸਨ। ਜਿਸ ਕਰਕੇ ਕਮਿਸ਼ਨ ਦੇ ਪੇਸ਼ੀ ਪੈਣ ਵੇਲੇ ਉਨ੍ਹਾਂ ਦੇ ਹੱਥ ਵਿਚ ਕੁਝ ਵੀ ਨਹੀਂ ਸੀ ਹੁੰਦਾ ਕਿ ਇਸ ਵਿਅਕਤੀ ਨੇ ਸੂਚਨਾ ਕੀ ਮੰਗੀ ਸੀ। ਅਫਸਰਸ਼ਾਹੀ ਦੀ ਇਸ ਸੱਮਸਿਆ ਦਾ ਹੱਲ ਕਰਨ ਲਈ ਕਮਿਸ਼ਨ ਨੇ ਆਮ ਲੋਕਾਂ ਦੀ ਜ਼ਿੰਮੇਵਾਰੀ ਲਾ ਦਿੱਤੀ ਕਿ ਸਾਡੇ ਅਫਸਰ ਔਖੇ ਨਾ ਹੋਣ, ਜਿਸ ਕਰਕੇ ਤੁਸੀਂ ਆਪਣੇ ਬੇਨਤੀ ਪੱਤਰ ਸਮੇਤ ਸਾਰੇ ਸਬੂਤਾਂ ਦੀਆਂ ਤਿੰਨ/ਤਿੰਨ ਕਾਪੀਆਂ ਭੇਜੋ। ਜਿਨ੍ਹਾਂ ਵਿਚੋਂ ਇੱਕ ਪੇਸ਼ੀ ਤੋਂ ਪਹਿਲਾਂ ਸਰਕਾਰੀ ਬਾਬੂਆਂ ਨੂੰ ਭੇਜੀ ਜਾ ਸਕੇ ਅਤੇ ਇਨ੍ਹਾਂ ਵਿਚੋਂ ਇੱਕ ਕਾਪੀ ਭੇਜੀ ਵੀ ਜਾਂਦੀ ਹੈ। ਤਾਂ ਕਿ ਸੂਚਨਾ ਅਫਸਰ ਨੂੰ ਕਾਗਜ਼ ਫਰੋਲਣ ਲਈ ਬਹੁਤੀ ਮਿਹਨਤ ਨਾ ਕਰਨੀ ਪਵੇ। ਹੈਰਾਨੀਜਨਕ ਪਹਿਲੂ ਇਹ ਵੀ ਹੈ ਕਿ ਚੰਡੀਗੜ੍ਹ ਪੰਜਾਬ ਰਾਜ ਸੂਚਨਾ ਕਮਿਸਨ ਤੱਕ ਹਰ ਆਮ ਵਿਅਕਤੀ ਨਹੀਂ ਪਹੁੰਚ ਸਕਦਾ। ਜੇਕਰ ਉਹ ਪਹੁੰਚ ਜਾਂਦਾ ਹੈ, ਤਾਂ ਉਸ ਦੀ ਪਹਿਲਾਂ ਹੀ ਢਿੱਲੀ ਚੱਲ ਰਹੀ ਜੇਬ ਹੋਰ ਵੀ ਢਿੱਲੀ ਹੋ ਜਾਂਦੀ ਹੈ। ਪਰ ਸਰਕਾਰੀ ਬਾਬੂ ਪੇਸ਼ੀ ਭੁਗਤਣ ਵੀ ਸਰਕਾਰੀ ਖਰਚੇ 'ਤੇ ਜਾਂਦੇ ਹਨ। ਸੂਚਨਾ ਕਮਿਸ਼ਨ ਵੱਲੋਂ ਅਫਸਰਸ਼ਾਹੀ ਪ੍ਰਤੀ ਸਖ਼ਤ ਰਵੱਈਆ ਅਪਣਾਉਣ ਦੀ ਬਜਾਏ ਕਥਿਤ ਰੂਪ ਵਿਚ ਉਨ੍ਹਾਂ ਦਾ ਹੀ ਪੱਖ ਪੂਰਨ ਕਰਕੇ ਲੋਕਾਂ ਨੂੰ ਰਿਕਾਰਡ ਹੀ ਨਹੀਂ ਦਿੱਤਾ ਜਾਂਦਾ। ਪੰਜਾਬ ਦੇ ਕੁਝ ਵਿਭਾਗ ਅਜਿਹੇ ਹਨ। ਜਿਨ੍ਹਾਂ ਵਿਚ ਪੰਜਾਬ ਪੁਲਿਸ ਵੀ ਸ਼ਾਮਲ ਹੈ। ਇਹ ਵਿਭਾਗ ਜ਼ਿਆਦਾਤਰ ਸੂਚਨਾਵਾਂ ਨੂੰ ਤੀਸਰੀ ਧਿਰ ਨਾਲ ਸਬੰਧਤ ਕਹਿ ਕੇ ਵਾਪਸ ਕਰ ਦਿੰਦੇ ਹਨ। ਜਦੋਂਕਿ ਤੀਸਰੀ ਧਿਰ ਨਾਲ ਬਹੁਤ ਗਿਣਤੀ ਸੂਚਨਾਵਾਂ ਦਾ ਕੋਈ ਸਬੰਧ ਹੀ ਨਹੀਂ ਹੁੰਦਾ। ਦੁਬਾਰੇ ਫਿਰ ਉਹੀ ਚੱਕਰ ਸ਼ੁਰੂ ਹੋ ਜਾਂਦਾ ਹੈ ਕਿ ਤੀਸਰੀ ਧਿਰ ਦੀ ਸੂਚਨਾ ਦੇ ਫੈਸਲੇ ਵਾਸਤੇ ਚੰਡੀਗੜ੍ਹ ਜਾਓ, ਪੱਲੀਓਂ ਖਰਚਾ ਕਰੋ। ਕਮਿਸ਼ਨ ਵੱਲੋਂ ਇਹ ਪੁੱਛਣ ਦੀ ਬਜਾਏ ਕਿ ਇਹ ਤੀਸਰੀ ਧਿਰ ਕਿਵੇਂ ਹੋਈ, ਬਸ ਸੂਚਨਾ ਦੇਣ ਦਾ ਹੁਕਮ ਸੁਣਾ ਦਿੱਤਾ ਜਾਂਦਾ ਹੈ। ਪਰ ਤੀਸਰੀ ਧਿਰ ਕਹਿ ਕੇ ਲੋਕਾਂ ਨੂੰ ਪ੍ਰੇਸ਼ਾਨ ਕਰਨ ਵਾਲੇ ਸੂਚਨਾ ਅਫਸਰਾਂ ਨੂੰ ਕੋਈ ਤਾੜਨਾ ਨਹੀਂ ਕੀਤੀ ਜਾਂਦੀ। ਪੰਜਾਬ ਦੇ ਪੰਚਾਇਤ ਅਤੇ ਵਿਕਾਸ ਵਿਭਾਗ ਨੂੰ ਜੇਕਰ ਬੇਭਾਗ ਮਹਿਕਮਾ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ ਕਿਉਂਕਿ ਪੇਂਡੂ ਖੇਤਰਾਂ ਵਿਚ ਰਹਿ ਰਹੇ ਲੋਕਾਂ ਵੱਲੋਂ ਜ਼ਿਆਦਾਤਰ ਪਿੰਡਾਂ ਦੇ ਵਿਕਾਸ ਨਾਲ ਸਬੰਧਤ ਰਿਕਾਰਡ ਇਨ੍ਹਾਂ ਕੋਲੋਂ ਮੰਗਿਆ ਜਾਂਦਾ ਹੈ ਪਰ ਇਹ ਕਿਸੇ ਵੀ ਕੀਮਤ 'ਤੇ ਰਿਕਾਰਡ ਨਹੀਂ ਦਿੰਦੇ ਅਤੇ ਲੋਕਾਂ ਨੂੰ ਚੰਡੀਗੜ੍ਹ ਤੱਕ ਪਹੁੰਚ ਕਰਕੇ ਹੀ ਰਿਕਾਰਡ ਲੈਣਾ ਪੈਂਦਾ ਹੈ ਅਤੇ ਇਹ ਮਹਿਕਮਾ ਆਮ ਲੋਕਾਂ ਲਈ ਸਭ ਤੋਂ ਵੱਡੀ ਸਿਰਦਰਦੀ ਦਾ ਕਾਰਨ ਬਣਦਾ ਹੈ। ਬੜੇ ਦੁੱਖ ਦੀ ਗੱਲ ਹੈ ਕਿ ਕਾਨੂੰਨ ਲਾਗੂ ਹੋਣ ਦੇ 20 ਸਾਲਾਂ ਬਾਅਦ ਵੀ ਅਫਸਰਸ਼ਾਹੀ ਇਸ ਕਾਨੂੰਨ ਪ੍ਰਤੀ ਆਪਣਾ ਫਰਜ਼ ਸਮਝਣ ਦੀ ਬਜਾਏ ਅਣਗਹਿਲੀ ਹੀ ਵਰਤਦੀ ਆ ਰਹੀ ਹੈ। ਸੂਚਨਾ ਦੇ ਅਧਿਕਾਰ ਨੂੰ ਆਮ ਲੋਕਾਂ ਦੇ ਹਾਣ ਦੀ ਬਣਾਉਣ ਲਈ ਮੁੱਖ ਸੂਚਨਾ ਕਮਿਸ਼ਨ ਵੱਲੋਂ ਸਖਤਾਈ ਵਰਤੇ ਜਾਣ ਦੀ ਜ਼ਰੂਰਤ ਹੈ ਅਤੇ ਆਮ ਲੋਕਾਂ ਨੂੰ ਇਸ ਐਕਟ ਪ੍ਰਤੀ ਜਾਗਰੂਕ ਹੋ ਕੇ ਸੰਜੀਦਗੀ ਨਾਲ ਪਹਿਰਾ ਦੇਣ ਦੀ ਵੀ ਲੋੜ ਮਹਿਸੂਸ ਹੋਣ ਲੱਗ ਪਈ ਹੈ।



# ਮਹਾਰਾਜਾ ਅਗਰਸੇਨ ਦਾ ਜੀਵਨ

-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ ਕਾਲਮਨਵੀਸ, ਮਲੋਟ (ਪੰਜਾਬ)
ਪੰਜਾਬ ਮੇਲ USA






ਮਹਾਰਾਜਾ ਅਗਰਸੇਨ ਇੱਕ ਮਹਾਨ ਸੂਰਜਵੰਸ਼ੀ (ਇਕਸ਼ਵਾਕੂ) ਕਸ਼ੱਤਰੀ ਰਾਜਾ ਸੀ, ਜਿਸਦਾ ਜਨਮ 15 ਸਤੰਬਰ, 3082 ਈਸਵੀ ਪੂਰਵ ਨੂੰ ਦਵਾਪਰ ਯੁੱਗ ਦੇ ਅੰਤਮ ਪੜਾਵਾਂ ਦੌਰਾਨ ਭਗਵਾਨ ਰਾਮ (ਵਿਸ਼ਨੂੰ ਅਵਤਾਰ) ਦੀ 34ਵੀਂ ਪੀੜ੍ਹੀ ਵਿਚ ਹੋਇਆ ਸੀ, ਉਹ ਭਗਵਾਨ ਕ੍ਰਿਸ਼ਨ ਦਾ ਸਮਕਾਲੀ ਸੀ। ਉਹ ਰਾਜਾ ਵੱਲਭ ਦੇਵ ਦਾ ਪੁੱਤਰ ਸੀ, ਜੋ ਕੁਸ਼ (ਭਗਵਾਨ ਰਾਮ ਦਾ ਪੁੱਤਰ) ਦਾ ਵੰਸ਼ ਸੀ। ਰਾਜਾ ਮੰਧਾਤਾ ਦੇ ਦੋ ਪੁੱਤਰ ਸਨ, ਗੁਣਾਧੀ ਅਤੇ ਮੋਹਨ। ਮਹਾਰਾਜਾ ਅਗਰਸੇਨ ਪ੍ਰਤਾਪ ਨਗਰ (ਅੱਜ ਦੇ ਰਾਜਸਥਾਨ ਵਿਚ) ਦੇ ਰਾਜਾ ਵੱਲਭ ਅਤੇ ਮੋਹਨ ਦੇ ਵੰਸ਼ਜ ਰਾਣੀ ਭਗਵਤੀ ਦੇਵੀ ਦਾ ਸਭ ਤੋਂ ਵੱਡਾ ਪੁੱਤਰ ਸੀ। ਮਹਾਰਾਜਾ ਵੱਲਭ ਨੇ ਰਾਜਕੁਮਾਰ ਅਗਰਸੇਨ ਦੇ ਨਾਂ 'ਤੇ ਇਕ ਸ਼ਹਿਰ ਦਾ ਨਾਂ 'ਆਗਰਾ' (ਅੱਜ ਦੇ ਉੱਤਰ ਪ੍ਰਦੇਸ਼ ਵਿਚ) ਰੱਖਿਆ। ਮਹਾਰਾਜਾ ਅਗਰਸੇਨ ਦੇ 18 ਬੱਚੇ ਸਨ, ਜਿਨ੍ਹਾਂ ਤੋਂ ਅਗਰਵਾਲ ਗੋਤਰ ਹੋਂਦ ਵਿਚ ਆਏ।

ਰਾਜਕੁਮਾਰ ਅਗਰਸੇਨ ਆਪਣੀ ਦਇਆ ਲਈ ਬਹੁਤ ਮਸ਼ਹੂਰ ਸਨ ਅਤੇ ਕਦੇ ਵੀ ਕਿਸੇ ਨਾਲ ਵਿਤਕਰਾ ਨਹੀਂ ਕਰਦੇ ਸਨ, ਅਤੇ ਪ੍ਰਜਾ ਆਪਣੇ ਬਚਪਨ ਦੌਰਾਨ ਉਨ੍ਹਾਂ ਦੇ ਵਿਵਹਾਰ ਤੋਂ ਬਹੁਤ ਖੁਸ਼ ਸਨ। ਬਦਕਿਸਮਤੀ ਨਾਲ, ਮਹਾਰਾਜਾ ਵੱਲਭ 22 ਨਵੰਬਰ 3067 ਈਸਾ ਪੂਰਵ ਨੂੰ ਹਸਤਿਨਾਪੁਰ ਦੇ ਤਖਤ ਲਈ ਪਾਂਡਵਾਂ ਦੇ ਸੰਘਰਸ਼ ਲਈ ਸ਼ੁਰੂ ਹੋਏ ਮਹਾਂਭਾਰਤ ਯੁੱਧ ਦੌਰਾਨ ਸ਼ਹੀਦ ਹੋ ਗਏ ਸਨ। ਰਾਜਾ ਵੱਲਭ ਪਾਂਡਵਾਂ ਪੱਖ ਲਈ ਲੜਿਆ ਸੀ। ਪਾਂਡਵਾਂ ਪੱਖ ਦੀ ਅਗਵਾਈ 55-56 ਸਾਲ ਦੇ ਭਗਵਾਨ ਕ੍ਰਿਸ਼ਨ ਕਰ ਰਹੇ ਸਨ। ਮਹਾਰਾਜਾ ਵੱਲਭ ਦੀ ਸ਼ਹਾਦਤ ਦੌਰਾਨ, ਰਾਜਕੁਮਾਰ ਅਗਰਸੇਨ 15 ਸਾਲ ਦੇ ਸਨ। ਸਭ ਤੋਂ ਵੱਡੇ ਪੁੱਤਰ ਹੋਣ ਕਰਕੇ, ਰਾਜਕੁਮਾਰ ਅਗਰਸੇਨ ਨੂੰ ਉੱਤਰਾਧਿਕਾਰੀ ਵਜੋਂ ਤਾਜ ਪਹਿਨਾਇਆ ਗਿਆ ਸੀ।

ਮਹਾਰਾਜਾ ਅਗਰਸੇਨ ਨੇ ਆਪਣੇ ਲੋਕਾਂ ਦੇ ਭਲੇ ਲਈ ਵਨਿਕਾ ਧਰਮ ਅਪਣਾਇਆ। ਉਸਨੇ ਉੱਤਰੀ ਭਾਰਤ ਵਿਚ ਵਪਾਰੀਆਂ ਦਾ ਅਗਰੋਹਾ ਨਾਮਕ ਇੱਕ ਰਾਜ ਸਥਾਪਿਤ ਕੀਤਾ ਅਤੇ ਯੱਗਾਂ ਵਿਚ ਜਾਨਵਰਾਂ ਨੂੰ ਮਾਰਨ ਤੋਂ ਇਨਕਾਰ ਕਰਨ ਵਿਚ ਆਪਣੀ ਦਇਆ ਲਈ ਜਾਣਿਆ ਜਾਂਦਾ ਹੈ। ਦੇਵੀ ਮਹਾਲਕਸ਼ਮੀ ਖੱਤਰੀ ਰਾਜੇ ਦੀ ਕੁਲ ਦੇਵੀ (ਪ੍ਰਮੁੱਖ ਦੇਵੀ) ਹੈ, ਅਤੇ ਉਸਨੇ ਉਸਨੂੰ ਅਤੇ ਉਸਦੇ ਉੱਤਰਾਧਿਕਾਰੀਆਂ ਲਈ ਉੱਥੇ ਖੁਸ਼ਹਾਲੀ ਪ੍ਰਦਾਨ ਕਰਨ ਦਾ ਆਪਣਾ ਬਚਨ ਦਿੱਤਾ।

**ਮਹਾਰਾਜਾ ਅਗਰਸੇਨ ਦਾ ਵਿਆਹ:** ਜਦੋਂ ਅਗਰਸੇਨ ਜਵਾਨ ਹੋਇਆ, ਤਾਂ ਉਸਨੇ ਰਾਜਾ ਨਾਗਰਾਜ ਦੀ ਧੀ, ਰਾਜਕੁਮਾਰੀ ਮਾਧਵੀ ਦੇ ਸਵੈਂਵਰ ਵਿਚ ਸ਼ਿਰਕਤ ਕੀਤੀ। ਦੁਨੀਆਂ ਭਰ ਦੇ ਕਈ ਰਾਜੇ ਸ਼ਾਮਲ ਹੋਏ, ਜਿਨ੍ਹਾਂ ਵਿਚ ਦੇਵਤਿਆਂ ਦਾ ਰਾਜਾ ਇੰਦਰ ਵੀ ਸ਼ਾਮਲ ਸੀ। ਸਵੰਬਰ ਵਿਚ, ਰਾਜਕੁਮਾਰੀ ਮਾਧਵੀ ਨੇ ਰਾਜਕੁਮਾਰ ਅਗਰਸੇਨ ਨੂੰ ਹਾਰ ਪਾ ਕੇ ਚੁਣਿਆ। ਇਸ ਵਿਆਹ ਕਾਰਨ ਦੋ ਵੱਖ-ਵੱਖ ਪਰਿਵਾਰਕ ਸੰਸਕ੍ਰਿਤੀਆਂ ਦਾ ਇਕੱਠ ਹੋਇਆ, ਰਾਜਕੁਮਾਰ ਅਗਰਸੇਨ ਇੱਕ ਸੂਰਿਆਵੰਸ਼ੀ ਸੀ, ਅਤੇ ਰਾਜਕੁਮਾਰੀ ਮਾਧਵੀ ਇੱਕ ਨਾਗਵੰਸ਼ੀ ਸੀ। ਦੇਵਤਿਆਂ ਦਾ ਰਾਜਾ ਇੰਦਰ, ਰਾਜਕੁਮਾਰੀ ਮਾਧਵੀ ਦੀ ਸੁੰਦਰਤਾ ਤੋਂ ਪ੍ਰਭਾਵਿਤ ਹੋ ਗਿਆ ਸੀ ਅਤੇ ਉਸ ਨਾਲ ਵਿਆਹ ਕਰਨ ਦੀ ਯੋਜਨਾ ਬਣਾ ਰਿਹਾ ਸੀ। ਹਾਲਾਂਕਿ, ਹੁਣ ਜਦੋਂ ਉਹ ਉਸ ਨਾਲ ਵਿਆਹ ਨਹੀਂ ਕਰ ਸਕਿਆ ਸੀ, ਤਾਂ ਉਹ ਅਗਰਸੇਨ ਨਾਲ ਬਹੁਤ ਈਰਖਾਲੂ ਅਤੇ ਗੁੱਸੇ ਹੋ ਗਿਆ। ਅਗਰਸੇਨ ਤੋਂ ਬਦਲਾ ਲੈਣ ਲਈ, ਇੰਦਰ - ਕਿਉਂਕਿ ਉਹ ਮੀਂਹ ਦਾ ਦੇਵਤਾ ਵੀ ਸੀ, ਨੇ ਇਹ ਯਕੀਨੀ ਬਣਾਇਆ ਕਿ ਪ੍ਰਤਾਪ ਨਗਰ ਵਿਚ ਕੋਈ ਮੀਂਹ ਨਾ ਪਵੇ। ਨਤੀਜੇ ਵਜੋਂ, ਪ੍ਰਤਾਪ ਨਗਰ ਰਾਜ ਵਿਚ ਇੱਕ ਭਿਆਨਕ ਅਕਾਲ ਪੈ ਗਿਆ।

ਭਗਵਾਨ ਸ਼ਿਵ ਅਤੇ ਦੇਵੀ ਮਹਾਲਕਸ਼ਮੀ ਨੂੰ ਬਹੁਤ ਦਰਦ ਨਾਰਦ ਰਿਸ਼ੀ ਦੇ ਸੁਝਾਅ 'ਤੇ, ਮਹਾਰਾਜਾ ਅਗਰਸੇਨ ਨੇ ਆਪਣੇ ਲੋਕਾਂ ਨੂੰ ਹਰ ਸੰਕਟ ਤੋਂ ਬਚਾਉਣ ਲਈ ਕਾਸ਼ੀ ਸ਼ਹਿਰ ਵਿਚ ਭਗਵਾਨ ਸ਼ਿਵ ਨੂੰ ਖੁਸ਼ ਕਰਨ ਲਈ ਇੱਕ ਕਠੋਰ ਤਪੱਸਿਆ ਸ਼ੁਰੂ ਕੀਤੀ। ਮਹਾਰਾਜਾ ਅਗਰਸੇਨ ਦੀ ਤਪੱਸਿਆ ਤੋਂ ਖੁਸ਼ ਹੋ ਕੇ, ਭਗਵਾਨ ਸ਼ਿਵ ਪ੍ਰਗਟ ਹੋਏ ਅਤੇ ਉਨ੍ਹਾਂ ਨੂੰ ਆਪਣੀ ਕੁਲ ਦੇਵੀ (ਪ੍ਰਮੁੱਖ ਦੇਵੀ), ਦੇਵੀ ਮਹਾਲਕਸ਼ਮੀ ਨੂੰ ਖੁਸ਼ ਕਰਨ ਦੀ ਸਲਾਹ ਦਿੱਤੀ। ਮਹਾਰਾਜ ਅਗਰਸੇਨ ਨੇ ਫਿਰ ਆਪਣੇ ਸਾਹਮਣੇ ਪ੍ਰਗਟ ਹੋਈ ਦੇਵੀ ਮਹਾਲਕਸ਼ਮੀ ਦਾ ਧਿਆਨ ਕਰਨਾ ਸ਼ੁਰੂ ਕਰ ਦਿੱਤਾ। ਦੇਵੀ ਮਹਾਲਕਸ਼ਮੀ ਨੇ ਫਿਰ ਮਹਾਰਾਜਾ ਅਗਰਸੇਨ ਨੂੰ ਆਸ਼ੀਰਵਾਦ ਦਿੱਤਾ ਅਤੇ ਸੁਝਾਅ ਦਿੱਤਾ ਕਿ ਉਹ ਆਪਣੇ ਲੋਕਾਂ ਦੀ ਖੁਸ਼ਹਾਲੀ ਲਈ ਵੈਸ਼ ਪਰੰਪਰਾ ਨੂੰ ਅਪਣਾਉਣ। ਫਿਰ ਉਸਨੇ ਉਸਨੂੰ ਇੱਕ ਨਵਾਂ ਰਾਜ ਲੱਭਣ ਲਈ ਕਿਹਾ ਅਤੇ ਉਸਨੇ ਉਸਨੂੰ ਅਤੇ ਉਸਦੇ ਉੱਤਰਾਧਿਕਾਰੀਆਂ ਨੂੰ ਖੁਸ਼ਹਾਲੀ ਦੇਣ ਦਾ ਆਪਣਾ ਬਚਨ ਦਿੱਤਾ। ਇਸ ਲਈ, ਉਸਨੇ ਆਪਣੀ ਖੱਤਰੀ ਪਰੰਪਰਾ ਛੱਡ ਦਿੱਤੀ ਅਤੇ ਆਪਣੇ ਲੋਕਾਂ ਦੇ ਭਲੇ ਲਈ ਵਾਨਿਕਾ ਧਰਮ ਅਪਣਾ ਲਿਆ।

ਨਵੇਂ ਰਾਜ ਦੀ ਸਥਾਪਨਾ ਦੇਵੀ ਮਹਾਲਕਸ਼ਮੀ ਦੇ ਆਸ਼ੀਰਵਾਦ ਨਾਲ ਮਹਾਰਾਜਾ ਅਗਰਸੇਨ ਆਪਣੀ ਰਾਣੀ (ਮਾਤਾ ਮਾਧਵੀ) ਨਾਲ ਨਵੇਂ ਰਾਜ ਦੀ ਸਥਾਪਨਾ ਲਈ ਜਗ੍ਹਾ ਚੁਣਨ ਲਈ ਪੂਰੇ ਭਾਰਤ ਵਿਚ ਯਾਤਰਾ ਕਰਨ ਲਈ ਨਿਕਲ ਪਏ। ਆਪਣੀ ਯਾਤਰਾ ਦੌਰਾਨ, ਇੱਕ ਜਗ੍ਹਾ 'ਤੇ ਉਨ੍ਹਾਂ ਨੂੰ ਕੁਝ ਬਾਘਾਂ ਦੇ ਬੱਚੇ ਅਤੇ ਬਘਿਆੜ ਦੇ ਬੱਚੇ ਇਕੱਠੇ ਖੇਡਦੇ ਮਿਲੇ। ਮਹਾਰਾਜਾ ਅਗਰਸੇਨ ਅਤੇ ਰਾਣੀ ਮਾਧਵੀ ਲਈ, ਇਹ ਇੱਕ ਸ਼ੁਭ ਸੰਕੇਤ ਸੀ ਕਿ ਇਹ ਖੇਤਰ ਵੀਰ ਭੂਮੀ (ਬਹਾਦਰਾਂ ਦੀ ਧਰਤੀ) ਸੀ ਅਤੇ ਉਨ੍ਹਾਂ ਨੇ ਅਗਰੋਹਾ ਨਾਮਕ ਸਥਾਨ 'ਤੇ ਆਪਣਾ ਨਵਾਂ ਰਾਜ ਲੱਭਣ ਦਾ ਫੈਸਲਾ ਕੀਤਾ। ਖੇਤੀਬਾੜੀ ਅਤੇ ਵਪਾਰ ਵਧਣ-ਫੁੱਲਣ ਨਾਲ ਅਗਰੋਹਾ ਖੁਸ਼ਹਾਲ ਹੋ ਗਿਆ।

**ਜਾਨਵਰਾਂ ਅਤੇ ਪੰਛੀਆਂ ਨੂੰ ਮਾਰਨ ਦੀ ਮਨਾਹੀ:** ਮਹਾਰਾਜ ਅਗਰਸੇਨ ਨੇ ਆਪਣੇ ਲੋਕਾਂ ਦੀ ਖੁਸ਼ਹਾਲੀ ਲਈ ਕਈ ਯੱਗ (ਬਲੀਦਾਨ) ਕੀਤੇ। ਉਨ੍ਹਾਂ ਦਿਨਾਂ ਵਿਚ, ਯੱਗ ਕਰਨਾ ਖੁਸ਼ਹਾਲੀ ਦਾ ਪ੍ਰਤੀਕ ਸੀ। ਅਜਿਹੇ ਹੀ ਇੱਕ ਯੱਗ ਦੌਰਾਨ, ਮਹਾਰਾਜ ਅਗਰਸੇਨ ਨੇ ਦੇਖਿਆ ਕਿ ਇੱਕ ਘੋੜਾ ਜਿਸਨੂੰ ਬਲੀ ਦੇਣ ਲਈ ਲਿਆਂਦਾ ਗਿਆ ਸੀ, ਬਲੀਦਾਨ ਦੀ ਵੇਦੀ ਤੋਂ ਦੂਰ ਜਾਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਸੀ। ਇਹ ਦੇਖ ਕੇ ਮਹਾਰਾਜ ਅਗਰਸੇਨ ਤਰਸ ਨਾਲ ਭਰ ਗਏ ਅਤੇ ਫਿਰ ਸੋਚਿਆ ਕਿ ਗੁੰਗੇ ਜਾਨਵਰਾਂ ਦੀ ਬਲੀ ਦੇ ਕੇ ਕੀ ਖੁਸ਼ਹਾਲੀ ਪ੍ਰਾਪਤ ਕੀਤੀ ਜਾ ਸਕਦੀ ਹੈ। ਅਹਿੰਸਾ ਦੇ ਵਿਚਾਰ ਨੇ ਮਹਾਰਾਜ ਅਗਰਸੇਨ ਦੇ ਮਨ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਫਿਰ ਰਾਜਾ ਨੇ ਆਪਣੇ ਮੰਤਰੀਆਂ ਨਾਲ ਇਸ ਬਾਰੇ ਚਰਚਾ ਕੀਤੀ। ਮੰਤਰੀਆਂ ਨੇ ਫਿਰ ਕਿਹਾ ਕਿ ਜੇਕਰ ਮਹਾਰਾਜ ਅਗਰਸੇਨ ਅਹਿੰਸਾ ਵੱਲ ਮੁੜਦੇ ਹਨ, ਤਾਂ ਗੁਆਂਢੀ ਰਾਜ ਇਸਨੂੰ ਕਮਜ਼ੋਰੀ ਦੀ ਨਿਸ਼ਾਨੀ ਸਮਝ ਸਕਦੇ ਹਨ ਅਤੇ ਅਗਰੋਹਾ 'ਤੇ ਹਮਲਾ ਕਰ ਸਕਦੇ ਹਨ। ਇਸ 'ਤੇ, ਮਹਾਰਾਜ ਅਗਰਸੇਨ ਨੇ ਜ਼ਿਕਰ ਕੀਤਾ ਕਿ ਹਿੰਸਾ ਅਤੇ ਅਨਿਆਂ ਨੂੰ ਖਤਮ ਕਰਨ ਦਾ ਮਤਲਬ ਕਮਜ਼ੋਰੀ ਨਹੀਂ ਹੈ। ਫਿਰ ਉਸਨੇ ਐਲਾਨ ਕੀਤਾ ਕਿ ਉਸਦੇ ਰਾਜ ਵਿਚ ਕੋਈ ਹਿੰਸਾ ਅਤੇ ਜਾਨਵਰਾਂ ਦੀ ਹੱਤਿਆ ਨਹੀਂ ਹੋਣੀ ਚਾਹੀਦੀ।

ਹਾਲਾਂਕਿ, ਅਹਿੰਸਾ ਵਿਚ ਉਸਦੇ ਵਿਸ਼ਵਾਸ ਦਾ ਮਤਲਬ ਜ਼ੁਲਮ ਦਾ ਵਿਰੋਧ ਨਾ ਕਰਨਾ ਨਹੀਂ ਸੀ, ਸਗੋਂ ਉਸਨੇ ਸਵੈ-ਰੱਖਿਆ ਨੂੰ ਉਤਸ਼ਾਹਿਤ ਕੀਤਾ। ਉਸਦੇ ਅਨੁਸਾਰ ਰੱਖਿਆ ਅਤੇ ਰਾਸ਼ਟਰੀ ਰੱਖਿਆ ਸਿਰਫ਼ ਖੱਤਰੀ - ਯੋਧਾ ਜਾਤੀ ਦਾ ਕੰਮ ਨਹੀਂ ਸੀ, ਸਗੋਂ ਇਹ ਹਰੇਕ ਨਾਗਰਿਕ ਦਾ ਫਰਜ਼ ਹੈ ਕਿ ਉਹ ਆਪਣੀ ਮਾਤ ਭੂਮੀ ਦੀ ਰੱਖਿਆ ਅਤੇ ਰੱਖਿਆ ਕਰੇ।

ਮਹਾਰਾਜ ਅਗਰਸੇਨ ਦੁਆਰਾ 5,000 ਸਾਲ ਪਹਿਲਾਂ ਪੇਸ਼ ਕੀਤੇ ਗਏ ਸਮਾਨਤਾ, ਸਮਾਜਵਾਦ ਅਤੇ ਅਹਿੰਸਾ ਦੇ ਵਿਚਾਰ ਭਾਰਤ ਦੇ ਮੌਜੂਦਾ ਸੰਵਿਧਾਨ ਦੀ ਭਾਵਨਾ ਹਨ।

"ਇੱਕ ਇੱਟ ਅਤੇ ਇੱਕ ਸਿੱਕਾ" ਹੈਰਾਨੀਜਨਕ, ਸੱਚਮੁੱਚ ਵਿਲੱਖਣ ਭਲਾਈ ਨੀਤੀ।

"ਇੱਕ ਇੱਟ, ਇੱਕ ਰੁਪਿਆ" ਨੀਤੀ ਵਜੋਂ ਵੀ ਜਾਣਿਆ ਜਾਂਦਾ ਹੈ, ਮਹਾਰਾਜਾ ਅਗਰਸੇਨ ਦੁਆਰਾ ਪ੍ਰੰਪਰਾ ਨੂੰ ਧਿਆਨ ਵਿਚ ਰੱਖਣ ਯੋਗ ਇੱਕ ਭਲਾਈ ਕਾਰਜ ਬਹੁਤ ਮਸ਼ਹੂਰ ਰਿਹਾ ਹੈ। ਇਹ ਨੀਤੀ ਸੀ ਕਿ ਹਰੇਕ ਨਾਗਰਿਕ ਅਤੇ ਹਰੇਕ ਨਿਵਾਸੀ ਦੁਆਰਾ ਉਸ ਜਗ੍ਹਾ 'ਤੇ ਵਸਣ ਦੀ ਇੱਛਾ ਰੱਖਣ ਵਾਲੇ ਪ੍ਰਵਾਸੀ ਨੂੰ ਇੱਕ ਇੱਟ ਅਤੇ ਇੱਕ ਰੁਪਿਆ ਦਿੱਤਾ ਜਾਂਦਾ ਸੀ, ਤਾਂ ਜੋ ਉਸ ਕੋਲ ਘਰ ਬਣਾਉਣ ਲਈ ਲੱਖਾਂ ਇੱਟਾਂ ਅਤੇ ਆਪਣਾ ਨਵਾਂ ਕਾਰੋਬਾਰ ਸ਼ੁਰੂ ਕਰਨ ਲਈ ਰੁਪਏ ਹੋਣ।

ਇਸ ਲਈ, ਉਸਦੇ ਰਾਜ ਵਿਚ ਕੋਈ ਵੀ ਬੇਰੁਜ਼ਗਾਰ ਨਹੀਂ ਸੀ ਅਤੇ ਹਰ ਕਿਸੇ ਕੋਲ ਆਪਣਾ ਘਰ ਸੀ। ਮਨੁੱਖਤਾ ਦੇ ਸਮਾਜਵਾਦ ਦਾ ਇਸ ਤੋਂ ਵਧੀਆ ਹੋਰ ਕੋਈ ਵਿਹਾਰਕ ਸਿਧਾਂਤ ਨਹੀਂ ਹੋ ਸਕਦਾ ਸੀ। ਇਹ ਸਿਧਾਂਤ ਉਸਦੇ ਰਾਜ ਵਿਚ ਵਿਹਾਰਕ ਬਣ ਗਏ, ਕਿਉਂਕਿ ਹਰ ਆਮ ਨਿਵਾਸੀ ਦੇ ਜੀਵਨ ਵਿਚ ਦੇਣਾ ਅਤੇ ਲੈਣਾ ਫਾਰਮੂਲਾ ਸੀ। ਨਾ ਤਾਂ ਲੈਣ ਵਾਲੇ ਨੂੰ ਸ਼ਰਮ ਮਹਿਸੂਸ ਹੋਈ ਅਤੇ ਨਾ ਹੀ ਦਾਨ ਕਰਨ ਵਾਲੇ ਨੂੰ ਮਾਣ ਮਹਿਸੂਸ ਹੋਇਆ। ਜੇਕਰ ਅਸੀਂ ਅੱਜ ਦੇ ਯੁੱਗ ਵਿਚ ਅਜਿਹਾ ਵਿਚਾਰ ਅਪਣਾਉਂਦੇ ਹਾਂ, ਤਾਂ ਇਹ ਯਕੀਨੀ ਤੌਰ 'ਤੇ ਦੁਨੀਆਂ ਦਾ ਸਭ ਤੋਂ ਮਹਾਨ ਦੇਸ਼ ਬਣਾਏਗਾ, ਅਤੇ ਕੋਈ ਵੀ ਗਰੀਬ ਨਹੀਂ ਰਹੇਗਾ।

**ਅਗਰੋਹਾ ਧਾਮ**

18 ਮਹਾਂਯੱਗ ਅਤੇ 18 ਗੋਤ੍ਰ ਸਹੀ ਪ੍ਰਬੰਧਨ ਲਈ, ਮਹਾਰਾਜਾ ਅਗਰਸੈਨ ਨੇ ਆਪਣੇ ਰਾਜ ਨੂੰ 18 ਹਿੱਸਿਆਂ ਵਿਚ ਵੰਡ ਕੇ ਸੰਗਠਿਤ ਕੀਤਾ। ਉਸਨੇ 18 ਮਹਾਂਯੱਗਾਂ ਦਾ ਪ੍ਰਬੰਧ ਕੀਤਾ, ਆਪਣੇ ਬੱਚਿਆਂ ਦੇ ਗੁਰੂਆਂ ਦੇ ਨਾਮ 'ਤੇ 18 ਗੋਤਰ ਸਥਾਪਿਤ ਕੀਤੇ, ਅਤੇ ਹਰੇਕ ਨੂੰ ਉਨ੍ਹਾਂ ਵਿਚ ਵੰਡ ਦਿੱਤਾ।

ਇਹ ਸਾਰੇ 18 ਗੋਤਰ ਨਾਮਾਂ ਵਿਚ ਵੱਖੋ-ਵੱਖਰੇ ਹਨ, ਫਿਰ ਵੀ ਇਹ ਇੱਕ ਭਗਵਦ ਗੀਤਾ ਦੇ 18 ਵੱਖ-ਵੱਖ ਅਧਿਆਵਾਂ ਵਾਂਗ ਇੱਕ ਹਨ।

ਸਮਾਜ ਭਲਾਈ ਅਤੇ ਭਾਈਚਾਰੇ ਦੀਆਂ ਭਾਵਨਾਵਾਂ ਸਿਧਾਂਤ ਦੇ ਮੂਲ ਤੱਤ ਸਨ। ਰਾਜ ਵਿਚ ਸਵਾਰਥ ਤੇ ਭ੍ਰਿਸ਼ਟਾਚਾਰ ਲਈ ਕੋਈ ਥਾਂ ਨਹੀਂ ਸੀ। ਰਾਜ ਦਾ ਵਿਕਾਸ ਅਤੇ ਲੋਕਾਂ ਦਾ ਜੀਵਨ ਪੂਰੀ ਤਰ੍ਹਾਂ ਖੇਤੀਬਾੜੀ, ਵਪਾਰ ਅਤੇ ਡੇਅਰੀ 'ਤੇ ਆਧਾਰਿਤ ਸੀ।

ਵਨਪ੍ਰਸਥ ਆਸ਼ਰਮ ਮਹਾਰਾਜਾ ਅਗਰਸੇਨ ਜੀ ਨੇ ਆਪਣੇ ਰਾਜ ਦਾ ਵਿਸਥਾਰ ਕੀਤਾ ਅਤੇ ਬਿਨਾਂ ਕਿਸੇ ਯੁੱਧ ਜਾਂ ਖੂਨ-ਖਰਾਬੇ ਦੇ 108 ਸਾਲ ਤੱਕ ਖੁਸ਼ੀ ਨਾਲ ਰਾਜ ਕੀਤਾ। ਇੱਕ ਦਿਨ ਮਹਾਰਾਜਾ ਅਗਰਸੇਨ ਜੀ ਦੀ ਪਰਿਵਾਰਕ ਦੇਵੀ ਮਹਾਲਕਸ਼ਮੀ ਨੇ ਉਨ੍ਹਾਂ ਨੂੰ ਧਰਤੀ ਨੂੰ ਅਲਵਿਦਾ ਕਹਿਣ ਲਈ ਕਿਹਾ, ਫਿਰ ਮਹਾਰਾਜਾ ਅਗਰਸੇਨ ਜੀ ਨੇ ਅਗਰੇਯ ਗਣਰਾਜ ਦਾ ਰਾਜ ਆਪਣੇ ਵੱਡੇ ਪੁੱਤਰ ਵਿਭੂ ਨੂੰ ਸੌਂਪ ਦਿੱਤਾ ਅਤੇ ਤਪੱਸਿਆ ਕਰਨ ਲਈ ਚਲੇ ਗਏ ਅਤੇ ਉਸੇ ਤਪੱਸਿਆ ਦੌਰਾਨ, ਉਹ ਆਪਣਾ ਨਾਸ਼ਵਾਨ ਸਰੀਰ ਛੱਡ ਕੇ ਪਰਮ ਧਾਮ ਚਲੇ ਗਏ। ਉਦੋਂ ਤੋਂ, ਮਹਾਰਾਜਾ ਅਗਰਸੇਨ ਜੀ ਦਾ ਜਨਮਦਿਨ ਅਸ਼ਵਿਨ ਸ਼ੁਕਲ ਏਕਮ ਯਾਨੀ ਨਵਰਾਤਰੀ ਦੇ ਪਹਿਲੇ ਦਿਨ ਉਨ੍ਹਾਂ ਦੇ ਜਨਮਦਿਨ ਵਜੋਂ ਬਹੁਤ ਧੂਮਧਾਮ ਨਾਲ ਮਨਾਇਆ ਜਾਂਦਾ ਹੈ।

ਮਹਾਰਾਜਾ ਅਗਰਸੇਨ ਨੇ ਆਪਣੇ ਲੋਕਾਂ ਦੇ ਭਲੇ ਲਈ ਵਨਿਕਾ ਧਰਮ ਅਪਣਾਇਆ। ਉਸਨੇ ਉੱਤਰੀ ਭਾਰਤ ਵਿਚ ਵਪਾਰੀਆਂ ਦਾ ਅਗਰੋਹਾ ਨਾਮਕ ਇੱਕ ਰਾਜ ਸਥਾਪਿਤ ਕੀਤਾ ਅਤੇ ਯੱਗਾਂ ਵਿਚ ਜਾਨਵਰਾਂ ਨੂੰ ਮਾਰਨ ਤੋਂ ਇਨਕਾਰ ਕਰਨ ਵਿਚ ਆਪਣੀ ਦਇਆ ਲਈ ਜਾਣਿਆ ਜਾਂਦਾ ਹੈ। ਦੇਵੀ ਮਹਾਲਕਸ਼ਮੀ ਖੱਤਰੀ ਰਾਜੇ ਦੀ ਕੁਲ ਦੇਵੀ (ਪ੍ਰਮੁੱਖ ਦੇਵੀ) ਹੈ, ਅਤੇ ਉਸਨੇ ਉਸਨੂੰ ਅਤੇ ਉਸਦੇ ਉੱਤਰਾਧਿਕਾਰੀਆਂ ਲਈ ਉੱਥੇ ਖੁਸ਼ਹਾਲੀ ਪ੍ਰਦਾਨ ਕਰਨ ਦਾ ਆਪਣਾ ਬਚਨ ਦਿੱਤਾ।


# ਡਗਸ਼ਈ ਦੀਆਂ ਹਸੀਨ ਪਹਾੜੀਆਂ 'ਚ ਗ਼ਦਰ ਲਹਿਰ ਦੇ ਮਹਾਂਬਲੀਆਂ ਦੀਆਂ ਰੂਹਾਂ ਨੂੰ ਮੁਖ਼ਾਤਿਬ ਹੁੰਦਿਆਂ


-ਸਰਬਜੀਤ ਧਾਲੀਵਾਲ
ਫੋਨ : 98141-23338
ਪੰਜਾਬ ਮੇਲ USA

ਸਾਹਮਣੇ ਅਖਬਾਰ ਪਿਆ ਹੈ। ਇਸ ਵੱਲ ਵੇਖ ਕੇ ਘਬਰਾਹਟ ਹੋ ਰਹੀ ਹੈ। ਪਹਿਲੇ ਪੰਨੇ 'ਤੇ ਛਪੀਆਂ ਖ਼ਬਰ ਡਰਾ ਰਹੀਆਂ ਨੇ। ਹਿਮਾਚਲ ਵਿਚ ਪਹਾੜ ਰੁੜ ਰਹੇ ਨੇ। ਬੱਦਲ ਫਟ ਰਹੇ ਨੇ। ਲੋਕ ਮਰ ਰਹੇ ਨੇ। ਕੁਦਰਤ ਆਪਣਾ ਵਿਰਾਟ ਰੂਪ ਦਿਖਾ ਰਹੀ ਹੈ ਤੇ ਵਿਕਾਸ ਦੇ ਨਵੇਂ ਮਾਡਲ ਨੂੰ ਸ਼ਰੇਆਮ ਚੁਣੌਤੀ ਦੇ ਰਹੀ ਹੈ। ਹਾਈਵੇ ਬਨਾਉਣ ਵਾਲਿਆਂ ਨੂੰ ਕਹਿ ਰਹੀ ਹੈ ਭੱਜ ਜਾਓ ਇਥੋਂ। ਜੇਕਰ ਤੁਸੀਂ ਮੇਰਾ ਨਾਸ ਮਾਰੋਗੇ, ਤਾਂ ਫਿਰ ਮੈਂ ਵੀ ਗਿਣ-ਗਿਣ ਕੇ ਬਦਲੇ ਲਉਂਗੀ। ਸੈਰੂਆਂ (ਸੈਰ ਕਰਨ ਵਾਲੇ) ਨਾਲ ਵੀ ਕਈ ਥਾਵਾਂ 'ਤੇ ਦੁਖਾਂਤ ਵਾਪਰ ਚੁੱਕਾ ਹੈ। ਪਹਾੜਾਂ ਨਾਲ ਇਸ਼ਕ ਕਰਨ ਵਾਲਿਆਂ 'ਚ ਨਾਮੋਸ਼ੀ ਛਾਈ ਹੋਈ ਹੈ।

ਮੈਂ ਆਪਣੇ ਆਪ ਨਾਲ ਜੂਝ ਰਿਹਾ ਹਾਂ। ਮੈਨੂੰ ਡਗਸ਼ਈ ਜਾਣ ਲਈ ਸੱਦਾ ਆਇਆ ਹੋਇਆ ਹੈ। ਉਥੇ ਰਹਿਣ ਤੇ ਖਾਣ-ਪੀਣ 'ਤੇ ਕੋਈ ਖਰਚਾ ਨਹੀਂ ਹੋਣਾ। ਇਹ ਜ਼ਿੰਮੇਵਾਰੀ ਸੱਦਾ ਪੱਤਰ ਭੇਜਣ ਵਾਲਿਆਂ ਨੇ ਆਪਣੇ ਸਿਰ ਲਈ ਹੋਈ ਹੈ। ਜਾਣ ਨੂੰ ਮਨ ਕਾਹਲਾ ਹੈ ਪਰ ਸਹਿਮਿਆ ਵੀ ਹੋਇਆ। ਮੌਸਮ ਵਿਭਾਗ ਦੀ ਭਵਿੱਖਵਾਣੀ ਝੂਠੀ ਜ਼ਿਆਦਾ ਤੇ ਸੱਚੀ ਘੱਟ ਸਾਬਿਤ ਹੋ ਰਹੀ ਹੈ। ਜਿਸ ਦਿਨ ਵਿਭਾਗ ਕਹਿੰਦਾ ਸੁੱਕ-ਪਕਾ ਰਹੇਗਾ, ਉਸ ਦਿਨ ਮੀਂਹ ਹਟਦਾ ਹੀ ਨਹੀਂ ਤੇ ਜਿਸ ਦਿਨ ਬਾਰਿਸ਼ ਹੋਣ ਦੀ ਗੱਲ ਕਹੀ ਹੁੰਦੀ ਹੈ, ਉਸ ਦਿਨ ਕਣੀ ਨਹੀਂ ਡਿਗਦੀ। ਕੁਦਰਤ ਆਪਣੇ ਸਾਰੇ ਭੇਦ ਮਨੁੱਖ ਨਹੀਂ ਦੱਸਣ ਲੱਗੀ। ਇਹ ਮੰਨ ਲੈਣਾ ਚਾਹੀਦਾ ਹੈ।

ਦੇਖੀ ਜਾਉ। ਇਹ ਸੋਚ ਕੇ ਮੈਂ ਡਗਸ਼ਈ ਜਾਣ ਲਈ ਤਿਆਰ ਹੋ ਜਾਨਾਂ। ਅਸੀਂ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਸੈਕਟਰ 28 ਤੋਂ ਕਈ ਜਣਿਆਂ ਨੇ ਇਕੱਠੇ ਜਾਣਾ ਹੈ। ਸਾਡੇ ਨਾਲ ਕੁਝ ਵਿਦਿਆਰਥੀ ਵੀ ਜਾਣਗੇ। ਬਾਰਿਸ਼ ਅੱਜ ਵੀ ਪੈ ਰਹੀ ਹੈ। ਅਸੀਂ ਵਰ੍ਹਦੇ ਮੀਂਹ 'ਚ ਹੀ ਚੱਲ ਪੈਂਦੇ ਹਾਂ। ਚੰਡੀਗੜ੍ਹ ਤੋਂ ਥੋੜੀ ਦੂਰ 'ਤੇ ਹੀ ਹਿਮਾਚਲ ਸ਼ੁਰੂ ਹੋ ਜਾਂਦਾ ਹੈ ਤੇ ਹਸੀਨ ਪਹਾੜ ਦਰਸ਼ਨ ਦੇਣ ਲੱਗਦੇ ਨੇ। ਮੀਂਹ ਨਾਲ ਰੱਜ-ਰੱਜ ਕੇ ਨ੍ਹਾਤੇ ਪਹਾੜ ਫ਼ਿਲਮੀ ਹੀਰੋਇਨਾਂ ਵਰਗੇ ਲੱਗ ਰਹੇ ਨੇ। ਚਾਰ ਚੁਫ਼ੇਰੇ ਹਰਿਆਲੀ ਹੀ ਹਰਿਆਲੀ। ਬੱਦਲ ਵੀ ਇਨ੍ਹਾਂ ਪਹਾੜਾਂ 'ਚ ਆ ਕੇ ਨਜ਼ਾਰੇ ਲੈਂਦੇ ਨੇ। ਕੋਈ ਬੱਦਲ ਏਧਰ ਨੂੰ ਲੰਘ ਜਾਂਦਾ ਤੇ ਕੋਈ ਉਧਰ ਨੂੰ।







ਡਗਸ਼ਈ ਭਾਵੇਂ ਚੰਡੀਗੜ੍ਹ ਤੋਂ ਬਹੁਤੀ ਦੂਰ ਨਹੀਂ ਪਰ ਇਹ ਹੈ ਠੰਡੀ, ਲਗਭਗ 6000 ਫੁੱਟ ਦੀ ਉਚਾਈ 'ਤੇ। ਇਸ ਦਾ ਨਾਂ ਹੀ ਅਜਿਹਾ ਕਿ ਨਾਮ ਸੁਣਕੇ ਹੀ ਬੰਦੇ ਨੂੰ ਠੰਡ ਮਹਿਸੂਸ ਹੋਣ ਲੱਗਦੀ ਹੈ। ਅਸੀਂ ਆਪਣੀ ਮੰਜ਼ਿਲ 'ਤੇ ਖ਼ੈਰ-ਸੁੱਖ ਨਾਲ ਪਹੁੰਚ ਗਏ ਹਾਂ। ਸਾਡਾ ਠਿਕਾਣਾ ਇਕ ਖ਼ੂਬਸੂਰਤ ਥਾਂ 'ਤੇ ਬਣੀ ਕੋਠੀ ਵਿਚ ਹੈ। ਕਿਸੇ ਸਰਦੇ-ਪੁੱਜਦੇ ਪੰਜਾਬੀ ਨੇ ਆਪਣੇ ਸ਼ੌਂਕ ਪੂਰੇ ਕਰਨ ਲਈ ਬਣਾਈ ਲੱਗਦੀ ਹੈ ਇਹ ਕੋਠੀ। ਜਦੋਂ ਉਹ ਏਥੇ ਨਹੀਂ ਹੁੰਦਾ, ਤਾਂ ਇਸ ਦੇ ਕੁਝ ਕਮਰੇ ਕਿਰਾਏ 'ਤੇ ਸੈਰੂਆਂ ਨੂੰ ਦੇ ਦਿੰਦਾ ਹੈ। ਦਿਨ ਸਮੇਂ ਤੁਸੀਂ ਇਸ ਕੋਠੀ ਦੀ ਛੱਤ 'ਤੇ ਚੜ੍ਹਕੇ ਬੱਦਲ ਸੈਰ ਕਰਦੇ, ਇਕ ਘਾਟੀ ਤੋਂ ਦੂਜੀ ਘਾਟੀ ਨੂੰ ਜਾਂਦੇ ਦੇਖ ਸਕਦੇ ਹੋ। ਦੂਰ-ਦੂਰ ਤੱਕ ਨਜ਼ਰ ਪੈ ਰਹੇ ਦਿਓਦਾਰ ਤੇ ਚੀਲ ਦੇ ਦਰੱਖਤਾਂ ਦੇ ਦਰਸ਼ਨ ਕਰ ਸਕਦੇ ਹੋ। ਰਾਤ ਨੂੰ ਦੂਰ-ਦੂਰ ਤੱਕ ਘਾਟੀਆਂ 'ਚ ਫੈਲੀ ਰੌਸ਼ਨੀ ਤਹਾਨੂੰ ਆਪਣੇ ਵੱਲ ਇੰਝ ਖਿੱਚਦੀ ਹੈ, ਜਿਵੇਂ ਚਕੋਰ ਨੂੰ ਚੰਨ੍ਹ। ਸਾਰੇ ਪਹਾੜ ਹੀ ਇਕ ਅਨੰਤ ਤਾਰਾ ਮੰਡਲ ਲੱਗਦੇ ਨੇ। ਹਰ ਸ਼ੈਅ ਇਕ ਖ਼ੂਬਸੂਰਤ ਪੇਟਿੰਗ ਨਜ਼ਰ ਆਉਂਦੀ ਹੈ। ਰੱਬ ਨੇ ਇਹ ਪਹਾੜ ਜ਼ਰੂਰ ਆਪਣੇ ਆਨੰਦ ਲਈ ਬਣਾਏ ਹੋਣੇ। ਉਸਨੂੰ ਸ਼ਾਇਦ ਇਹ ਨਹੀਂ ਸੀ ਪਤਾ ਕਿ ਉਸਦਾ ਸਿਰਜਿਆ ਮਨੁੱਖ ਏਨਾ ਲਾਲਚੀ ਹੋ ਚੁੱਕਿਆ ਹੈ ਕਿ ਉਹ ਇਸ ਖ਼ੂਬਸੂਰਤ ਪੇਟਿੰਗ ਨੂੰ ਬਦਸੂਰਤ ਬਣਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡੇਗਾ।

ਮੈਂ ਇਸ ਗੱਲ ਤੋਂ ਪੂਰੀ ਤਰ੍ਹਾਂ ਅਣਜਾਣ ਹਾਂ ਕਿ ਇਹ ਖ਼ੂਬਸੂਰਤ ਘਾਟੀਆਂ 'ਚ ਦੇਸ਼ ਭਗਤਾਂ ਦੀ ਰੂਹ ਦਾ ਵੀ ਵਾਸ ਹੈ। ਮੇਰੇ ਵਰਗੇ ਹੋਰ ਵੀ ਲੱਖਾਂ ਹੋਣਗੇ, ਜਿਨ੍ਹਾਂ ਇਸ ਗੱਲ ਦੀ ਜਾਣਕਾਰੀ ਨਹੀਂ ਹੋਵੇਗੀ। ਇਹ ਘਾਟੀਆਂ ਆਜ਼ਾਦੀ ਦੇ ਪ੍ਰਵਾਨਿਆਂ ਦੀ ਬਹਾਦਰੀ ਤੇ ਗੌਰਵ ਦੇ ਵੱਡੇ ਕਿੱਸੇ, ਕਹਾਣੀਆਂ ਸਾਂਭੀ ਬੈਠੀਆਂ ਹਨ। ਅੰਗਰੇਜ਼ ਸ਼ਾਸਕ ਕਿੰਨਾ ਜ਼ਾਲਮ ਸੀ, ਉਸਦੀ ਮਾਨਸਿਕਤਾ ਕਿੰਨੀ ਹਿੰਸਕ ਤੇ ਰਾਖ਼ਸ਼ਨੁਮਾ ਸੀ ਤੇ ਉਨ੍ਹਾਂ ਨੇ ਸੱਤਾ ਵਿਚ ਬਣੇ ਰਹਿਣ ਲਈ ਕਿੰਨੇ ਵਹਿਸ਼ੀ ਤਰੀਕੇ ਅਪਣਾਏ, ਉਸਦੇ ਨਿਸ਼ਾਨ ਅੱਜ ਵੀ ਇਨ੍ਹਾਂ ਘਾਟੀਆਂ 'ਚ ਤੇ ਖਾਸ ਕਰਕੇ ਡਗਸ਼ਈ 'ਚ ਬਰਕਰਾਰ ਹਨ। ਜੇਕਰ ਤੁਸੀਂ ਆਜ਼ਾਦੀ ਦੀ ਤਹਿਰੀਕ 'ਚ ਭਾਗ ਲੈਣ ਵਾਲਿਆਂ ਦੇ ਬੁਲੰਦ ਹੌਂਸਲੇ ਤੇ ਫੌਲਾਦੀ ਇਰਾਦੇ ਬਾਰੇ ਜਾਨਣਾ ਚਾਹੁੰਦੇ ਹੋ, ਤਾਂ ਡਗਸ਼ਈ ਆਉਣ ਲਈ ਜ਼ਰੂਰ ਸਮਾਂ ਕੱਢਣਾ। ਇਨ੍ਹਾਂ ਠੰਡੀਆਂ ਵਾਦੀਆਂ ਵਿਚ ਦਰਜਨਾਂ ਗ਼ਦਰੀਆਂ ਦਾ ਗਰਮ ਖ਼ੂਨ ਡੁੱਲ੍ਹਿਆ ਹੋਇਆ ਹੈ।

ਅੰਗਰੇਜ਼ ਤੋਂ ਪਹਿਲਾਂ ਇਥੇ ਮੁਗਲਾਂ ਨੇ ਵੀ ਬੜੇ ਜ਼ੁਲਮ ਢਾਹੇ, ਤੇ ਇਸ ਜ਼ੁਲਮ ਦੇ ਨਿਸ਼ਾਨ ਡਗਸ਼ਈ ਨੇ ਆਪਣੇ ਨਾਂ 'ਚ ਸਾਂਭੇ ਹੋਏ ਨੇ। ਪਹਿਲਾਂ ਇਹ ਛੋਟਾ ਜਾ ਪਿੰਡ ਸੀ। ਇਹ ਮੰਨਿਆ ਜਾਂਦਾ ਹੈ ਕਿ ਮੁਗ਼ਲ ਕਾਲ ਸਮੇਂ ਇਥੇ ਖ਼ੂੰਖਾਰ ਕੈਦੀਆਂ ਦੇ ਮੱਥੇ ਇਕ ਦਾਗ ਲੋਹੇ ਦੇ ਤੱਕਲੇ ਨੂੰ ਗਰਮ ਕਰਕੇ ਦਿੱਤਾ ਜਾਂਦਾ ਸੀ। ਉਹ ਨਿਸ਼ਾਨ ਨੂੰ "ਦਾਗ-ਏ-ਸ਼ਾਹੀ" ਕਿਹਾ ਜਾਂਦਾ ਸੀ। ਹੌਲੀ-ਹੌਲੀ ਦਾਗ-ਏ-ਸ਼ਾਹੀ ਲੋਕ ਬੋਲੀ ਵਿਚ ਵਿਗੜਦਾ-ਵਿਗੜਦਾ ਦਾਗ ਤੋਂ ਡਗ ਤੇ ਸ਼ਾਹੀ ਤੋਂ ਸ਼ਈ ਬਣ ਗਿਆ। ਤੇ ਲੋਕਾਂ ਨੇ ਇਸਨੂੰ ਡਗਸ਼ਈ ਕਹਿਣਾ ਸ਼ੁਰੂ ਕਰ ਦਿੱਤਾ।

ਉੱਤਰੀ ਭਾਰਤ ਵਿਚ ਅੰਗਰੇਜ਼ਾਂ ਨੇ ਆਪਣੇ ਰਾਜ ਦੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਛਾਉਣੀਆਂ ਉਸਾਰਨੀਆਂ ਸ਼ੁਰੂ ਕਰ ਦਿੱਤੀਆਂ। ਪਹਿਲਾਂ ਕਸੌਲੀ ਤੇ ਸ਼ਿਮਲੇ ਛਾਉਣੀਆਂ ਬਣਾਈਆਂ ਤੇ ਫਿਰ ਡਗਸ਼ਈ ਛਾਉਣੀ ਬਣਾਉਣ ਲਈ ਪਟਿਆਲਾ ਵਾਲੇ ਰਾਜੇ ਤੋਂ ਮੁਫ਼ਤ 'ਚ ਪੰਜ ਪਿੰਡ-ਡਗਸ਼ਈ, ਡੱਬੀ, ਬੁਗਤ, ਚੁਨਾਵਾਗ ਤੇ ਜਾਵੱਗ ਲੈ ਲਏ। ਤੇ 1847 ਵਿਚ ਇਥੇ ਛਾਉਣੀ ਬਨਾਉਣੀ ਸ਼ੁਰੂ ਕਰ ਦਿੱਤੀ। ਅੰਗਰੇਜ਼ ਗਰਮੀ ਨਹੀਂ ਸੀ ਝੱਲ ਸਕਦੇ। ਦੂਸਰਾ ਗੋਰਖਿਆਂ ਦੇ ਹਮਲੇ ਰੋਕਣ ਲਈ ਵੀ ਇਹ ਕੀਤਾ ਗਿਆ ਸੀ। ਗਰਮੀ ਦੇ ਸਤਾਏ ਅੰਗਰੇਜ਼ਾਂ ਨੇ ਆਪਣੇ ਵੱਡੇ ਟਿਕਾਣੇ ਪਹਾੜਾਂ 'ਤੇ ਸਥਾਪਤ ਕੀਤੇ। ਉਨ੍ਹਾਂ 'ਚ ਹਿਮਾਲਚ ਮੁੱਖ ਸੀ। ਸਰਦੀ 'ਚ ਫੌਜ ਅੰਬਾਲਾ ਛਾਉਣੀ 'ਚ, ਗਰਮੀ 'ਚ ਫੌਜ ਸ਼ਿਮਲੇ, ਕਸੌਲੀ ਤੇ ਡਗਸ਼ਈ ਆ ਜਾਂਦੀ ਸੀ।

ਅੰਗਰੇਜ਼ਾਂ ਨੇ ਛਾਉਣੀ ਬਣਾਉਣ ਤੋਂ ਬਾਦ ਸਭ ਤੋਂ ਪਹਿਲਾ ਕੰਮ ਡਗਸ਼ਈ ਵਿਚ ਜੇਲ੍ਹ ਬਣਾਉਣ ਦਾ ਕੀਤਾ। ਇਹ ਜੇਲ੍ਹ 1849 ਵਿਚ ਬਣ ਗਈ ਸੀ। ਇਸ ਜੇਲ੍ਹ ਨੂੰ ਦੇਖ ਕੇ ਅਜੇ ਵੀ ਬੰਦੇ ਦਾ ਦਿਲ ਦਹਿਲ ਜਾਂਦਾ ਹੈ। ਇਹ ਜੇਲ੍ਹ ਦੇਖ ਕੇ ਤੁਹਾਨੂੰ ਅੰਦਾਜ਼ਾ ਹੋ ਜਾਵੇਗਾ ਕਿ ਕਿੰਨੇ ਜ਼ਾਲਮ ਸੀ ਅੰਗਰੇਜ਼ ਸ਼ਾਸਕ। ਉਸ ਸਮੇਂ ਇਸ ਜੇਲ੍ਹ ਨੂੰ ਬਨਾਉਣ 'ਤੇ 73000 ਰੁਪਏ ਖਰਚ ਆਏ ਸਨ। ਇਸ ਵਿਚ 50 ਕੋਠੜੀਆਂ ਹਨ। ਹਰ ਕੋਠੜੀ ਅੱਠ ਫੁੱਟ ਚੌੜੀ, 12 ਫੁੱਟ ਲੰਬੀ ਤੇ 20 ਫੁੱਟ ਉੱਚੀ ਹੈ। ਅੰਦਰ ਗੁਪ ਹਨੇਰਾ। ਅਸਲ ਵਿਚ ਇਹ ਕੋਠੜੀਆਂ ਕਿਸੇ ਹੋਰਰ ਫਿਲ਼ਮ 'ਚ ਦਿਖਾਈਆਂ ਗੁਫਾਫਾਂ ਵਰਗੀਆਂ ਨੇ। ਰੌਸ਼ਨੀ ਤੇ ਹਵਾ ਦਾ ਤਾਂ ਇਨ੍ਹਾਂ ਕੋਠੜੀਆਂ 'ਚ ਸਵਾਲ ਹੀ ਪੈਦਾ ਨਹੀਂ ਹੁੰਦਾ। ਜੇਲ੍ਹ ਦੇ ਇਕ ਪਾਸੇ ਏਕਾਂਤ ਕਾਰਵਾਸ (solitary conafinement) ਲਈ ਕੋਠੜੀਆਂ ਹਨ। ਇਹ ਦੂਸਰੀਆਂ ਕੋਠੀਆਂ ਨਾਲੋਂ ਵੀ ਜ਼ਿਆਦਾ ਡਰਾਉਣੀਆਂ ਹਨ। ਇਹ ਜੇਲ੍ਹ ਆਜ਼ਾਦੀ ਦੇ ਇਤਿਹਾਸ ਦੇ ਸਭ ਤੋਂ ਖੌਫਨਾਖ ਮੰਜ਼ਰਾਂ ਵਿਚੋਂ ਇਕ ਹੈ। ਇਸ ਨੂੰ ਮਿੰਨੀ ਅੰਡੇਮਾਨ ਵਾਲ਼ੀ ਸੈਲੂਲਰ ਜੇਲ੍ਹ ਵਜੋਂ ਵੀ ਜਾਣਿਆ ਜਾਂਦਾ ਹੈ।

ਮੈਂ ਜੇਲ੍ਹ ਦੀ ਹਰ ਕੋਠੜੀ ਦੇ ਅੰਦਰ ਰਹਿਕੇ ਕੁੱਝ ਸਮਾਂ ਗੁਜ਼ਾਰਦਾ ਹੈ ਤੇ ਉਹ ਮਹਾਂਬਲੀਆਂ ਨੂੰ ਯਾਦ ਕਰਦਾ ਹਾਂ, ਜੋ ਸਾਡੇ ਲਈ ਆਜ਼ਾਦੀ ਦੀ ਲੜਾਈ ਲੜਦੇ ਸ਼ਹੀਦ ਹੋ ਗਏ। ਇਸ ਜੇਲ੍ਹ ਨੂੰ ਦੇਖ ਅੱਜ ਵੀ ਰੂਹ ਕੰਬ ਜਾਂਦੀ ਹੈ ਤੇ ਕੁੱਝ ਪਲਾਂ 'ਚ ਹੀ ਤੁਹਾਡੇ ਮਨ ਮੰਦਰ 'ਤੇ ਉਦਾਸੀ ਛਾ ਜਾਂਦੀ ਹੈ। ਇਨ੍ਹਾਂ ਹਨੇਰ ਕੋਠੜੀਆਂ ਵਿਚ ਕਿਵੇਂ ਆਜ਼ਾਦੀ ਦੇ ਪਰਵਾਨੇ ਤੇ ਗ਼ਦਰੀ ਬਾਬੇ ਮਹੀਨਿਆਂਬੱਧੀ ਰਹੇ ਹੋਣੇ? ਉਨ੍ਹਾਂ ਦੇ ਕਿੰਨੇ ਵੱਡੇ ਹੌਂਸਲੇ ਹੋਣਗੇ? ਕਿਸ ਮਿੱਟੀ ਦੇ ਬਣੇ ਹੋਣਗੇ ਉਹ ਲੋਕ? ਕਿਸ ਤਰ੍ਹਾਂ ਅੰਗਰੇਜ਼ ਸਿਪਾਹੀ ਉਨ੍ਹਾਂ ਤੇ ਜ਼ੁਲਮ ਢਾਉਂਦੇ ਹੋਣੇ? ਇਹ ਸਵਾਲ ਮੇਰੇ ਅੰਦਰ ਖੌਰੂ ਪਾ ਰਹੇ ਹਨ। ਮੈਨੂੰ ਸਤਿੰਦਰ ਸਰਤਾਜ ਯਾਦ ਆ ਰਿਹਾ। ਉਸਦੇ ਗੀਤ ਦੇ ਇਹ ਬੋਲ ਮੇਰੇ ਅੰਦਰ ਖੜੇ ਹੋਏ ਤੂਫ਼ਾਨ ਨੂੰ ਸ਼ਾਂਤ ਕਰਨ 'ਚ ਸਹਾਈ ਹੁੰਦੇ ਨੇ।

ਏਥੇ ਸਰਤਾਜ ਵਰਗੇ ਬਥੇਰੇ ਘੁੰਮਦੇ ਨੇ,
ਸੱਚੇ ਸੁੱਚੇ ਅਹਿਸਾਸਾਂ ਨਾਲ ਆਪਣਿਆਂ ,
ਰੰਗਾਂ ਵਿਚ ਰੰਗ ਜਾਣ ਵਾਲੇ ਬੰਦੇ ਆਮ ਨਹੀਂ ਹੁੰਦੇ,
ਜਦੋਂ ਪਤਾ ਹੋਵੇ ਸੀਨਿਆਂ 'ਚ ਛੇਕ ਹੋਣਗੇ ,
ਉਦੋਂ ਜੰਗ ਜਾਣ ਵਾਲੇ ਬੰਦੇ ਆਮ ਨਹੀਂ ਹੁੰਦੇ,
ਰੱਸੇ ਚੁੰਮਕੇ ਹੱਥੀਂ ਆਪੇ ਆਪਣਾ ਵਜੂਦ,
ਫਾਹੇ ਟੰਗ ਜਾਣ ਵਾਲੇ ਬੰਦੇ ਆਮ ਨਹੀਂ ਹੁੰਦੇ।

ਵਾਕਿਆ ਹੀ ਇਹ ਆਮ ਬੰਦੇ ਨਹੀਂ ਸੀ। 'ਨਿਸ਼ਚੇ ਕਰ ਆਪਣੀ ਜੀਤ ਕਰੂੰ' ਸੋਚ ਦੇ ਧਾਰਨੀ ਸਨ ਇਹ ਲੋਕ। ਮੈਨੂੰ ਲੱਗ ਰਿਹਾ ਹੈ ਕਿ ਹੁਣੇ ਹੀ ਕਿਸੇ ਨਾ ਕਿਸੇ ਕੋਠੜੀ 'ਚ ਕਿਸੇ ਮਹਾਂਬਲੀ ਗ਼ਦਰੀ ਬਾਬੇ ਦੀ ਆਵਾਜ਼ ਆਵੇਗੀ ਤੇ ਪੁੱਛੇਗੀ ਕਿ ਆਪਣੇ ਵਤਨ ਦਾ ਕੀ ਹਾਲ ਹੈ, ਜਿਸ ਲਈ ਅਸੀਂ ਆਪਾ ਵਾਰ ਦਿੱਤਾ? ਆਜ਼ਾਦੀ ਤੋਂ ਬਾਅਦ ਦੇ ਦੇਸੀ ਸ਼ਾਸਕਾਂ ਬਾਰੇ ਪੁੱਛਿਆ ਜਾਵੇਗਾ। ਮੇਰੇ ਕੋਲ ਕੋਈ ਢੁੱਕਵਾਂ ਜਵਾਬ ਨਹੀਂ ਹੋਵੇਗਾ। ਮੈਨੂੰ ਧਰਤੀ ਵੇਲ ਨਹੀਂ ਦੇਵੇਗੀ। ਮੈਂ ਸਿਰਫ ਇਹ ਹੀ ਕਹਿ ਸਕਾਂਗਾ ਕਿ ਤੁਸੀਂ ਸਾਡੇ ਲਈ ਸ਼ਹੀਦ ਹੋ ਗਏ। ਅਸੀਂ ਤੁਹਾਡੀ ਸ਼ਹੀਦੀ ਦੇ ਹਾਣ ਦੇ ਤਾਂ ਕੀ ਹੋਣਾ ਸੀ, ਉਸਦੇ ਨੇੜੇ-ਤੇੜੇ ਵੀ ਨਹੀਂ ਪਹੁੰਚ ਸਕੇ। ਅਸੀਂ ਤੁਹਾਡੀ ਸ਼ਹੀਦੀ ਦਾ ਮਾਣ ਵੀ ਨਹੀਂ ਰੱਖ ਸਕੇ। ਅਸੀਂ ਤਾਂ ਤੁਹਾਨੂੰ ਕਦੋਂ ਦੇ ਭੁੱਲ ਗਏ ਸੀ। ਜੇਕਰ ਸਰਦਾਰ ਅਜਮੇਰ ਸਿੰਘ, ਜਿਨ੍ਹਾਂ ਦੀ ਉਮਰ ਹੁਣ 100 ਸਾਲ ਦੇ ਕਰੀਬ, ਡਗਸ਼ਈ ਨਾ ਰਹਿੰਦਾ ਹੁੰਦਾ, ਤਾਂ ਤੁਹਾਨੂੰ ਕਿਸੇ ਨੇ ਯਾਦ ਤੱਕ ਵੀ ਨਹੀਂ ਸੀ ਕਰਨਾ। ਉਸਦੀ ਹਿੰਮਤ ਸਦਕਾ ਤੁਹਾਡੀ ਕੁਰਬਾਨੀ ਮੁੜ ਜਿੰਦਾ ਹੋਈ ਹੈ ਤੇ ਇਥੇ ਮਿਊਜ਼ਿਅਮ ਬਣੀ ਹੈ, ਜਿਥੇ ਤੁਹਾਡੇ ਨਾਲ ਜੁੜਿਆ ਇਤਿਹਾਸ ਤੇ ਯਾਦਾਂ ਸਾਂਭ ਕੇ ਰੱਖੀਆਂ ਗਈਆਂ ਨੇ ਤੇ ਚਰੰਜੀ ਲਾਲ ਕੰਗਣੀਵਾਲ ਜੀ ਨੇ ਤੁਹਾਡੇ ਬਾਰੇ ਕਿਤਾਬ ਲਿਖ ਕੇ ਆਜ਼ਾਦੀ ਦੀ ਤਵਾਰੀਖ ਦਾ ਇਕ ਅਹਿਮ ਪਹਿਲੂ ਸਾਂਭ ਲਿਆ ਹੈ।

ਉਸ ਬ੍ਰਿਗੇਡੀਅਰ ਪੀ.ਐੱਨ. ਅਨੰਥਅਨ ਆਰੀਆ ਦਾ ਵੀ ਧੰਨਵਾਦ ਕਰਨਾ ਬਣਦਾ, ਜਿਸਨੇ ਸਾਲ 2011 ਵਿਚ, ਆਜ਼ਾਦੀ ਤੋਂ ਕੋਈ 64 ਸਾਲ ਬਾਦ, ਤੁਹਾਡੀ ਯਾਦ ਨੂੰ ਸਦੀਵੀ ਬਨਾਉਣ ਲਈ ਇਸ ਜੇਲ੍ਹ ਦੀ ਇਮਾਰਤ ਨੂੰ ਮਿਊਜ਼ਿਅਮ 'ਚ ਬਦਲਣ ਬਾਰੇ ਸੋਚਿਆ ਤੇ ਆਪਣੇ ਸੁਪਨੇ ਨੂੰ ਪੂਰ ਚੜ੍ਹਾਇਆ। ਮੈਨੂੰ ਲੱਗਦਾ ਹੈ ਕਿ ਅਸੀਂ ਅਕ੍ਰਿਤਘਣ ਸਾਬਿਤ ਹੋਏ ਹਾਂ ਤੇ ਅਕ੍ਰਿਤਘਣਾਂ ਦਾ ਭਾਰ ਤਾਂ ਧਰਤੀ ਵੀ ਨਹੀਂ ਝੱਲਦੀ। ਸਾਡੇ ਬਹੁਤੇ ਸ਼ਾਸਕ ਸਭ ਕੁਝ ਨਿਗ਼ਲ ਜਾਂਦੇ ਨੇ। ਉਹ ਰਾਜਨੀਤੀ ਦੀ ਖੇਤੀ ਝੂਠ ਤੂਫ਼ਾਨ ਬੀਜ ਕੇ ਕਰਦੇ ਨੇ ਤੇ ਇਸ ਤੋਂ ਜੋ ਫ਼ਸਲ ਪੈਦਾ ਹੁੰਦੀ ਹੈ, ਉਸ ਤੋਂ ਉਹ ਵੱਡੀ ਕਮਾਈ ਕਰਦੇ ਨੇ। ਬਹੁਤੇ ਰਾਜਨੀਤਿਕ ਲੋਕ ਤਾਂ ਸਾਧ ਦੇ ਭੇਸ 'ਚ ਚੋਣਾਂ ਲੜਦੇ ਨੇ ਤੇ ਡਾਕੂ ਬਣਕੇ ਰਾਜ ਕਰਦੇ ਨੇ। ਚੋਣਾਂ ਤੋਂ ਬਾਦ ਲੋਕਾਂ ਪਛਤਾਉਂਦੇ ਨੇ ਕਿ ਇਹ ਕੀ ਕਰ ਬੈਠੇ ਪਰ ਫਿਰ ਬਣਦਾ ਕੁਝ ਨਹੀਂ, ਸਿਰਫ ਪਛਤਾਵਾ ਹੀ ਪੱਲੇ ਰਹਿ ਜਾਂਦਾ ਹੈ।

ਮੈਂ ਕਾਫੀ ਦੇਰ ਆਪਣੀ ਆਪ 'ਚ ਹੀ ਗੁਆਚਾ ਰਹਿੰਦਾ ਹਾਂ। ਪਲੋ ਪਲੋ ਮੇਰੀ ਦਿਲਚਸਪੀ ਡਗਸ਼ਈ ਦੀਆਂ ਮਨ ਨੂੰ ਮੰਤਰ ਮੁਗਧ ਕਰਦੀਆਂ ਘਾਟੀਆਂ, ਦਿਓਦਾਰ ਤੇ ਚੀਲ ਦੇ ਦਰੱਖਤਾਂ ਨਾਲ ਲੱਦੀਆਂ ਉੱਚੀਆਂ ਪਹਾੜੀਆਂ 'ਚ ਘਟਣੀ ਸ਼ੁਰੂ ਹੋ ਜਾਂਦੀ ਹੈ ਤੇ ਜੇਲ੍ਹ ਬਾਬਤ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਵੱਧ ਜਾਂਦੀ ਹੈ। ਬਾਹਰ ਜ਼ੋਰ ਦੀ ਮੀਂਹ ਪੈ ਰਿਹਾ ਹੈ। ਜੇਲ੍ਹ ਦਾ ਬਾਹਰਲਾ ਵਰਾਂਡਾ ਚਿਉਂ ਰਿਹਾ ਹੈ। ਮੇਰੇ ਨਾਲ ਹੋਰ ਵੀ ਮੇਰੇ ਸਾਥੀ ਹਨ। ਸਾਡੇ ਨਾਲ ਇਕ ਪਿਆਰੀ ਬੱਚੀ ਵੀ ਹੈ। ਉਹ ਵੀ ਜੇਲ੍ਹ ਦੇਖਣ 'ਚ ਦਿਲਚਸਪੀ ਲੈ ਰਹੀ ਹੈ। ਅਸੀਂ ਉਸਨੂੰ ਥੋੜਾ ਬਹੁਤ ਦੱਸਣ ਦੀ ਕੋਸ਼ਿਸ਼ ਕਰ ਰਹੇ ਹਾਂ। ਫੋਟੋਆਂ ਖਿੱਚ ਰਹੇ ਹਾਂ, ਖਿਚਾ ਰਹੇ ਹਾਂ। ਉਸ ਕੋਠੜੀ 'ਚ ਜਾਂਦੇ ਹਾਂ, ਜਿਥੇ ਮਹਾਤਮਾ ਗਾਂਧੀ ਦੇ ਕਾਤਲ ਨੱਥੂ ਰਾਮ ਗੌਡਸੇ ਨੂੰ ਰੱਖਿਆ ਗਿਆ ਸੀ। ਕਿਹਾ ਜਾਂਦਾ ਹੈ ਕਿ ਉਸਨੂੰ ਸ਼ਿਮਲੇ ਹਾਈ ਕੋਰਟ ਪੇਸ਼ੀ 'ਤੇ ਲਿਜਾਂਦੇ ਸਮੇਂ ਇਥੇ ਰੱਖਿਆ ਗਿਆ ਸੀ। ਸ਼ਿਮਲੇ ਪੀਟਰਹੋਫ਼ ਬਿਲਡਿੰਗ, ਜਿਸ ਵਿਚ ਪਹਿਲਾਂ ਅੰਗਰੇਜ਼ ਵਾਇਸਰਾਏ ਰਹਿੰਦੇ ਸਨ, ਵਿਚ ਆਜ਼ਾਦੀ ਤੋਂ ਬਾਦ ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਸਥਾਪਤ ਕਰ ਦਿੱਤੀ ਗਈ ਸੀ ਤੇ ਇਥੇ ਨੱਥੂ ਰਾਮ ਗੌਡਸੇ ਦਾ ਕੇਸ ਚਲਿਆ ਸੀ। ਬਾਦ 'ਚ ਇਹ ਬਿਲਡਿੰਗ ਨੂੰ ਹਿਮਾਚਲ ਰਾਜ ਭਵਨ ਬਣਾ ਦਿੱਤਾ ਗਿਆ ਸੀ।

ਸਭ ਤੋਂ ਪਹਿਲਾਂ ਇਸ ਜੇਲ੍ਹ 'ਚ 1857 ਦੇ ਗ਼ਦਰ 'ਚ ਸ਼ਾਮਲ ਹੋਏ ਨਾਸਰੀ ਰੈਜੀਮੈਂਟ ਦੇ ਗੋਰਖਾ ਸਿਪਾਹੀਆਂ ਨੂੰ ਕੈਦ ਕੀਤਾ ਗਿਆ ਸੀ। ਉਸ ਤੋਂ ਬਾਦ ਇਸ ਜੇਲ੍ਹ ਵਿਚ ਆਇਰਿਸ਼ ਕੈਥੋਲਿਕ ਸਿਪਾਹੀ, ਜੋ ਕੇ ਕੇਨਾਟ ਰੇਂਜਰਜ਼ ਬਟਾਲੀਅਨ ਨਾਲ ਸੰਬੰਧਿਤ ਸਨ, ਕੈਦ ਕੀਤੇ ਗਏ। ਉਨ੍ਹਾਂ ਨੇ ਜਲੰਧਰ ਛਾਉਣੀ ਵਿਚ 1920 'ਚ ਆਪਣੇ ਅੰਗਰੇਜ਼ ਅਫਸਰਾਂ ਖਿਲਾਫ ਬਗਾਵਤ ਕਰ ਦਿੱਤੀ ਸੀ। ਇਨ੍ਹਾਂ ਬਾਗੀ ਜਵਾਨਾਂ ਦਾ ਲੀਡਰ ਜੈਮ ਡੈਲੀ ਡਗਸ਼ਈ ਜੇਲ੍ਹ 'ਚ ਲਿਆਂਦਾ ਗਿਆ ਸੀ। ਇਥੇ 22 ਸਾਲਾਂ ਦੇ ਡੈਲੀ ਨੂੰ 2 ਨਵੰਬਰ 1920 ਨੂੰ ਜੇਲ੍ਹ 'ਚੋਂ ਬਾਹਰ ਕੱਢਕੇ ਅੰਗਰੇਜ਼ ਸਿਪਾਹੀਆਂ ਨੇ ਗੋਲੀ ਮਾਰ ਕੇ ਮਾਰ ਦਿੱਤਾ ਸੀ। ਤੇ ਜੇਲ੍ਹ ਨੇੜੇ ਹੀ ਉਸਨੂੰ ਦਫਨਾ ਦਿੱਤਾ ਗਿਆ ਸੀ। ਉਸ ਸਮੇਂ ਆਇਰਲੈਂਡ ਵਿਚ ਵੀ ਆਜ਼ਾਦੀ ਲਈ ਸੰਘਰਸ਼ ਚੱਲ ਰਿਹਾ ਸੀ। ਆਇਰਿਸ਼ ਭਾਰਤ ਦੇ ਆਜ਼ਾਦੀ ਦੀ ਲੜਾਈ ਦੇ ਵੀ ਸਮਰਥਕ ਸਨ। ਮਹਾਤਮਾ ਗਾਂਧੀ ਵੀ ਇਸ ਜੇਲ 'ਚ ਇਕ ਰਾਤ ਬਿਤਾਈ ਸੀ। 1970 'ਚ ਡੈਲੀ ਦੇ ਪਰਿਵਾਰ ਦੇ ਮੈਂਬਰ ਉਸਦੀਆਂ ਅਸਥੀਆਂ ਆਇਰਲੈਂਡ ਲੈ ਗਏ ਸਨ।

ਸ਼ਾਇਦ ਹੀ ਕਿਸੇ ਟਾਵੇਂ-ਟੱਲੇ ਨੂੰ ਪਤਾ ਹੋਵੇ ਕਿ ਡਗਸ਼ਈ ਕੁਝ ਕਾਮਾਗਾਟਾਮਾਰੂ ਜਹਾਜ਼ ਵਿਚ ਸਵਾਰ ਹੋ ਕੇ ਆਏ ਗ਼ਦਰੀ ਬਾਬੇ ਵੀ ਰੱਖੇ ਗਏ ਸੀ ਤੇ ਫਾਂਸੀ ਦਿੱਤੇ ਗਏ ਸੀ।

ਜੇਲ੍ਹ, ਜਿਸ ਨੂੰ ਹੁਣ ਮਿਊਜ਼ੀਅਮ ਬਣਾ ਦਿੱਤਾ ਗਿਆ ਹੈ, ਵਿਚ ਬਾਕਾਇਦਾ ਵੇਰਵੇ ਸਾਹਿਤ ਕਾਮਾਗਾਟਾਮਾਰੂ ਜਹਾਜ਼ ਨਾਲ ਸੰਬੰਧਿਤ ਫੋਟੋਆਂ ਲਾਈਆਂ ਗਈਆਂ ਹਨ। ਕੋਲਕੱਤਾ ਦੇ ਬੱਜ-ਬੱਜ ਘਾਟ 'ਤੇ ਕਾਮਾਗਾਟਾਮਾਰੂ ਤੇ ਅੰਗਰੇਜ਼ਾਂ ਵੱਲੋਂ ਚਲਾਈ ਗੋਲੀ ਵਿਚ ਬਹੁਤ ਸਾਰੇ ਗ਼ਦਰੀ ਸ਼ਹੀਦ ਹੋ ਗਏ ਸਨ। ਤੇ ਕੁਝ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਉਨ੍ਹਾਂ 'ਚ ਕੁਝ ਮੋਹਰੀ ਗ਼ਦਰੀਆਂ ਨੂੰ ਡਗਸ਼ਈ ਜੇਲ੍ਹ 'ਚ ਰੱਖਿਆ ਗਿਆ ਸੀ ਤੇ ਇਥੇ ਹੀ ਸ਼ਹੀਦ ਕੀਤਾ ਗਿਆ ਸੀ।

ਇਸੇ ਜੇਲ੍ਹ 'ਚ ਹੀ ਮੀਆਂ ਮੀਰ ਛਾਉਣੀ ਦੀ 23 ਰੈਜੀਮੈਂਟ (ਰਸਾਲੇ) ਦੇ 18 ਬਾਗੀ ਜਵਾਨ ਰੱਖੇ ਗਏ ਸੀ। ਇਨ੍ਹਾਂ ਦਾ 15 ਅਗਸਤ 1915 ਨੂੰ ਕੋਰਟ ਮਾਰਸ਼ਲ ਸ਼ੁਰੂ ਹੋਇਆ ਤੇ 26 ਅਗਸਤ 1915 ਨੂੰ ਸਜ਼ਾ ਸੁਣਾ ਦਿੱਤੀ ਗਈ। ਇਨ੍ਹਾਂ 'ਚ 12 ਨੂੰ ਫਾਂਸੀ ਦੀ ਸਜ਼ਾ, 5 ਨੂੰ ਉਮਰ ਕੈਦ ਤੇ 1 ਨੂੰ ਦੱਸ ਸਾਲ ਦੀ ਸਜ਼ਾ ਸੁਣਾਈ ਗਈ ਸੀ। ਇਹ ਕਿਹਾ ਜਾਂਦਾ ਕਿ ਜਿਨ੍ਹਾਂ 12 ਬਾਗੀ ਜਵਾਨਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ, ਉਨ੍ਹਾਂ ਨੂੰ ਜੇਲ੍ਹ ਦੇ ਪਿੱਛੇ ਲਿਜਾਕੇ ਗੋਲੀਆਂ ਮਾਰਕੇ ਸ਼ਹੀਦ ਕੀਤਾ ਗਿਆ ਸੀ ਪਰ ਇਸ ਬਾਰੇ ਹੋਰ ਛਾਣ-ਬੀਣ ਕਰਨ ਦੀ ਜ਼ਰੂਰਤ ਹੈ ਕਿਉਂਕਿ ਕੁਝ ਕਹਿੰਦੇ ਨੇ ਕਿ ਉਨ੍ਹਾਂ ਨੂੰ ਅੰਬਾਲਾ ਜੇਲ੍ਹ 'ਚ ਲਿਜਾਕੇ ਫਾਂਸੀ ਦਿੱਤੀ ਸੀ। ਹਾਲਾਂਕਿ ਫਾਂਸੀ ਕੋਠੀ ਇਥੇ ਵੀ ਜੇਲ੍ਹ ਦੇ ਨਾਲ ਬਣੀ ਹੋਈ ਹੈ ਪਰ ਅੱਜਕੱਲ ਉਧਰ ਜਾਣ ਨਹੀਂ ਦਿੱਤਾ ਜਾਂਦਾ।

ਜਿਨ੍ਹਾਂ ਨੂੰ ਫਾਂਸੀ ਤੇ ਉਮਰ ਕੈਦ ਦੀ ਸਜ਼ਾ ਹੋਈ, ਉਨ੍ਹਾਂ 'ਚ ਇਕ ਨੂੰ ਛੱਡ ਕੇ ਬਾਕੀ ਸਾਰੇ ਅੰਮ੍ਰਿਤਸਰ ਜ਼ਿਲ੍ਹੇ ਦੀ ਸੀ ਤੇ ਪੰਜ ਤਾਂ ਇਕੱਲੇ ਢੋਟੀਆਂ ਪਿੰਡ ਦੇ ਤੇ ਦੋ ਕਸੇਲ ਪਿੰਡ ਦੇ ਸੀ। ਜਿਨ੍ਹਾਂ ਨੂੰ ਫਾਂਸੀ ਹੋਈ ਉਸ ਸਨ, ਦਫੇਦਾਰ ਲਛਮਣ ਸਿੰਘ ਚੁਸਲੇਵੜ, ਬੂਟਾ ਸਿੰਘ ਕਸੇਲ, ਬੁੱਧ ਸਿੰਘ ਢੋਟੀਆਂ, ਅਬਦੁੱਲਾ ਗੁਜਰਾਂਵਾਲਾ (ਹੁਣ ਪਾਕਿਸਤਾਨ), ਭਗਤ ਸਿੰਘ

## 25 ਸਤੰਬਰ ਮੌਤ ਦਿਨ 'ਤੇ ਵਿਸ਼ੇਸ਼

# ਪਰਦੇ ਪਿੱਛੇ ਆਵਾਜ਼ ਦਾ ਜਾਦੂਗਰ ਸੀ ਜਸਦੇਵ ਸਿੰਘ ਖੇਡ ਕੁਮੈਂਟੇਟਰ

ਸਤਵੀਰ ਸਿੰਘ ਚਾਨੀਆਂ
92569-73526
ਪੰਜਾਬ ਮੇਲ USA



ਜੈਪੁਰ ਦੇ ਪਿੰਡ ਬਾਉਲੀ ਵਿਚ ਇਕ ਓਵਰਸੀਅਰ ਦੇ ਘਰ 1930 ਨੂੰ ਜੰਮੇ ਸ. ਜਸਦੇਵ ਸਿੰਘ ਨੇ ਜਦ ਮਹਾਤਮਾ ਗਾਂਧੀ ਦੇ ਦਾਹ ਸੰਸਕਾਰ ਦੇ ਕਿਰਿਆ ਕਰਮ ਦੀ ਰੇਡੀਓ ਤੋਂ ਨਸ਼ਰ ਹੋ ਰਹੀ ਕੁਮੈਂਟਰੀ ਸੁਣੀ, ਤਾਂ ਉਹ ਕੁਮੈਂਟੇਟਰ ਮਾਲਵਿਲ ਦਿ ਮੈਲੋਜ ਦੇ ਭਾਵੁਕ ਬੋਲਾਂ ਤੋਂ ਬਹੁਤ ਮੁਤਾਸਿਰ ਹੋਏ। ਤਦੋਂ ਹੀ ਉਨ੍ਹਾਂ ਫ਼ੈਸਲਾ ਕਰ ਲਿਆ ਕਿ ਉਹ ਵੀ ਰੇਡੀਓ ਬ੍ਰਾਡਕਾਸਟਿੰਗ ਵੱਲ ਜਾਣਗੇ। ਆਪਣੀ ਗ੍ਰੈਜੂਏਸ਼ਨ ਮੁਕੰਮਲ ਕਰਨ ਉਪਰੰਤ ਜਸਦੇਵ ਸਿੰਘ ਹੁਰਾਂ ਆਪਣੀ ਜਾਦੂਮਈ ਆਵਾਜ਼ ਦਾ ਸਫ਼ਰ 1955 ਵਿਚ ਆਲ ਇੰਡੀਆ ਰੇਡੀਓ ਸਰਵਿਸ ਜੈਪੁਰ ਤੋਂ ਸ਼ੁਰੂ ਕੀਤਾ। 1963 ਤੋਂ ਦੂਰਦਰਸ਼ਨ ਦੇ ਨੈਸ਼ਨਲ ਕੇਂਦਰ ਦਿੱਲੀ ਵਿਚ ਲਗਾਤਾਰ 35 ਸਾਲ ਸੇਵਾਵਾਂ ਦਿੱਤੀਆਂ। ਉਨ੍ਹਾਂ ਆਪਣੇ ਹਾਕੀ ਖੇਡ ਹਿੰਦੀ ਕੁਮੈਂਟਰੀ ਦੇ ਸਫ਼ਰ ਦਾ ਆਗਾਜ਼ 1964 ਵਿਚ ਟੋਕੀਓ ਹਾਕੀ ਉਲੰਪਿਕ ਖੇਡਾਂ ਸਮੇਂ ਅੰਗਰੇਜ਼ੀ ਕੁਮੈਂਟੇਟਰ ਮਾਲਵਿਲ ਦਿ ਮੈਲੋਜ ਟੀਮ ਨਾਲ ਕੀਤਾ। ਇਤਫ਼ਾਕ ਨਾਲ ਫਾਈਨਲ ਹਾਕੀ ਯੁੱਧ ਹਿੰਦ-ਪਾਕਿ ਟੀਮਾਂ ਵਿਚਕਾਰ ਸੀ। ਭਾਰਤੀ ਟੀਮ ਦੀ ਤਰਫੋਂ ਅਖ਼ੀਰੀ ਪਲਾਂ ਵਿਚ ਮਹਿੰਦਰ ਲਾਲ ਵਲੋਂ ਕੀਤੇ ਜੇਤੂ ਗੋਲ਼ ਦਾ ਜਸਦੇਵ ਸਿੰਘ ਦਾ ਅੰਦਾਜ਼-ਏ-ਬਯਾਂ ਲੱਖਾਂ ਹਾਕੀ ਪ੍ਰੇਮੀਆਂ ਨੂੰ ਮੋਹਿਤ ਕਰ ਗਿਆ। ਇਹ ਤਦੋਂ ਦੀਆਂ ਗੱਲਾਂ ਹਨ, ਜਦ ਟੈਲੀਵਿਜ਼ਨ ਆਮ ਪ੍ਰਚਲਿਤ ਨਹੀਂ ਸਨ। ਕੇਵਲ ਰੇਡੀਓ ਹੀ ਸੁਣੀਂਦਾ ਸੀ।

ਉਨ੍ਹਾਂ ਲਗਾਤਾਰ ਹਾਕੀ ਦੀਆਂ 9 ਉਲੰਪਿਕਸ, 8 ਵਰਲਡ ਕੱਪ ਅਤੇ 6 ਏਸ਼ੀਅਨ ਖੇਡਾਂ ਦੀ ਕੁਮੈਂਟਰੀ ਕਰਨ ਦੇ ਨਾਲ-ਨਾਲ ਇਹੀ ਸਮੇਂ ਦੌਰਾਨ ਆਜ਼ਾਦੀ ਅਤੇ ਗਣਤੰਤਰ ਦਿਵਸ ਸਮਾਰੋਹਾਂ ਦੌਰਾਨ ਵੀ ਕੁਮੈਂਟਰੀ ਕਰਕੇ ਕਰੋੜਾਂ ਭਾਰਤੀਆਂ ਦੇ ਦਿਲਾਂ 'ਤੇ ਆਪਣੀ ਜਾਦੂਮਈ ਆਵਾਜ਼ ਦਾ ਅਸਰ ਛੱਡਿਆ। ਕੁਮੈਂਟਰੀ ਤਾਂ ਉਨ੍ਹਾਂ ਵੱਖ-ਵੱਖ ਖੇਤਰਾਂ ਦੇ ਖੇਡ ਮੁਕਾਬਲਿਆਂ ਦੀ ਕੀਤੀ ਪਰ ਹਾਕੀ ਮੁਕਾਬਲਿਆਂ ਦੀ ਕੁਮੈਂਟਰੀ, ਹਵਾ ਵਿਚ ਬੋਲੇ ਉਨ੍ਹਾਂ ਦੇ ਹਰਫ਼ਾਂ ਨੇ ਭਾਰਤੀ ਹਾਕੀ ਨੂੰ ਘਰੋਂ ਘਰ ਪਹੁੰਚਾ ਦਿੱਤਾ। ਲੋਕ ਹੈਰਾਨ ਹੁੰਦੇ ਕਿ ਦੂਰ ਉਚਾਈ 'ਤੇ ਬੈਠੇ ਜਸਦੇਵ ਸਿੰਘ ਖਿਡਾਰੀਆਂ ਦੀ ਭੀੜ 'ਚੋਂ ਉਨ੍ਹਾਂ ਨੂੰ ਯੱਕਦਮ ਖਿਡਾਰੀਆਂ ਦੇ ਨਾਵਾਂ ਦੀ ਪਹਿਚਾਣ ਕਿਵੇਂ ਹੋ ਜਾਂਦੀ। ਹਰ ਖਿਡਾਰੀ ਅਤੇ ਉਸ ਖਿਡਾਰੀ ਨੂੰ ਚਾਹੁਣ ਵਾਲੇ ਮਾਣ ਨਾਲ ਭਰ ਜਾਂਦੇ, ਜਦ ਵੀ ਕਿਸੇ ਖਿਡਾਰੀ ਦਾ ਨਾਮ ਜਸਦੇਵ ਸਿੰਘ ਦੇ ਬੁੱਲ੍ਹਾਂ 'ਤੇ ਥਿਰਕਦਾ। ਉਸ ਦੀ ਬਾਜ਼ ਨਜ਼ਰ ਹਾਕੀ ਬਾਲ ਦੇ ਨਾਲ-ਨਾਲ ਦੌੜਦੀ। ਭਾਰਤੀ ਹਾਕੀ ਟੀਮ ਦੀ ਹਾਰ 'ਤੇ ਉਸ ਦੇ ਜਾਦੂਮਈ ਭਾਵੁਕ ਅਤੇ ਤੜਫ ਭਰੇ ਬੋਲ ਹਾਕੀ ਪ੍ਰੇਮੀਆਂ ਨੂੰ ਰੁਲਾ ਜਾਂਦੇ। ਭਾਰਤੀ ਹਾਕੀ ਟੀਮ ਜਿੱਤ ਰਹੀ ਹੁੰਦੀ, ਤਾਂ ਉਹ ਦੇ ਵੈਰਾਗਮਈ ਜੋਸ਼ ਅਤੇ ਖ਼ੁਸ਼ੀ ਭਰੇ ਬੋਲ ਹਾਕੀ ਪ੍ਰੇਮੀਆਂ ਨੂੰ ਨੱਚਣ ਲਈ ਮਜਬੂਰ ਕਰ ਦਿੰਦੇ। ਵੈਰਾਗ ਵਿਚ ਅੱਖਾਂ ਛਲਕ ਜਾਂਦੀਆਂ। ਭਾਰਤੀ ਦੀਵਾਨਿਆਂ ਵਾਂਗ ਪਾਕਿਸਤਾਨੀ ਹਾਕੀ ਪ੍ਰੇਮੀ ਵੀ ਉਨ੍ਹਾਂ ਦੇ ਬੋਲਾਂ ਨੂੰ ਸੌਗਾਤ ਦੀ ਤਰ੍ਹਾਂ ਸਮਝਦੇ। ਇਕ ਵਾਰ ਜਸਦੇਵ ਸਿੰਘ ਹੁਰੀਂ ਕਰਾਚੀ ਦੌਰੇ 'ਤੇ ਸਨ। ਭੀੜ ਭਰੀ ਸੜਕ ਨੂੰ ਕਰਾਸ ਕਰਨ ਲਈ ਇਕ ਨੇਤਰਹੀਣ ਬੰਦੇ ਨੇ ਉਨ੍ਹਾਂ ਦੀ ਸਹਾਇਤਾ ਮੰਗੀ। ਗੁਫ਼ਤਗੂ ਦੌਰਾਨ ਨੇਤਰਹੀਣ ਬੰਦਾ ਜੋ ਜਸਦੇਵ ਸਿੰਘ ਦੀ ਖੇਡ ਕੁਮੈਂਟਰੀ ਸੁਣਿਆਂ ਕਰਦਾ ਸੀ ਅਤੇ ਉਨ੍ਹਾਂ ਦਿਆਂ ਬੋਲਾਂ 'ਤੇ ਫ਼ਿਦਾ ਸੀ, ਨੇ ਕਿਹਾ, "ਜੀ ਤੁਹਾਡੀ ਆਵਾਜ਼ ਇੰਡੀਆ ਦੇ ਜਸਦੇਵ ਸਿੰਘ ਕੁਮੈਂਟੇਟਰ ਵਰਗੀ ਹੈ।" ਤਾਂ ਜਸਦੇਵ ਸਿੰਘ ਹੁਰਾਂ ਆਖਿਆ, ਭਾਈ ਮੈਂ ਜਸਦੇਵ ਸਿੰਘ ਈ ਆਂ। ਤਾਂ ਉਸ ਨੇਤਰਹੀਣ ਨੇ ਆਪਣਿਆਂ ਕੰਨਾਂ 'ਤੇ ਵਿਸ਼ਵਾਸ ਨਾ ਆਇਆ।

ਹਾਕੀ ਦਾ ਦੂਸਰਾ ਵਰਲਡ ਕੱਪ 1975 ਵਿਚ ਕੁਆਲਾਲੰਪੁਰ ਵਿਖੇ ਖੇਡਿਆ ਗਿਆ। ਫਾਈਨਲ ਮੈਚ ਭਾਰਤ-ਪਾਕਿ ਵਿਚਕਾਰ ਹੋਏ ਹਾਕੀ ਯੁੱਧ ਦੀ ਕੁਮੈਂਟਰੀ ਦੇ ਅਚੰਭਿਤ, ਪੰਛੀਆਂ ਨੂੰ ਠਹਿਰਾਉਣ ਵਾਲੇ ਬੋਲ ਹਾਕੀ ਪ੍ਰੇਮੀਆਂ ਦੇ ਕੰਨਾਂ ਵਿਚ ਅੱਜ ਵੀ ਗੂੰਜਦੇ ਹਨ। ਤਦੋਂ ਦੇ ਪ੍ਰਧਾਨਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੇ ਆਪਣੇ ਦਫ਼ਤਰ ਵਿਚ ਸ. ਅਜੀਤਪਾਲ ਸਿੰਘ ਦੀ ਕਪਤਾਨੀ ਵਿਚ ਜੇਤੂ ਰਹੀ ਭਾਰਤੀ ਹਾਕੀ ਟੀਮ ਦਾ ਨਿੱਘਾ ਸੁਆਗਤ ਕੀਤਾ ਅਤੇ ਨਾਲ ਹੀ ਜਸਦੇਵ ਸਿੰਘ ਨੂੰ ਉਨ੍ਹਾਂ ਦੀ ਥਿਰਕਾ ਦੇਣ ਵਾਲੀ ਖੇਡ ਕੁਮੈਂਟਰੀ ਦੀ ਪ੍ਰਸ਼ੰਸਾ ਕਰਦਿਆਂ ਕਿਹਾ, "ਮੈਂ ਹਿੰਦ-ਪਾਕਿ ਦੇ ਫਾਈਨਲ ਮੈਚ ਦੀ ਤੁਹਾਡੀ ਕੁਮੈਂਟਰੀ ਨੂੰ ਸਾਹ ਰੋਕ ਕੇ ਸੁਣਿਆਂ।"

ਮਾਨੋਂ ਜਸਦੇਵ ਸਿੰਘ ਭਾਰਤੀ ਹਾਕੀ ਟੀਮ ਦਾ ਹੀ ਇਕ ਉਮਦਾ ਮੈਂਬਰ ਸੀ, ਭਾਰਤੀ ਹਾਕੀ ਉਸ ਤੋਂ ਬਗੈਰ ਅਧੂਰੀ ਹੁੰਦੀ।



ਸ. ਜਸਦੇਵ ਸਿੰਘ ਇਕ ਮੁਲਾਕਾਤ ਸਮੇਂ।

ਉਨ੍ਹਾਂ ਦੀਆਂ ਸੇਵਾਵਾਂ ਦਾ ਮੁੱਲ ਪਾਉਂਦਿਆਂ ਜਿਥੇ ਭਾਰਤ ਸਰਕਾਰ ਵੱਲੋਂ 1985 ਵਿਚ ਪਦਮ ਸ਼੍ਰੀ ਅਤੇ 2008 ਵਿਚ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ, ਉਥੇ ਅੰਤਰਰਾਸ਼ਟਰੀ ਉਲੰਪਿਕ ਕਮੇਟੀ ਦੇ ਪ੍ਰਧਾਨ ਸ਼੍ਰੀ ਜੌਨ ਐਨਟੋਨੀਓ ਸਮਾਰੈਂਚ ਵਲੋਂ ਉਲੰਪਿਕ ਖੇਡ ਖੇਤਰ ਦਾ ਸਰਵਉੱਚ ਸਨਮਾਨ ਉਲੰਪਿਕ ਅਵਾਰਡ ਦੇ ਕੇ ਮਾਣ ਵਧਾਇਆ।

ਉਹ ਬਤੌਰ ਡਿਪਟੀ ਡਾਇਰੈਕਟਰ (ਸਪੋਰਟਸ) ਦੂਰਦਰਸ਼ਨ ਕੇਂਦਰ ਦਿੱਲੀ ਤੋਂ ਰਿਟਾਇਰਡ ਹੋਏ। ਬਹੁਤ ਘੱਟ ਲੋਕਾਂ ਨੂੰ ਪਤਾ ਹੋਏਗਾ ਕਿ ਉਨ੍ਹਾਂ 1950ਵਿਆਂ 'ਚ ਹਾਲੀਵੁੱਡ ਦੀ ਮਸ਼ਹੂਰ ਫਿਲਮ The wind Cannot Read ਜੋ ਦੂਜੇ ਸੰਸਾਰ ਯੁੱਧ ਦੇ ਮੁਤੱਲਕ ਸੀ ਅਤੇ ਜੈਪੁਰ ਏਰੀਏ ਵਿਖੇ ਫਿਲਮਾਈ ਗਈ, ਵਿਚ ਸਿੱਖ ਸਿਪਾਹੀ ਦਾ ਰੋਲ਼ ਅਦਾ ਕੀਤਾ। ਉਹ ਲੰਬੀ ਬਿਮਾਰੀ ਤੋਂ ਬਾਦ 25 ਸਤੰਬਰ 2018 ਨੂੰ ਕਰੀਬ 88ਵੇਂ ਵਰ੍ਹੇ 'ਚ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨਾਲ ਲੰਬਾ ਸਮਾਂ ਅੰਗਰੇਜ਼ੀ ਵਿਚ ਖੇਡ ਕੁਮੈਂਟਰੀ ਕਰਦੇ ਰਹੇ ਡਾਕਟਰ ਨਰੋਤਮ ਪੁਰੀ ਨੇ ਜਸਦੇਵ ਸਿੰਘ ਹੁਰਾਂ ਦੀ ਮੌਤ 'ਤੇ ਆਖਿਆ ਸੀ, "ਅਸੀਂ ਖੇਡ ਜਗਤ ਦੇ ਬਰਾਡਕਾਸਟਿੰਗ ਖੇਤਰ ਦੀ ਇਕ ਮਾਣਮੱਤੀ ਵੱਡਅਕਾਰੀ ਸ਼ਖ਼ਸੀਅਤ ਤੋਂ ਵਾਂਝੇ ਹੋ ਗਏ ਹਾਂ।" ਤਦੋਂ ਦੇ ਕੇਂਦਰੀ ਕੈਬਨਿਟ ਦੇ ਖੇਡ ਮੰਤਰੀ ਸ਼੍ਰੀ ਰਾਜਿਆਵਰਧਨ ਸਿੰਘ ਰਾਠੌਰ ਨੇ ਉਨ੍ਹਾਂ ਦੀ ਮੌਤ 'ਤੇ ਅਫ਼ਸੋਸ ਜਿਤਾਉਂਦਿਆਂ ਕਿਹਾ ਸੀ, "ਸ. ਜਸਦੇਵ ਸਿੰਘ ਅੱਜ ਤੱਕ ਦਾ ਸਭ ਤੋਂ ਉੱਤਮ ਤਰੀਨ ਕੁਮੈਂਟੇਟਰ ਸੀ।"

ਇਸ ਵੇਲੇ ਉਨ੍ਹਾਂ ਦੀ ਬੇਟੀ ਅਤੇ ਬੇਟਾ ਇੰਜੀਨੀਅਰ ਗੁਰਦੇਵ ਸਿੰਘ ਜੋ ਖੇਡ ਕੁਮੈਂਟੇਟਰ ਵੀ ਹੈ, ਦਿੱਲੀ ਵਿਖੇ ਰਿਹਾਇਸ਼ ਪੁਜੀਰ ਨੇ।

ਉਧੇੜ ਉਮਰ ਦੇ ਪਾਂਧੀਆਂ ਦੇ ਕੰਨਾਂ ਵਿਚ ਉਨ੍ਹਾਂ ਦੇ ਭਾਵੁਕ ਟੁਣਕਦੇ ਬੋਲ ਅੱਜ ਵੀ ਸਰਗੋਸ਼ੀਆਂ ਕਰਦੇ ਸੁਣਾਈ ਦਿੰਦੇ ਨੇ।



ਸ. ਜਸਦੇਵ ਸਿੰਘ ਉਸ ਸਮੇਂ ਦੇ ਰਾਸ਼ਟਰਪਤੀ ਸਾਹਿਬਾਂ ਬੀਬੀ ਪ੍ਰਤਿਭਾ ਪਾਟਿਲ ਤੋਂ ਪਦਮ ਵਿਭੂਸ਼ਣ ਪ੍ਰਾਪਤ ਕਰਦੇ ਹੋਏ।

## ਮਿੰਨੀ ਕਹਾਣੀ

# ਤਿੜ੍ਹਾਂ ਅਤੇ ਤੰਦਾਂ ਕਦੇ ਵੀ ਆਪਣੇ ਮੂਲ ਨਾਲੋਂ ਨਹੀਂ ਟੁੱਟਦੀਆਂ..

ਮਾਸਟਰ ਬਚਿੱਤਰ ਸਿੰਘ
ਬੁਢਲਾਡਾ
(Punjab Mail USA)



ਸ਼ਾਮ ਦੇ ਸਾਢੇ ਕੁ ਛੇ ਦਾ ਟਾਈਮ ਸੀ, ਗੁਰਦੁਆਰੇ ਵਾਲੇ ਭਾਈ ਜੀ ਨੇ ਹੋਕਾ ਦਿੱਤਾ ਕਿ ਭਾਈ ਪਾਣੀ ਕਦੇ ਵੀ ਆਪਣੇ ਪਿੰਡਾਂ ਵੱਲ ਆ ਸਕਦੈ, ਸਾਰੇ ਜਣੇ ਆਪਣਾ ਮਾਲ ਡੰਗਰ ਤੇ ਕੀਮਤੀ ਸਮਾਨ ਲੈ ਕੇ ਉੱਚੇ ਪਿੰਡਾਂ ਵੱਲ ਨੂੰ ਹੋ ਲਵੋ। ਇਹ ਉਹ ਇਲਾਕਾ ਸੀ, ਜੋ ਬਾਰਡਰ ਦੇ ਨੇੜੇ ਦਾ ਸੀ। ਭਾਵੇਂ ਪੰਜਾਬ ਅਤੇ ਪਾਕਿਸਤਾਨ ਦੋ ਵੱਖ-ਵੱਖ ਦੇਸ਼ ਬਣ ਗਏ ਸਨ, ਪਰ ਕਈਆਂ ਦੇ ਭੈਣ-ਭਰਾ ਉਧਰ ਰਹਿ ਗਏ ਜਾਂ ਕਈਆਂ ਦੇ ਸਕੇ-ਸਬੰਧੀ ਇਧਰ ਰਹਿ ਗਏ ਸਨ। ਐਨੇ ਚਿਰ ਨੂੰ ਪਾਣੀ ਇੱਕੋਦਮ ਸੱਤ ਫੁੱਟ ਆ ਗਿਆ।

ਇਧਰ ਮਦਦ ਲਈ ਕੋਈ ਵੀ ਨਾ ਪਹੁੰਚਿਆ। ਚਾਰੇ ਪਾਸੇ ਪਾਣੀ ਹੀ ਪਾਣੀ, ਸਾਰਾ ਕੁਝ ਪਾਣੀ ਦੇ ਵਿਚ ਹੀ ਵਹਿ ਗਿਆ। ਕਣਕ, ਆਟਾ ਸਭ ਕੁਝ ਖਰਾਬ ਹੋ ਗਿਆ, ਜ਼ਿੰਦਗੀ ਰੁੱਕ ਗਈ।

ਕੋਠਿਆਂ ਦੀਆਂ ਛੱਤਾਂ 'ਤੇ ਬੈਠੇ ਉਸ ਸਮੇਂ ਦੀ ਉਡੀਕ ਕਰ ਰਹੇ ਸੀ, ਜਦੋਂ ਭਾਰਤੀ ਪੰਜਾਬ ਦੇ ਲੋਕਾਂ ਦੀ ਮਦਦ ਕਰਨ ਲਈ ਸਾਡੀ ਸਰਕਾਰ ਪਹੁੰਚੇਗੀ ਪਰ ਉੱਥੇ ਕੋਈ ਵੀ ਉਨ੍ਹਾਂ ਦੀ ਖ਼ਬਰ ਲੈਣ ਨਾ ਆਇਆ। ਅਖੀਰ ਦੂਜੇ ਬੰਨਿਓਂ ਕੁਝ ਪਲਾਸਟਿਕ ਦੇ ਲਿਫ਼ਾਫ਼ਿਆਂ 'ਚ ਪਾਣੀ ਰਾਹੀਂ ਆਉਂਦਾ ਦਿੱਖਿਆ, ਜਦੋਂ ਇੱਧਰ ਦੇ ਲੋਕਾਂ ਨੇ ਸਮਾਨ ਨੂੰ ਕੋਠਿਆਂ 'ਤੇ ਖੜ੍ਹ ਨੇੜੇ ਲਾਉਂਦਿਆਂ ਖੋਲ੍ਹ ਕੇ ਦੇਖਿਆ, ਤਾਂ ਉਹ ਖਾਣ-ਪੀਣ ਵਾਲਾ ਸਮਾਨ ਸੀ। ਸਾਰੇ ਇਸ ਵਰਤਾਰੇ ਤੋਂ ਹੈਰਾਨ ਸਨ, ਪੂਰੇ ਪਰਿਵਾਰ 'ਚ ਬੈਠੇ ਬਾਬੇ ਗੁਰਦਿਆਲ ਸਿਉਂ ਨੇ ਆਖਿਆ 'ਓਏ ਸੌਹਰਿਓ 'ਤਿੜ੍ਹਾਂ ਤੇ ਤੰਦਾਂ' ਕਦੇ ਵੀ ਆਪਣੇ ਮੂਲ ਨਾਲੋਂ ਨਹੀਂ ਟੁੱਟਦੀਆਂ, ਤਾਹੀਂ ਤਾਂ ਅੱਜ ਆਪਣਿਆਂ ਨੇ ਆਪਣਿਆਂ ਦੀ ਫਿਕਰ ਕੀਤੀ ਏ, ਇਹ 'ਤਿੜ੍ਹਾਂ ਤੇ ਤੰਦਾਂ' ਹਮੇਸ਼ਾ ਆਪਣੇ ਵਜੂਦ ਨਾਲ ਜੁੜੀਆਂ ਰਹਿੰਦੀਆਂ ਨੇ, ਕਦੇ ਵੀ ਸਾਥ ਨਹੀਂ ਛੱਡਦੀਆਂ'। ਮੈਨੂੰ ਬਾਬੇ ਗੁਰਦਿਆਲ ਸਿਉਂ ਦੀ ਇਸ ਗੱਲ ਨੇ ਸੋਚਾਂ ਵਿਚ ਪਾ ਦਿੱਤਾ।

ਡਾ. ਮਨਜੀਤ ਸਿੰਘ ਬੱਲ
98728-43491
ਪੰਜਾਬ ਮੇਲUSA

# ਹਲਕਾਅ (ਰੇਬੀਜ਼) ਤੇ ਹਾਇਡੇਟਿਡ ਰੋਗ

# ਕੁੱਤਿਆਂ ਤੋਂ ਸਾਵਧਾਨ





**ਕੁੱਤਿਆਂ ਦੀ ਗਿਣਤੀ ਤੇ ਕੁੱਤੇ-ਕੱਟੇ ਦੇ ਵਧਦੇ ਕੇਸਾਂ ਬਾਰੇ ਸੁਪਰੀਮ ਕੋਰਟ ਨੇ 11 ਅਗਸਤ 2025 ਨੂੰ ਫੈਸਲਾ ਦਿੱਤਾ ਸੀ ਕਿ ਸਾਰੇ ਅਵਾਰਾ ਕੁੱਤਿਆਂ ਨੂੰ ਫੜ ਕੇ ਸ਼ੈਲਟਰ ਹੋਮ ਵਿਚ ਬੰਦ ਕਰ ਦਿਓ ਪਰ 'ਡੋਗ ਲਵਰਜ਼' ਵੱਲੋਂ ਅਪੀਲ ਕਰਨ 'ਤੇ ਦੋ ਹਫਤਿਆਂ ਦੇ ਵਿਚ ਹੀ ਫੈਸਲਾ ਬਦਲ ਦਿੱਤਾ ਗਿਆ ਕਿ ਕੁੱਤਿਆਂ ਨੂੰ ਫੜ ਕੇ, ਖੱਸੀ ਕਰ ਕੇ ਤੇ ਪੇਟ ਦੇ ਕੀੜਿਆਂ ਦੀਆਂ ਦਵਾਈਆਂ ਦੇ ਕੇ, ਫੇਰ ਉਨ੍ਹਾਂ ਥਾਵਾਂ 'ਤੇ ਹੀ ਛੱਡ ਦਿਤਾ ਜਾਵੇ, ਜਿੱਥੋਂ ਉਨ੍ਹਾਂ ਨੂੰ ਫੜਿਆ ਸੀ।**

ਭਾਰਤ ਵਿਚ ਸਮਾਜਿਕ, ਧਾਰਮਿਕ ਤੇ ਪ੍ਰਸ਼ਾਸਨਿਕ ਸਥਿਤੀਆਂ ਇਸ ਤਰ੍ਹਾਂ ਦੀਆਂ ਹਨ ਕਿ ਪਿੰਡਾਂ ਤੇ ਸ਼ਹਿਰਾਂ ਦੇ ਗਲ਼ੀ-ਮੁਹੱਲਿਆਂ ਵਿਚ ਅਵਾਰਾ ਡੰਗਰ ਤੇ ਕੁੱਤੇ ਹੀ ਕੁੱਤੇ ਨਜ਼ਰੀਂ ਪੈਂਦੇ ਹਨ। ਦੁਨੀਆਂ ਦੇ ਕੁੱਲ ਦੇਸ਼ਾਂ 'ਚੋਂ ਕੁੱਤੇ ਕੱਟਣ ਦੇ ਰੋਗ ਨਾਲ਼ ਸਭ ਤੋਂ ਵੱਧ ਮੌਤਾਂ ਭਾਰਤ ਵਿਚ ਹੁੰਦੀਆਂ ਹਨ। ਪੰਜਾਬ ਵਿਚ ਜਨਵਰੀ ਤੋਂ ਜੂਨ ਤੱਕ, ਕੁੱਤੇ ਕੱਟਣ ਦੇ 37 ਲੱਖ ਮਾਮਲੇ ਆਏ ਹਨ ਤੇ ਤਕਰੀਬਨ 54 ਮੌਤਾਂ ਹੋਈਆਂ ਹਨ। ਇਕੱਲੇ ਮੋਹਾਲ਼ੀ ਵਿਚ ਹੀ 7000 ਮਾਮਲੇ ਆਏ ਹਨ। ਕੁੱਤਿਆਂ ਤੋਂ ਹਲਕਾਅ ਰੋਗ ਤੋਂ ਇਲਾਵਾ ਹਾਇਡੇਟਿਡ ਡਿਸੀਜ਼ (ਇਕਾਇਨੋਕੋਕਸ), ਲੀਸ਼ਮੇਨੀਐਸਿਸ ਤੇ ਕਈ ਹੋਰ ਫੰਗਸ ਵਾਲ਼ੇ ਰੋਗ ਹੁੰਦੇ ਹਨ। ਪੁਰਾਣੇ ਸਮਿਆਂ ਤੋਂ ਹੀ ਕੁੱਤਾ ਇਕ ਵਫ਼ਾਦਾਰ ਪਾਲਤੂ ਜਾਨਵਰ ਹੈ। ਘਰਾਂ ਦੀ ਰਾਖੀ, ਸ਼ਿਕਾਰ ਵਾਸਤੇ ਤੇ ਕਾਫ਼ਲਿਆਂ ਦੇ ਸਾਥੀ ਵਜੋਂ ਕੁੱਤਾ ਮਨੁੱਖਾਂ ਦੇ ਕੰਮ ਆਉਂਦਾ ਰਿਹਾ ਹੈ। ਇਹਦੀ ਵਫ਼ਾਦਾਰੀ ਬਾਰੇ ਗ੍ਰੰਥਾਂ ਵਿਚ ਵੀ ਜ਼ਿਕਰ ਆਉਂਦਾ ਹੈ: "ਹਮ ਕੂਕਰ ਤੇਰੇ ਦਰਬਾਰਿ, ਭਉਕਹਿ ਆਗੈ ਬਦਨੁ ਪਸਾਰਿ॥" (ਅੰਗ 969 ਸ੍ਰੀ ਗੁਰੁ ਗ੍ਰੰਥ ਸਾਹਿਬ)। ਪਹਿਲੋਂ ਲੋਕਾਂ ਨੂੰ ਸਿਰਫ਼ ਇੰਨਾ ਹੀ ਪਤਾ ਹੁੰਦਾ ਦੀ ਕਿ ਕੁੱਤੇ ਵੱਢ ਲਵੇ, ਤਾਂ ਢਿੱਡ ਵਿਚ ਚੌਦਾਂ ਟੀਕੇ ਲੱਗਦੇ ਨੇ, ਪਰ ਅੱਜਕੱਲ੍ਹ ਬਦਲਵੇਂ ਇਲਾਜ ਆ ਗਏ ਹਨ ਤੇ ਇਨ੍ਹੀਂ ਦਿਨੀਂ ਚੌਦਾਂ ਟੀਕੇ ਨਹੀਂ ਲੱਗਦੇ।

ਪਹਿਲਾਂ ਘਾਤਕ ਹਲਕਾਅ ਰੋਗ (ਰੇਬੀਜ਼) ਦੀ ਗੱਲ ਕਰਦੇ ਹਾਂ। ਇਹ ਇਕ ਵਾਇਰਲ ਇਨਫੈਕਸ਼ਨ ਹੁੰਦੀ ਹੈ, ਜੋ ਕੁੱਤਿਆਂ (ਤੇ ਹੋਰ ਗਰਮ ਖ਼ੂਨ ਵਾਲ਼ੇ ਜਾਨਵਰਾਂ) ਵਿਚ ਦਿਮਾਗ਼ ਦੀ ਸੋਜ (ਇਨਕੈਫ਼ਲਾਇਟਿਸ-ਮੈਨਿੰਜਾਇਟਿਸ) ਪੈਦਾ ਕਰਦਾ ਹੈ। ਇਨਸਾਨਾਂ ਵਿਚ ਇਹ, ਹਮੇਸ਼ਾ ਜਾਨਲੇਵਾ ਹੀ ਹੁੰਦਾ ਹੈ। ਸਰੀਰ ਦੇ ਜਿਸ ਹਿੱਸੇ 'ਤੇ ਕੁੱਤੇ ਦੇ ਦੰਦ ਵੱਜਦੇ ਹਨ, ਉਥੋਂ ਰੇਬੀਜ਼ ਦਾ ਵਾਇਰਸ ਸੁਖਮਣਾ ਨਾੜੀ ਦੀਆਂ ਸਾਖ਼ਾਂ ਰਾਹੀਂ ਦਿਮਾਗ਼ ਵਿਚ ਪੁੱਜਦਾ ਹੈ, ਦਿਮਾਗ਼ ਦੇ ਸੈਲਾਂ 'ਤੇ ਨਾ-ਰੁਕਣ ਵਾਲ਼ਾ ਨੁਕਸਾਨ ਕਰਦਾ ਹੈ ਤੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ।

**ਅਲਾਮਤਾਂ:** ਕੁੱਤੇ ਦੇ ਵੱਢਣ ਦੇ ਕੁਝ ਹਫ਼ਤੇ ਜਾਂ ਮਹੀਨੇ ਕਈ ਵਾਰ ਸਾਲ ਬਾਅਦ ਲੱਛਣ ਸ਼ੁਰੂ ਹੁੰਦੇ ਹਨ। ਇਕ ਵਾਰ ਲੱਛਣ ਆ ਜਾਣ ਤਾਂ ਬੰਦੇ ਦਾ ਬਚਣਾ ਮੁਸ਼ਕਿਲ ਹੁੰਦਾ ਹੈ। ਆਰੰਭ ਵਿਚ ਇਹ ਬਿਲਕੁਲ ਮਾਮੂਲੀ ਰੋਗ ਲੱਗਦਾ ਹੈ ਤੇ ਸਿਰ-ਪੀੜ, ਬੁਖ਼ਾਰ ਅਤੇ ਆਮ ਕਮਜ਼ੋਰੀ ਮਹਿਸੂਸ ਹੁੰਦੀ ਹੈ ਪਰ ਜਿੱਦਾਂ-ਜਿੱਦਾਂ ਬੀਮਾਰੀ ਵਧਦੀ ਹੈ, ਖ਼ਾਸ ਅਲਾਮਤਾਂ ਹੋਣ ਲੱਗਦੀਆਂ ਹਨ, ਜਿਵੇਂ: ਨੀਂਦ ਨਾ ਆਉਣਾ, ਚਿੰਤਾ ਫ਼ਿਕਰ, ਇਕ ਪਾਸੇ ਦੀ ਕਮਜ਼ੋਰੀ ਜਾਂ ਪਾਸਾ ਮਾਰਿਆ ਜਾਣਾ, ਅਜੀਬ-ਅਜੀਬ ਚੀਜ਼ਾਂ ਨਜ਼ਰ ਆਉਣੀਆਂ, ਭੰਬਲ਼ਭੂਸੇ ਵਾਲ਼ੀ ਸਥਿਤੀ, ਮੂੰਹ 'ਚ ਵਧੇਰੇ ਪਾਣੀ ਆਉਣਾ (ਲਾਲ਼ਾਂ), ਰੋਟੀ ਅੰਦਰ ਲੰਘਾਉਣ ਦੀ ਸਮੱਸਿਆ, ਦੌਰੇ ਪੈਣੇ, ਪਾਣੀ ਤੋਂ ਡਰ ਲੱਗਣਾ ਆਦਿ। ਇਸੇ ਕਰਕੇ ਇਸ ਨੂੰ ਹਾਇਡਰੋਫੋਬੀਆ ਵੀ ਕਿਹਾ ਜਾਂਦਾ ਹੈ। ਜਦ ਬਿਮਾਰੀ ਅੰਤਮ ਪੜਾਅ 'ਤੇ ਪਹੁੰਚਦੀ ਹੈ, ਤਾਂ ਪਾਣੀ ਦੀ ਆਵਾਜ਼ (ਗਿਲਾਸ ਵਿਚ ਪਾਣੀ ਪਾਉਣ ਜਾਂ ਬੱਚੇ ਦੇ ਪਿਸ਼ਾਬ ਕਰਨ ਦੀ ਆਵਾਜ਼), ਇੱਥੋਂ ਤੱਕ ਕਿ ਨਜ਼ਦੀਕ ਬੈਠਾ ਬੰਦਾ, ਪਾਣੀ ਦਾ ਨਾਂ ਵੀ ਲੈ ਲਵੇ, ਤਾਂ ਦੌਰਾ ਪੈ ਜਾਂਦਾ ਹੈ। ਇਕ ਵਾਰ ਜਦ ਵਾਇਰਸ ਦਿਮਾਗ਼ ਵਿਚ ਪੁੱਜ ਜਾਵੇ, ਤਾਂ ਇਸ ਦਾ ਕੋਈ ਇਲਾਜ ਨਹੀਂ। ਦੋ ਤੋਂ ਦਸ ਦਿਨਾਂ 'ਚ ਰੋਗੀ ਦੀ ਮੌਤ ਹੋ ਜਾਂਦੀ ਹੈ। ਮੂੰਹ ਦੇ ਪਾਣੀ (ਲਾਲ਼ਾਂ) ਵਿਚ ਵਾਇਰਸ ਦੀ ਸਭ ਤੋਂ ਵੱਧ ਘਣਤਾ ਹੁੰਦੀ ਹੈ।

**ਮੁੱਢਲੀ ਸਹਾਇਤਾ:** ਕੁੱਤੇ ਦੇ ਕੱਟਣ ਤੋਂ ਫੌਰਨ ਬਾਅਦ ਜ਼ਖ਼ਮੀ ਬੱਚੇ ਜਾਂ ਵਿਅਕਤੀ ਨੂੰ ਹੌਂਸਲਾ ਦਿਓ ਤੇ ਸ਼ਾਂਤ ਰੱਖੋ। ਕੁਝ ਵੀ ਕਰਨ ਤੋਂ ਪਹਿਲਾਂ ਆਪਣੇ ਹੱਥ ਚੰਗੀ ਤਰ੍ਹਾਂ ਸਾਬਣ ਨਾਲ ਧੋ ਲਵੋ ਤੇ ਦਸਤਾਨੇ ਪਾ ਕੇ ਜ਼ਖ਼ਮ ਦੀ ਚੰਗੀ ਤਰ੍ਹਾਂ ਸਫ਼ਾਈ ਕਰੋ। ਜ਼ਖ਼ਮ ਨੂੰ ਵੀ ਸਾਬਣ ਤੇ ਸਾਫ਼ ਪਾਣੀ ਨਾਲ ਚੰਗੀ ਤਰ੍ਹਾਂ ਪੰਜ-ਸੱਤ ਮਿੰਟ ਨਾਲ਼ ਧੋ ਕੇ ਉਹਦੇ ਉਤੇ ਕੋਈ ਐਂਟੀ ਬਾਇਓਟਿਕ ਕਰੀਮ ਲਗਾ ਦਿਓ ਤੇ ਪੱਟੀ ਕਰ ਦਿਓ। ਕਈ ਲੋਕ ਜ਼ਖ਼ਮ 'ਤੇ ਮਿਰਚਾਂ ਲਗਾ ਦਿੰਦੇ ਹਨ, ਇਹ ਗ਼ਲਤ ਹੈ। ਮੁਕੰਮਲ ਇਲਾਜ ਵਾਸਤੇ ਕੁਆਲੀਫਾਈਡ ਡਾਕਟਰ ਕੋਲ਼ ਜਾਂ ਨੇੜਲੇ ਸਰਕਾਰੀ ਹਸਪਤਾਲ਼ ਲੈ ਕੇ ਜਾਓ। ਟੈਟਨਸ ਦਾ ਟੀਕਾ ਵੀ ਲਗਾਇਆ ਜਾਂਦਾ ਹੈ। ਜੇਕਰ ਜ਼ਖ਼ਮ ਵੱਡਾ ਹੋਵੇ, ਤਾਂ ਟਾਂਕੇ ਵੀ ਲਗਾਉਣੇ ਪੈਂਦੇ ਹਨ। ਬਾਕੀ ਇਲਾਜ, ਜ਼ਖ਼ਮ ਅਤੇ ਕੱਟਣ ਵਾਲ਼ੇ ਕੁੱਤੇ ਦੀ ਹਾਲਤ ਵੇਖ ਕੇ ਡਾਕਟਰ ਤਹਿ ਕਰਦੇ ਹਨ। ਐਂਟੀ-ਰੇਬੀਜ਼ ਵੈਕਸੀਨ ਦੇ ਟੀਕੇ ਲਗਾਏ ਜਾਂਦੇ ਹਨ, ਜਿਨ੍ਹਾਂ ਨਾਲ ਵਿਅਕਤੀ ਨੂੰ ਹਲਕਾਅ ਦੇ ਰੋਗ ਤੋਂ ਬਚਾਇਆ ਜਾਂਦਾ ਹੈ। ਨੈਸ਼ਨਲ ਰੇਬੀਜ਼ ਕੰਟਰੋਲ ਪ੍ਰੋਗ੍ਰਾਮ ਦੇ ਅਧੀਨ, ਕੇਂਦਰੀ ਤੇ ਸੂਬਾ ਸਰਕਾਰਾਂ ਦੇ ਸਾਰੇ ਹਸਪਤਾਲਾਂ ਵਿਚ ਕੁੱਤੇ-ਕੱਟੇ ਦੇ ਟੀਕੇ ਮੁਫ਼ਤ ਲੱਗਦੇ ਹਨ।

**ਧਿਆਨ ਯੋਗ:** ਵੈਟਰਨਰੀ ਡਾਕਟਰ ਦੀ ਸਲਾਹ ਨਾਲ ਪਾਲਤੂ ਜਾਨਵਰਾਂ (ਕੁੱਤੇ, ਬਿੱਲੀਆਂ) ਦਾ ਨਿਯਮਤ ਟੀਕਾ-ਕਰਣ ਕਰਵਾਓ। ਪਾਲਤੂਆਂ ਨੂੰ ਆਪਣੀ ਨਿਗਰਾਨੀ ਹੇਠ ਰੱਖੋ। ਆਵਾਰਾ ਜਾਨਵਰਾਂ ਨਾਲ ਨੂੰ ਨਾ ਫੜੋ/ਛੂਹੋ। ਅਗਰ ਤੁਹਾਡੇ ਨੇੜੇ-ਤੇੜੇ ਕੋਈ ਕੁੱਤਾ ਜਾਂ ਹੋਰ ਜਾਨਵਰ, ਅਜੀਬ ਵਿਵਹਾਰ ਕਰਦਾ ਹੈ, ਤਾਂ ਉਸ ਬਾਰੇ ਐਨੀਮਲ ਕੰਟਰੋਲ ਅਫਸਰ ਨੂੰ ਸੂਚਿਤ ਕਰੋ। ਅਗਰ ਕਿਸੇ ਜਾਨਵਰ ਜਾਂ ਸ਼ੱਕੀ ਕੁੱਤੇ ਨੇ ਤੁਹਾਨੂੰ ਦੰਦ ਮਾਰੇ ਹਨ ਜਾਂ ਚੱਟਿਆ ਵੀ ਹੈ, ਤਾਂ ਉਸ ਹਿੱਸੇ ਨੇ ਚੰਗੀ ਤਰ੍ਹਾਂ ਸਾਬਣ ਨਾਲ਼ ਧੋ ਕੇ, ਨੇੜੇ ਦੇ ਸਰਕਾਰੀ ਹਸਪਤਾਲ਼ 'ਚ ਜਾ ਕੇ ਟੀਕੇ ਲਗਵਾ ਲਵੋ। ਪਾਲਤੂ ਕੁੱਤਿਆਂ ਨੂੰ ਖੱਸੀ (ਨਸਬੰਦੀ) ਕਰਵਾਓ। ਗਲ਼ੀ ਦੇ ਆਵਾਰਾ ਕੁੱਤਿਆਂ ਨੂੰ ਰੋਟੀਆਂ ਨਾ ਪਾਓ, ਸਗੋਂ ਉਨ੍ਹਾਂ ਦੀ ਨਸਬੰਦੀ ਕਰਵਾਉਣ ਵਾਸਤੇ ਸਮਾਜ ਸੇਵੀ ਸੰਸਥਾਵਾਂ ਤੇ ਸਰਕਾਰੀ ਕਰਮਚਾਰੀਆਂ ਦੀ ਮਦਦ ਕਰੋ, ਤਾਂ ਕਿ ਐਸੇ ਕੁੱਤਿਆਂ ਦੀ ਗਿਣਤੀ ਨਾ ਵਧੇ। ਅਮਰੀਕਾ ਤੇ ਹੋਰ ਵਿਕਸਿਤ ਦੇਸ਼ਾਂ ਵਿਚ ਜਿੱਥੇ ਕੁੱਤਿਆਂ ਤੇ ਬਿੱਲੀਆਂ ਦਾ ਮੁਕੰਮਲ ਤੌਰ 'ਤੇ ਟੀਕਾਕਰਣ ਕੀਤਾ ਜਾਂਦਾ ਹੈ, ਇਹ ਰੋਗ ਨਾ ਮਾਤਰ ਹੈ।

**ਵਿਸ਼ਵ ਰੇਬੀਜ਼ ਦਿਵਸ:** ਇਹ ਦਿਨ ਵਿਸ਼ਵ ਭਰ 'ਚ 28 ਸਤੰਬਰ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਕੁੱਤੇ-ਬਿੱਲੀਆਂ ਦੇ ਕੱਟਣ ਨਾਲ ਹੋਣ ਵਾਲ਼ੇ ਰੋਗ ਰੇਬੀਜ਼ ਬਾਰੇ ਜਾਣਕਾਰੀ ਤੇ ਜਾਗਰੂਕਤਾ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ ਜਾਂਦਾ ਹੈ। ਇਹ ਦਿਵਸ ਮਨਾਏ ਜਾਣ ਵਾਲ਼ੇ ਦਿਨ, ਇਸ ਵਾਰ ਦਾ ਨਾਅਰਾ ਹੈ: "ਰੇਬੀਜ਼ ਤੋਂ ਬਚਣ ਵਾਸਤੇ ਜੋ ਕਰਨਾ ਹੈ, ਹੁਣੇ ਈ ਕਰੋ..., ਤੁਸੀਂ, ਮੈਂ ਤੇ ਸਾਡਾ ਪੂਰਾ ਸਮਾਜ"।

**ਹਾਇਡੇਟਿਡ ਡਿਸਈਜ਼ ਜਾਂ ਇਕਾਇਨੋਕੋਕਸ** : ਕੁੱਤਿਆਂ ਤੋਂ ਇਨਸਾਨਾਂ ਨੂੰ ਹੋਣ ਵਾਲ਼ਾਂ ਇਹ ਰੋਗ ਤਕਰੀਬਨ ਸਾਰੀ ਹੀ ਦੁਨੀਆਂ ਵਿਚ ਹੁੰਦਾ ਹੈ। ਇਹ, ਉਸ ਜਗ੍ਹਾ ਵਧੇਰੇ ਹੁੰਦਾ ਹੈ, ਜਿੱਥੇ ਜ਼ਿਆਦਾ ਕੁੱਤੇ ਹੋਣ, ਖੁੱਲ੍ਹੇ ਹੱਡੀ-ਰੋੜੇ ਹੋਣ, ਅਨਪੜ੍ਹਤਾ ਤੇ ਅੰਧਵਿਸ਼ਵਾਸੀ ਲੋਕ ਹੋਣ ਅਤੇ ਸਫ਼ਾਈ ਤੇ ਸਿਹਤ ਸਬੰਧੀ ਚੇਤੰਨਤਾ ਦੀ ਘਾਟ ਹੋਵੇ। ਜਿੱਦਾਂ ਇਨਸਾਨਾਂ ਦੇ ਪੇਟ ਵਿਚ ਕੀੜਾ (ਟੇਪ ਵਰਮ) ਹੋ ਜਾਂਦਾ ਹੈ, ਉਸੇ ਤਰ੍ਹਾਂ ਕੁੱਤਿਆਂ ਵਿਚ ਵੀ ਟੇਪ ਵਰਮ 'ਇਕਾਇਨੋਕੋਕਸ ਗ੍ਰੈਨੂਲੋਸਸ' ਹੁੰਦਾ ਹੈ। ਇਸ ਬਾਰੇ ਸਭ ਤੋਂ ਪਹਿਲਾਂ ਵਿਗਿਆਨਕ ਪੀਅਰ ਸਿਮੋਨ ਪੱਲਾਸ ਨੇ 1766 ਵਿਚ ਦੱਸਿਆ ਸੀ ਕਿ 'ਟੇਪ ਵਰਮ' ਦੀ ਲਾਰਵੇ ਵਾਲੀ ਸਟੇਜ 'ਤੇ ਪਾਣੀ-ਭਰੀਆਂ ਥੈਲੀਆਂ (ਸਿਸਟਾਂ) ਬਣਦੀਆਂ ਹਨ। ਇਸ ਕੀੜੇ ਦਾ ਪੱਕਾ ਮੇਜ਼ਬਾਨ ਜਾਂ **Definitive Host** ਹੋਸਟ ਕੁੱਤਾ ਤੇ ਕੱਚਾ ਮੇਜ਼ਬਾਨ ਜਾਂ **Indefinitive Host** ਡੰਗਰ, ਭੇਡਾਂ, ਬੱਕਰੀਆਂ ਆਦਿ ਹੁੰਦੀਆਂ ਹਨ। ਕੁੱਤੇ ਦੀ ਅੰਤੜੀ ਵਿਚ ਪਲ਼ੇ ਹੋਏ ਟੇਪ ਵਰਮ ਦੇ ਆਂਡੇ, ਮਲ਼ ਰਾਹੀਂ ਬਾਹਰ ਨਿਕਲ ਕੇ ਜ਼ਮੀਨ/ਘਾਹ/ਮਿੱਟੀ ਵਿਚ ਮਿਲ ਜਾਂਦੇ ਹਨ, ਜਾਂ ਕੁੱਤੇ ਦੇ ਵਾਲ਼ਾਂ 'ਤੇ ਲੱਗੇ ਰਹਿੰਦੇ ਹਨ। ਪ੍ਰਦੂਸ਼ਿਤ ਘਾਹ/ ਮਿੱਟੀ ਤੋਂ ਇਹ ਆਂਡੇ ਪਸ਼ੂਆਂ, ਅੰਦਰ ਚਲੇ ਜਾਂਦੇ ਹਨ, ਤਾਂ ਉਹਦੇ ਅੰਦਰ ਵਿਕਸਿਤ ਹੋ ਕੇ ਉਸ ਪਸ਼ੂ ਦੇ ਜਿਗਰ, ਫੇਫੜਿਆਂ, ਪੱਠਿਆਂ ਜਾਂ ਕਿਸੇ ਹੋਰ ਅੰਗਾਂ ਵਿਚ ਪਾਣੀ ਭਰੇ ਭਕਾਨਿਆਂ ਵਾਂਗ, ਸਿਸਟਾਂ ਬਣਾ ਕੇ ਸੈਟਲ ਹੋ ਜਾਂਦੇ ਹਨ। ਜਦ ਹੋਰ ਕੁੱਤੇ, ਹੱਡੀ-ਰੋੜੇ ਵਿਚ ਪਏ ਮਰੇ ਪਸ਼ੂਆਂ ਦਾ, ਤੋੜ-ਤੋੜ ਕੇ ਮਾਸ ਖਾਂਦੇ ਹਨ, ਤਾਂ ਇਹ ਸਿਸਟਾਂ ਨਵੇਂ ਕੁੱਤੇ (ਪੱਕੇ ਮੇਜ਼ਬਾਨ) ਵਿਚ ਦਾਖ਼ਲ ਹੋ ਕੇ ਪੂਰਾ ਟੇਪ ਵਰਮ ਬਣ ਜਾਂਦਾ ਹੈ। ਇਵੇਂ ਇਸ ਵਰਮ ਦਾ ਜੀਵਨ-ਚੱਕਰ ਚੱਲਦਾ ਰਹਿੰਦਾ ਹੈ। ਮਨੁੱਖ ਤਾਂ ਇਸ ਚੱਕਰ ਵਿਚ, ਕੁੱਤੇ ਨਾਲ ਪਿਆਰ ਕਰਕੇ ਫਸਦਾ ਹੈ। ਜਦ ਪਾਲਤੂ ਕੁੱਤੇ ਜਾਂ ਗਲ਼ੀ ਦੇ ਆਵਾਰਾ ਕੁੱਤੇ ਨੂੰ ਤੁਸੀਂ ਪਿਆਰ ਕਰਦੇ ਹੋ, ਤਾਂ ਉਹਦੇ ਵਾਲ਼ਾਂ ਨਾਲ ਲੱਗੇ ਹੋਏ ਵਰਮ ਦੇ ਅੰਡੇ ਮਨੁੱਖ ਦੇ ਹੱਥਾਂ ਨਾਲ਼ ਮਨੁੱਖੀ ਸਰੀਰ ਅੰਦਰ ਦਾਖ਼ਲ ਹੋ ਕੇ, ਉਸੇ ਤਰ੍ਹਾਂ ਦੀਆਂ ਸਿਸਟਾਂ ਪੈਦਾ ਕਰਦੇ ਹਨ, ਜੋ ਜਿਗਰ, ਫੇਫੜਿਆਂ, ਦਿਮਾਗ਼ ਤੇ ਕਈ ਵਾਰ ਦਿਲ ਉਤੇ ਵੀ ਬਣ ਜਾਂਦੀਆ ਹਨ। ਉਂਜ ਮਨੁੱਖੀ ਸਰੀਰ ਵਿਚ ਦਾਖ਼ਲ ਹੋ ਕੇ ਇਸ ਕੀੜੇ ਦਾ ਜੀਵਨ ਚੱਕਰ ਮੁਕੰਮਲ ਨਹੀਂ ਹੁੰਦਾ ਕਿਉਂਕਿ ਮਨੁੱਖ ਦਾ ਮਾਸ ਕੁੱਤਿਆਂ ਨੂੰ ਉਪਲਬਧ ਨਹੀਂ ਹੁੰਦਾ। ਮਨੁੱਖ ਇਸ ਕੀੜੇ ਦਾ ਕੱਚਾ ਮੇਜ਼ਬਾਨ ਨਹੀਂ ਹੈ। ਮਨੁੱਖੀ ਸਰੀਰ ਅੰਦਰ ਦਾਖ਼ਲ ਹੋ ਕੇ ਵੱਖ-ਵੱਖ ਪੜਾਵਾਂ 'ਚੋਂ ਗ਼ੁਜ਼ਰਦੇ ਹੋਏ, ਇਹ ਛੋਟੇ-ਛੋਟੇ ਪਾਣੀ ਭਰੇ ਗੁਬਾਰਿਆਂ ਵਾਂਗ ਕਿਸੇ ਵੀ ਅੰਗ ਵਿਚ ਸੈਟਲ ਹੋ ਸਕਦੇ ਹਨ। ਇਨ੍ਹਾਂ ਨੂੰ ਹਾਇਡੇਟਿਡ ਸਿਸਟਾਂ ਕਿਹਾ ਜਾਂਦਾ ਹੈ। ਲੇਖਕ ਦੇ (ਮੇਰੇ) ਵੇਖਣ ਵਿਚ ਇਸ ਤਰ੍ਹਾਂ ਦੇ ਕਈ ਕੇਸ ਆਏ ਹਨ। ਇਕ 25-26 ਸਾਲਾਂ ਦੇ ਮੁੰਡੇ ਦੇ ਪੇਟ ਵਿਚ ਦਰਦ ਰਹਿੰਦਾ ਸੀ ਤੇ ਪੇਟ ਫੁੱਲਿਆ ਹੋਇਆ ਸੀ। ਰਜਿੰਦਰਾ ਹਸਪਤਾਲ਼ ਪਟਿਆਲ਼ੇ ਵਿਚ, ਅਲਟਰਾ ਸਾਊਂਡ ਤੋਂ ਬਾਅਦ ਓਪ੍ਰੇਸ਼ਨ ਹੋਇਆ। ਪਾਣੀ ਭਰੇ ਗੁਬਾਰਿਆਂ ਵਾਂਗ ਅਨੇਕਾਂ ਸਿਸਟਾਂ ਨਿਕਲੀਆਂ। ਖ਼ੁਰਦਬੀਨੀ ਜਾਂਚ ਤੋਂ ਸਿੱਧ ਹੋ ਗਿਆ ਕਿ ਇਹ ਹਾਇਡੇਟਿਡ ਸਿਸਟਾਂ ਸਨ। ਇਸੇ ਤਰ੍ਹਾਂ ਮੇਰੇ ਅੰਮ੍ਰਿਤਸਰ ਦੇ ਤਜ਼ਰਬੇ ਵੇਲ਼ੇ, ਪੋਸਟ ਮਾਰਟਮ ਦੇ ਵਿਸਰੇ (ਦਿਲ) ਦੇ ਦੁਆਲ਼ੇ ਅਨੇਕਾਂ ਹੀ ਐਸੀਆਂ ਸਿਸਟਾਂ ਮਿਲੀਆਂ ਸਨ, ਜੋ ਇਸ 30 ਸਾਲ ਦੇ ਜੁਆਨ ਦੀ ਮੌਤ ਦਾ ਕਾਰਣ ਸਨ। ਇਹ ਕੇਸ ਇਕ ਮੈਡੀਕਲ ਰਸਾਲੇ ਵਿਚ ਵੀ ਛਪਿਆ ਸੀ। ਇਕ ਹੋਰ ਕੇਸ ਵਿਚ 40-42 ਸਾਲ ਦੇ ਰੋਗੀ ਦੀਆਂ ਦੋਹਵੇਂ ਲੱਤਾਂ ਕੰਮ ਨਹੀਂ ਸਨ ਕਰ ਰਹੀਆਂ (ਪੈਰਾਪਲੀਜੀਆ)। ਸੀ.ਟੀ. ਸਕੈਨ 'ਤੇ ਪਤਾ ਲੱਗਾ ਸੀ ਕਿ ਰੀੜ੍ਹ ਦੀ ਹੱਡੀ ਵਿਚ, ਸੁਖਮਣਾ ਨਾੜੀ ਦੇ ਦੁਆਲੇ ਛੋਟੀਆਂ-ਛੋਟੀਆਂ ਕਾਫੀ ਸਿਸਟਾਂ ਸਨ। ਓਪ੍ਰੇਸ਼ਨ ਨਾਲ ਇਹ ਸਿਸਟਾਂ ਕੱਢ ਦਿੱਤੀਆਂ ਗਈਆਂ ਤੇ ਖ਼ੁਰਦਬੀਨੀ ਜਾਂਚ ਤੋਂ ਸਿੱਧ ਹੋ ਗਿਆ ਕਿ ਇਹ ਹਾਇਡੇਟਿਡ ਸਿਸਟਾਂ ਸਨ। ਓਪ੍ਰੇਸ਼ਨ ਤੋਂ ਬਾਅਦ ਸੁਖਮਣਾ ਨਾੜੀ 'ਤੇ ਦਬਾਅ ਹੱਟ ਜਾਣ ਨਾਲ, ਰੋਗੀ ਦੀਆਂ ਲੱਤਾਂ ਠੀਕ ਹੋ ਗਈਆਂ ਸਨ। ਬਾਅਦ ਵਿਚ ਇਹ ਕੇਸ ਵੀ ਇੰਡੀਅਨ ਜਰਨਲ ਆਫ ਆਰਥੋਪੀਡਿਕਸ ਵਿਚ ਛਪਿਆ ਸੀ।

**ਲੱਛਣ:** ਹਾਇਡੇਟਿਡ ਸਿਸਟਾਂ ਆਮ ਕਰਕੇ ਜਿਗਰ ਜਾਂ ਫੇਫੜਿਆਂ ਵਿਚ ਬਣਦੀਆਂ ਹਨ, ਕਦੇ-ਕਦੇ ਦਿਲ, ਗੁਰਦੇ, ਪੱਠਿਆਂ 'ਚ, ਦਿਮਾਗ਼ ਜਾਂ ਕਿਸੇ ਵੀ ਹੋਰ ਅੰਗ ਵਿਚ ਵੀ ਬਣ ਸਕਦੀਆਂ ਹਨ। ਅਲਾਮਤਾਂ ਇਸ ਗੱਲ 'ਤੇ ਨਿਰਭਰ ਕਰਦੀਆਂ ਹਨ ਕਿ ਇਹ ਸਿਸਟਾਂ ਕਿਹੜੇ ਅੰਗ ਵਿਚ ਬਣੀਆਂ ਹਨ। ਇਹ ਵੀ ਹੋ ਸਕਦਾ ਹੈ ਕਿ ਸਿਸਟਾਂ ਬਣਨ ਦੇ ਬਾਅਦ ਵੀ ਲੰਮਾਂ ਸਮਾਂ ਕੋਈ ਲੱਛਣ ਨਾ ਹੋਵੇ। ਵਿਅਕਤੀ ਕਿਸੇ ਹੋਰ ਸਮੱਸਿਆ ਕਰਕੇ ਅਲਟਰਾ ਸਾਊਂਡ/ਸੀ.ਟੀ. ਸਕੈਨ ਕਰਵਾਏ ਤਾਂ ਅਚਾਨਕ ਪਤਾ ਲੱਗੇ। ਜਾਂ ਜਿਸ ਅੰਗ ਵਿਚ ਇਹ ਸਿਸਟਾਂ ਹੋਣ, ਉਸ ਅੰਗ ਨਾਲ ਸਬੰਧਤ ਲੱਛਣ ਹੋਣ। ਫੇਫੜਿਆਂ ਵਿਚ ਹੋਣ ਤਾਂ, ਖੰਘ, ਸਾਹ ਦੀ ਤਕਲੀਫ਼, ਛਾਤੀ ਵਿਚ ਦਰਦ ਆਦਿ। ਇਸੇ ਤਰ੍ਹਾਂ ਜੇ ਇਹ ਸਿਸਟਾਂ ਜਿਗਰ ਵਿਚ ਹੋਣ ਤਾਂ ਵਧਿਆ ਹੋਇਆ ਜਿਗਰ, ਜਰਕਾਨ, ਪੇਟ ਵਿਚ ਦਰਦ ਤੇ ਸੱਜੇ ਪਾਸੇ ਭਾਰੀਪਣ ਉਤਪੰਨ ਹੁੰਦੇ ਹਨ। ਜੇਕਰ ਇਹ ਗ਼ੁਬਾਰੇ ਫਟ ਜਾਣ, ਤਾਂ ਅੰਦਰਲੇ ਤਰਲ ਨਾਲ ਰੀਐਕਸ਼ਨ ਹੋ ਜਾਂਦਾ ਹੈ, ਜੋ ਘਾਤਕ ਵੀ ਹੋ ਸਕਦਾ ਹੈ। ਓਪ੍ਰੇਸ਼ਨ ਦੌਰਾਨ ਵੀ ਇਨ੍ਹਾਂ ਸਿਸਟਾਂ ਨੂੰ ਸਬੂਤਾ ਕੱਢਣ ਵਾਸਤੇ ਬਹੁਤ ਸਾਵਧਾਨੀ ਵਰਤਣੀ ਪੈਂਦੀ ਹੈ। ਇਹ ਸਿਸਟਾਂ ਔਰਤਾਂ ਦੇ ਅੰਡਕੋਸ਼ਾਂ ਵਿਚ ਵੀ ਬਣ ਸਕਦੀਆਂ ਹਨ।

ਹਲਕਾਅ ਰੋਗ ਤੇ ਹਾਇਡੇਟਿਡ ਸਿਸਟਾਂ ਤੋਂ ਬਗ਼ੈਰ, ਕੁੱਤੇ ਰੱਖਣ ਵਾਲ਼ਿਆਂ ਜਾਂ ਕੁੱਤਿਆਂ ਨਾਲ ਰਹਿਣ ਵਾਲ਼ਿਆਂ ਨੂੰ ਹੋਰ ਵੀ ਕਈ ਬੀਮਾਰੀਆਂ ਦਾ ਡਰ ਰਹਿੰਦਾ ਹੈ, ਜਿਵੇਂ ਫੰਗਲ ਇਨਫੈਕਸ਼ਨਾਂ-ਕੋਕੇਆਇਡੋਮਾਈਕੋਸਿਸ, ਕ੍ਰਿਪਟੋਕੋਕੋਸਸ ਚਮੜੀ 'ਤੇ ਰਿੰਗ ਵਰਮ, ਸਪਾਇਰੋਟ੍ਰਿਕੋਸਿਸ, ਮਿਊਕੋਰਮਾਇਕੋਸਿਸ ਆਦਿ। ਬੈਕਟੀਰੀਆ ਦੀ ਇਨਫੈਕਸ਼ਨ, ਬਰੂਸਿਲੋਸਿਸ (ਜੋ ਕੁੱਤਿਆਂ ਵਿਚ ਅੱਖਾਂ, ਪਤਾਲੂਆਂ ਦੀ ਇਨਫੈਕਸ਼ਨ ਤੇ ਅਬਾਰਸ਼ਨ ਦਾ ਕਾਰਣ ਬਣਦਾ ਹੈ) ਮਨੁੱਖਾਂ ਵਿਚ ਵੀ ਐਸੇ ਅਸਰ ਪੈਦਾ ਕਰਦੀ ਹੈ।

ਕੁੱਤਿਆਂ ਦੀ ਗਿਣਤੀ ਤੇ ਕੁੱਤੇ-ਕੱਟੇ ਦੇ ਵਧਦੇ ਕੇਸਾਂ ਬਾਰੇ ਸੁਪਰੀਮ ਕੋਰਟ ਨੇ 11 ਅਗਸਤ 2025 ਨੂੰ ਫੈਸਲਾ ਦਿੱਤਾ ਸੀ ਕਿ ਸਾਰੇ ਅਵਾਰਾ ਕੁੱਤਿਆਂ ਨੂੰ ਫੜ ਕੇ ਸ਼ੈਲਟਰ ਹੋਮ ਵਿਚ ਬੰਦ ਕਰ ਦਿਓ ਪਰ 'ਡੋਗ ਲਵਰਜ਼' ਵੱਲੋਂ ਅਪੀਲ ਕਰਨ 'ਤੇ ਦੋ ਹਫਤਿਆਂ ਦੇ ਵਿਚ ਹੀ ਫੈਸਲਾ ਬਦਲ ਦਿੱਤਾ ਗਿਆ ਕਿ ਕੁੱਤਿਆਂ ਨੂੰ ਫੜ ਕੇ, ਖੱਸੀ ਕਰ ਕੇ ਤੇ ਪੇਟ ਦੇ ਕੀੜਿਆਂ ਦੀਆਂ ਦਵਾਈਆਂ ਦੇ ਕੇ, ਫੇਰ ਉਨ੍ਹਾਂ ਥਾਵਾਂ 'ਤੇ ਹੀ ਛੱਡ ਦਿਤਾ ਜਾਵੇ, ਜਿੱਥੋਂ ਉਨ੍ਹਾਂ ਨੂੰ ਫੜਿਆ ਸੀ।

ਕੁੱਤੇ ਪਾਲਣ ਵਾਲ਼ਿਆਂ ਨੂੰ ਬਹੁਤ ਹੀ ਸਾਵਧਾਨੀਆਂ ਵਰਤਣ ਦੀ ਲੋੜ ਹੈ।

- ਪਾਲਤੂ ਕੁੱਤਿਆਂ ਦੀ ਸਾਫ਼ ਸਫ਼ਾਈ ਤੇ ਉਨ੍ਹਾਂ ਦੀ ਵੈਕਸੀਨੇਸ਼ਨ ਮੁਕੰਮਲ ਢੰਗ ਨਾਲ਼ ਕਰਵਾਓ।
- ਗਲ਼ੀਆਂ ਦੇ ਆਵਾਰਾ ਕੁੱਤਿਆਂ ਨੂੰ ਬਿਲਕੁਲ ਨੇੜੇ ਨਾ ਲੱਗਣ ਦਿਓ।
- ਅੰਧ ਵਿਸ਼ਵਾਸਾਂ ਵਿਚ ਫਸ ਕੇ ਉਨ੍ਹਾਂ ਨੂੰ ਖਾਣ-ਪੀਣ ਵਾਲ਼ੀਆਂ ਵਸਤਾਂ ਨਾ ਪਾਓ।

## ਸਿੰਘ ਸੂਰਮੇ

ਜੇਹਲਾਂ, ਵਿਚ ਨਾ ਡੱਕੇ, ਜਾਣ ਸੂਰੇ
ਇਹ ਡੂੰਘੇ ਸਮੁੰਦਰ ਦੀ, ਛੱਲ ਹੁੰਦੇ

ਵੈਰੀ ਵਾਸਤੇ ਬਣ ਇਹ, ਅੱਗ ਜਾਂਦੇ
ਯਾਰਾਂ ਵਾਸਤੇ ਠੰਡੇ ਜਿਹੇ, ਜਲ ਹੁੰਦੇ

ਜਿਹੜੇ ਆਖਦੇ ਸੂਬਾ ਸਰਹੰਦ, ਹਾਂ ਮੈਂ
ਉਹ ਫਿਰ ਕੱਪੜੇ ਵਾਂਗ, ਘਚੱਲ ਹੁੰਦੇ

ਨਾਲ ਪਿਆਰ ਦੇ ਭਾਵੇਂ, ਕੋਈ ਜਾਨ ਲੈ ਲਏ
ਧੱਕੇ ਜ਼ੁਲਮ ਨਾ ਸਾਡੇ ਤੋਂ, ਝੱਲ ਹੁੰਦੇ

ਚਾਂਦਨੀ ਚੌਕ ਨਾ ਗੁਰੂ, ਬਲੀਦਾਨ ਦਿੰਦੇ
ਮੰਦਰਾਂ ਵਿਚ ਨਾ ਖੜਕਦੇ, ਟੱਲ ਹੁੰਦੇ

ਪਿੱਛੇ ਹਟਣ ਨਾ ਕਦੇ ਵੀ, ਸਿੰਘ ਸੂਰੇ
ਕੀਤੇ ਫੈਸਲੇ ਸਦਾ, ਅਟੱਲ ਹੁੰਦੇ

ਓਹੀ ਜਿੱਤਦੇ ਬਾਜ਼ੀਆਂ ਆਖਰਾਂ ਨੂੰ
ਲੋਕੋ ਜਿਨ੍ਹਾਂ ਦੀ ਹਿੱਕ ਵਿਚ, ਬੱਲ ਹੁੰਦੇ

ਸਿੰਘ ਪੱਟ ਕੇ ਸੁਰੰਗਾਂ ਨਿੱਕਲ ਜਾਂਦੇ
ਜੇਹਲਾਂ ਵਿਚ ਨਾ ਸੂਰੇ, ਦੱਬੱਲ ਹੁੰਦੇ

ਡਾਨਸੀਵਾਲੀਆ ਸਿੰਘ, ਦਰਿਆ ਵਰਗੇ
ਨੱਕਿਆਂ ਨਾਲ ਨੀ ਸੌਖੇ, ਠੱਲ੍ਹ ਹੁੰਦੇ



ਕੁਲਵੀਰ ਸਿੰਘ ਡਾਨਸੀਵਾਲ,
ਸਰ੍ਹੀ, ਬੀ.ਸੀ. ਕੈਨੇਡਾ
778-863-2472

ਪੰਜਾਬ ਮੇਲ USA

## ਸ਼ਹਿਰ ਪਿੰਡ ਵਾਸੀਓ

ਸ਼ਹਿਰ ਪਿੰਡ ਵਾਸੀਓ
ਬਾਹਰ ਨਾ ਨਿਕਲੋ
ਬੋਲੋ ਨਾ ਕੁਝ ਅੰਦਰ ਵੜ ਕੇ ਵੀ
ਹਵਾ ਕੁਲੱਛਣੀ ਵਗ ਰਹੀ ਹੈ

ਗਲੀਆਂ ਚੁਰਾਹਿਆਂ 'ਚ
ਤੁਰੇ ਫਿਰਦੇ ਨੇ
ਰੁੱਖ ਕੁਝ ਛਾਂ ਵਿਹੂਣੇ
ਬੁੱਤ ਲੰਗੜਾਉਂਦੇ ਨੇ
ਬਿਨ ਮੱਥਿਆਂ ਤੋਂ

ਇਨ੍ਹਾਂ ਨੂੰ
ਇਨ੍ਹਾਂ ਦੀਆਂ ਥਾਵਾਂ 'ਤੇ ਗੱਡ ਆਵੋ
ਰੁੱਖਾਂ ਨੂੰ
ਛਾਂਵਾਂ ਦੇ ਸਿਰਨਾਵਿਆਂ ਦੀ ਦੱਸ ਪਾਵੋ।



-ਅਮਰਜੀਤ ਟਾਂਡਾ

ਪੰਜਾਬ ਮੇਲ USA

## ਮਨੁੱਖਤਾ ਦਾ ਹੜ੍ਹ

ਮਰੀ ਨਹੀਂ ਮਨੁੱਖਤਾ, ਹਾਲੇ ਵੀ ਜ਼ਿੰਦਾ ਹੈ,
ਹੱਥ ਨੂੰ ਹੱਥ ਮਨੁੱਖ, ਹਾਲੇ ਵੀ ਦਿੰਦਾ ਹੈ।

ਮੁਸੀਬਤਾਂ ਦੇ ਪਹਾੜ, ਜਦੋਂ ਵੀ ਟੁੱਟਦੇ ਨੇ,
ਹਮਦਰਦੀ ਦੇ ਦਿਆਲੂ, ਸੋਮੇ ਫੁੱਟਦੇ ਨੇ।

ਇਨਸਾਨੀਅਤ ਦੀ ਸ਼ਮ੍ਹਾ, ਅਜਿਹੀ ਜਗਦੀ ਹੈ,
ਹਰ ਬੇ ਉਮੀਦੀ ਉਮੀਦ 'ਚ, ਬਦਲਦੀ ਲੱਗਦੀ ਹੈ।

ਗ਼ਰੀਬ ਅਮੀਰ ਦਾ ਪਾੜਾ, ਮਿਟਦਾ ਲੱਗਦਾ ਹੈ,
ਜਦ ਬੰਦੇ ਲਈ ਬੰਦਾ ਹੀ, ਆ ਕੇ ਖੜ੍ਹਦਾ ਹੈ।

ਮੁਜੱਸਮਾ ਇਹ ਕਈ ਵਾਰ ਇੰਝ, ਪਰਗਟ ਹੋਇਆ ਹੈ,
ਹਰ ਵਾਰੀ ਇਸ ਨੇ ਨਵਾਂ ਹੀ, ਨਗ਼ਮਾ ਛੋਹਿਆ ਹੈ।

ਹੜ੍ਹਾਂ ਦੇ ਪਿੱਛੋਂ ਦੁਨੀਆਂ ਦਾ, ਹੜ੍ਹ ਆਇਆ ਹੈ,
ਜਿਸ ਨੇ ਡੁੱਬਦੀ ਮਾਨਵਤਾ, ਨੂੰ ਬਚਾਇਆ ਹੈ।

ਕੁਦਰਤ ਦੀ ਕਰੋਪੀ ਨੇ, ਸਬਕ ਨਵੇਂ ਸਿਖਾਏ ਨੇ,
ਬੰਦਿਆਂ ਲਈ ਅੰਤ ਬੰਦੇ ਹੀ, ਕੰਮ ਆਏ ਨੇ।

ਬੰਨ੍ਹ ਕਤਾਰਾਂ ਬਾਨ੍ਹਣੂੰ, ਨਵੇਂ ਹੀ ਬੰਨ੍ਹ ਦਿੱਤੇ,
ਬਿਨਾ ਝਿਜਕ ਆਪਣੇ ਤਨ, ਮਨ ਤੇ ਧਨ ਦਿੱਤੇ।

ਅਦੁੱਤੀਆਂ ਕਈ ਮਿਸਾਲਾਂ, ਸਾਹਮਣੇ ਆ ਗਈਆਂ,
ਜੋ ਦਵੈਤ ਭਾਵ 'ਤੇ ਨਫ਼ਰਤਾਂ ਨੂੰ, ਮਾਤਾਂ ਪਾ ਗਈਆਂ।



-ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀ ਯੂ.ਕੇ.

ਪੰਜਾਬ ਮੇਲ USA

## ਮੇਰੀ ਮਾਂ

ਪਿਆਰੀ ਤੇ ਸਾਰੇ ਜੱਗ ਤੋਂ ਨਿਆਰੀ ਮਾਂ,
ਤੇਰੇ ਜਿੰਨੀ ਜ਼ਿੰਦਗੀ 'ਚ ਕਿਸੇ ਦੀ ਨਹੀਂ ਥਾਂ।
ਔਕੜ ਕਦੇ ਜੇ ਕੋਈ ਸਾਨੂੰ ਆਣ ਸਤਾਵੇ,
ਸਭ ਤੋਂ ਪਹਿਲਾਂ ਬਸ ਚੇਤਾ ਤੇਰਾ ਹੀ ਆਵੇ,
ਜ਼ਿੰਦਗੀ ਹੋ ਜਾਂਦੀ ਸਾਡੀ ਜੰਨਤ ਵਰਗੀ,
ਜਦ ਤੂੰ ਮੈਨੂੰ ਘੁੱਟ ਸੀਨੇ ਨਾਲ ਲਾਵੇਂ,
ਉਦੋਂ ਤੇਰਾ ਅਹਿਸਾਸ ਜਿਹਾ ਦਿਲ ਨੂੰ ਹੁੰਦਾ,
ਜਿਵੇਂ ਗਰਮੀ ਵਿਚ ਬੋਹੜ ਦੀ ਗੂੜ੍ਹੀ ਛਾਂ,
ਪਿਆਰੀ ਤੇ ਸਾਰੇ ਜੱਗ ਤੋਂ ਨਿਆਰੀ ਮਾਂ,
ਤੇਰੇ ਜਿੰਨੀ ਜ਼ਿੰਦਗੀ 'ਚ ਕਿਸੇ ਦੀ ਨਹੀਂ ਥਾਂ।
ਜਦ ਕਦੇ ਤੂੰ ਬਚਪਨ ਦੀ ਗੱਲ ਸੁਣਾਵੇਂ,
ਬਚਪਨ ਸਾਡਾ ਤੂੰ ਫਿਰ ਵਾਪਸ ਲੈ ਆਵੇਂ,
ਆਪਣੇ ਦਰਦ ਦਾ ਤੂੰ ਜ਼ਿਕਰ ਨਾ ਕਰਦੀ,
ਸਾਡਾ ਹਰਦਮ ਫਿਕਰ ਰਹੇ ਤੂੰ ਕਰਦੀ,
ਪਿਆਰ ਤੇਰਾ ਸੀ ਅੱਜ ਬਹੁਤਾ ਆ ਗਿਆ,
ਜੋੜ-ਲਿਖ ਬੈਠੀ ਅੱਜ ਚਾਰ ਅੱਖਰ ਤਾਂ,
ਪਿਆਰੀ ਤੇ ਸਾਰੇ ਜੱਗ ਤੋਂ ਨਿਆਰੀ ਮਾਂ,
ਜ਼ਿੰਦਗੀ 'ਚ ਕਿਸੇ ਦੀ ਨਹੀਂ ਏਨੀ ਥਾਂ।
ਤੇਰੇ ਪੈਰਾਂ 'ਚ ਮੈਨੂੰ ਜੰਨਤ ਲਗਦੀ,
ਸਲਾਮਤ ਰੱਖੀਂ ਰੱਬਾ ਮਾਂ ਤੂੰ ਸਭਦੀ।



-ਰੁਪਿੰਦਰ ਕੌਰ

ਪੰਜਾਬ ਮੇਲ USA

## "ਸ਼ੀਸ ਦਿੱਲੀ ਵਿਚ ਵਾਰ ਗਏ"

ਗੁਰੂ ਤੇਗ਼ ਬਹਾਦਰ ਧਰਮ ਦੀ ਚਾਦਰ ਸ਼ੀਸ਼ ਦਿੱਲੀ ਵਿਚ ਵਾਰ ਗਏ।
ਪਰਉਪਕਾਰੀ ਸਤਿਗੁਰ ਨੌਵੇਂ ਜਗਤ ਜਲੰਦਾ ਤਾਰ ਗਏ।

ਔਰੰਗਜ਼ੇਬ ਸਭ ਧਰਮਾਂ ਉੱਤੇ ਕਰਦਾ ਜ਼ੁਲਮ ਸੀ ਭਾਰੀ
ਸਵਾ ਸਵਾ ਮਣ ਜਨੇਊ ਲਾਹਕੇ ਸੌਂਦਾ ਸੀ ਹੰਕਾਰੀ
ਜੋ ਨਹੀਂ ਬਣਦਾ ਮੁਸ਼ਲਮਾਨ ਫੜਕੇ ਉਸ ਨੂੰ ਮਾਰ ਦਏ
ਗੁਰੂ ਤੇਗ਼ ਬਹਾਦਰ.... .... .... ....।

ਕਿਸੇ ਨੇ ਵੀ ਨਾ ਸੁਣੀਆਂ ਸੀ ਜਦ ਦੁਖੀਆ ਦੀਆਂ ਪੁਕਾਰਾਂ
ਅਨੰਦਪੁਰ ਸਾਹਿਬ ਗੁਰਾਂ ਦੇ ਕੋਲੇ ਆਗੇ ਮੰਨ ਕੇ ਹਾਰਾਂ
ਧਰਮ ਬਚਾਵਣ ਵਾਲੇ ਰਹਿਬਰ ਪੱਕੇ ਕਰ ਇਕਰਾਰ ਗਏ
ਗੁਰੂ ਤੇਗ਼ ਬਹਾਦਰ.... .... .... ....।

ਦਿੱਲੀ ਵਿਚ ਬੁਲਾਕੇ ਆਖਿਆ ਮੁਸਲਮਾਨ ਬਣ ਜਾਵੋ
ਜਾਂ ਫਿਰ ਮਰਨ ਲਈ ਤਿਆਰ ਰਹੋ ਜਾਂ ਕਰਾਮਾਤ ਦਿਖਲਾਵੋ
ਸਿਰ ਜਾਵੇ ਪਰ ਸਿਰੜ ਨਾ ਜਾਵੇ ਸਤਿਗੁਰ ਮੁਖੋਂ ਉਚਾਰ ਗਏ
ਗੁਰੂ ਤੇਗ਼ ਬਹਾਦਰ.... .... .... ....।

ਮਤੀ ਦਾਸ ਨੂੰ ਚੀਰ ਆਰੇ ਨਾਲ ਸ਼ਹੀਦ ਜ਼ਾਲਮਾਂ ਕੀਤਾ
ਦੇਗ਼ ਦੇ ਵਿਚ ਉਬਾਲਿਆ ਦਿਆਲਾ ਜ਼ਾਮ ਸ਼ਹੀਦੀ ਪੀਤਾ
ਸਤੀ ਦਾਸ ਨੂੰ ਲਪੇਟ ਕੇ ਰੂੰ ਵਿਚ ਜਿਉਂਦੇ ਜੀਅ ਹਨ ਸਾੜ ਰਹੇ
ਗੁਰੂ ਤੇਗ਼ ਬਹਾਦਰ.... .... .... ....।

ਚਾਂਦਨੀ ਚੌਂਕ 'ਚ ਮਾਰ ਚੌਕੜਾ ਬੈਠੇ ਸੱਚੇ ਸਾਈਂ
ਹਿੰਦ ਦੀ ਲਾਜ ਬਚਾਉਣ ਦੀ ਖਾਤਰ ਜੋਤ ਰੂਹਾਨੀ ਆਈ
ਗੁਰਬਾਣੀ ਦੇ ਸ਼ਬਦਾਂ ਰਾਹੀਂ ਤਪਦੇ ਭਾਂਬੜ ਠਾਰ ਗਏ
ਗੁਰੂ ਤੇਗ਼ ਬਹਾਦਰ.... .... .... ....।

ਔਰੰਗਜ਼ੇਬ ਨੇ ਰੱਬੀ ਰੂਹ 'ਤੇ ਵੱਡਾ ਜ਼ੁਲਮ ਕਮਾਇਆ
ਸਤਿਗੁਰ ਤੇਗ਼ ਬਹਾਦਰ ਜੀ ਦਾ ਧੜ ਤੋਂ ਸੀਸ ਲੁਹਾਇਆ
ਭੱਠਲਾਂ ਦੇ ਮਲਕੀਤ ਗੁਰੂ ਜੀ ਪਾਪ ਦਾ ਕਿਲਾ ਉਖਾੜ ਗਏ
ਗੁਰੂ ਤੇਗ਼ ਬਹਾਦਰ.... .... .... ....।



ਮਲਕੀਤ ਸਿੰਘ ਗਿੱਲ ਭੱਠਲਾਂ
ਸੰਪਰਕ : 9417490943

ਪੰਜਾਬ ਮੇਲ USA

## ਕੁਪੱਤੇ ਰਿਸ਼ਤੇ

ਰੋਜ਼ ਰੋਜ਼ ਦੀ ਨਿੰਦਾ ਚੁਗਲੀ, ਕਰ ਨਾ ਬੀਬੀਆਂ ਥੱਕੀਆਂ,
ਸੱਸ ਬਹੂ ਦੀ, ਬਹੂ ਸੱਸ ਦੀ, ਲੜ ਲੜ ਨਿੱਤ ਨਾ ਅੱਕੀਆਂ।
ਵਿਚ ਲਪੇਟੇ ਲੈ ਕੇ ਕੁੜਮਾਂ, ਨਣਦਾਂ ਨੂੰ ਛੱਡਣ ਨ ਸੁੱਕੀਆਂ,
ਜੇਠ-ਸਹੁਰਾ ਬੰਨ੍ਹ ਇੱਕੋ ਰੱਸੇ, ਚੁੱਕ ਚੁੱਕ ਪੈਂਦੀਆਂ ਮੁੱਕੀਆਂ।

ਫਿਰ ਵੀ ਗੱਲ ਇੱਥੇ ਨ ਮੁੱਕੇ, ਬੰਦਿਆਂ ਦੇ ਸਿੰਗ ਫਸਾਵਣ,
ਰਿਸ਼ਤਿਆਂ ਦੀ ਸਫ਼ਬੰਦੀ ਹੋਵੇ, ਭਰਾ, ਪਿਉ, ਪੁੱਤ ਲੜਾਵਣ।
ਰੋਜ਼ ਖੜਕੇ ਮਹਾਂਭਾਰਤ ਵਾਂਗੂੰ, ਕਲਾ ਕਲੇਸ਼ ਨਿੱਤ ਵਸਦਾ,
ਉੱਜੜ ਜਾਵੇ ਖਿੜਿਆ ਚਮਨ, ਜੋ ਘਰ ਸੀ ਵਸਦਾ ਰਸਦਾ।

ਮਾਰ ਜਾਵੇ ਪਿਆਰ ਉਡਾਰੀ, ਉਮਰਾਂ ਦੇ ਫਿੱਕ ਆਣ ਪੈਂਦੇ,
ਬਣ ਜਾਵਣ ਲਹੂ ਦੇ ਪਿਆਸੇ, ਇੱਕੋ ਆਲ੍ਹਣੇ ਸੀ ਜੋ ਰਹਿੰਦੇ।
ਉਡੰਤਰ ਹੋਵਣ ਦੁੱਖ ਸੁੱਖ ਸਾਂਝੇ, ਸਕਾ ਵੀ ਪੱਤਰੇ ਵਾਚ ਜਾਵੇ,
ਪੱਲੇ ਬਚਦੀਆਂ ਨੇ ਕੁੱਝ ਯਾਦਾਂ, ਰੋਸੇ, ਗਿਲੇ ਜਾਂ ਪਛਤਾਵੇ।

ਆਮ ਘਰਾਂ ਦੀ ਇਹ ਕਹਾਣੀ, ਭਾਵੇਂ ਜਾਣੀਏ ਆਪਾਂ ਸਾਰੇ,
ਕਾਹਤੋਂ ਬੇਵੱਸ ਹੋਏ ਫਿਰਦੇ ਹਾਂ, ਕਰ ਵਿਸਾਹਘਾਤ ਖੁਦ ਹਾਰੇ।
ਆਓ ਸਭ ਕੜ੍ਹਵਾਟਾਂ ਭੁੱਲ ਕੇ, ਇੱਕ ਨਵਾਂ ਸੰਸਾਰ ਵਸਾਈਏ,
ਜਿੱਥੇ ਸਿਰਫ਼ ਪਿਆਰ ਹੀ ਹੋਵੇ, ਨਫ਼ਰਤਾਂ ਨੂੰ ਅੱਗ ਲਾਈਏ।

-ਸੇਵਾ ਸਿੰਘ "ਨੂਰਪੁਰੀ"



ਪੰਜਾਬ ਮੇਲ USA





# Gurjatinder S. Randhawa

REALTOR CA DRE licence # 01490567



Gurjatinder S. Randhawa
REALTOR CA DRE licence # 01490567

FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa

916-320-9444

web: www.RealtorRandhawa.com

garysingh123@yahoo.com